ਸਿਰਜਣਾ

ਜੁਲਾਈ-ਸਤੰਬਰ 2009 (ਅੰਕ 153)

July- September 2009

ਸੰਪਾਦਕ: ਰਘਬੀਰ ਸਿੰਘ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਇਜਾਜ਼ਤ
Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address: 1728, ਸੈਕਟਰ 43-ਬੀ, ਚੰਡੀਗੜ੍ਹ - 160022 1728, Sector 43-B, Chandigarh - 160022 India

ਤਾਰੀਕ –Date: 25-10-2014

ਸਿਰਜਣਾ



ਜੁਲਾਈ-ਸਤੰਬਰ 2009 153 25 ਰੁਪਏ

ਸਿਰਜਣਾ

153

ਜੁਲਾਈ-ਸਤੰਬਰ 2009

ਸੰਪਾਦਕ : **ਰਘਬੀਰ ਸਿੰਘ**
Editor : **Raghbir Singh**

*

ਪਤਾ

1728, ਸੈਕਟਰ 43-ਬੀ,
ਚੰਡੀਗੜ੍ਹ - 160 022
ਫੋਨ : +91-172-2601693

*

SIRJANA

1728, Sector 43-B,
Chandigarh-160 022
INDIA
Phone : +91-172-2601693
E-mail :
raghbirssirjana@yahoo.com
raghbirsingh_chd@dataone.in

*

SIRJANA is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966

ਇਸ ਅੰਕ ਵਿਚ

ਰਘਬੀਰ ਸਿੰਘ/ਸੰਪਾਦਕੀ/ਨਿਪਟ ਭੁਲਾਂਦਰਾ/1
ਸੁਰਿੰਦਰ ਗਿੱਲ/ਚਾਰ ਕਵਿਤਾਵਾਂ/4
ਸਤਪਾਲ ਭੀਖੀ/ਕਵਿਤਾ/ਪਤਨੀਆਂ/7
ਮਨਮੋਹਨ/ਦੋ ਕਵਿਤਾਵਾਂ/9
ਦਰਸ਼ਨ ਬੁਲੰਦਵੀ/ ਦੋ ਕਵਿਤਾਵਾਂ/ 11
ਤ੍ਰਿਲੋਚਨ ਲੋਚੀ/ਗ਼ਜ਼ਲ/13
ਗੁਰਭਜਨ ਗਿੱਲ/ਦੋ ਗ਼ਜ਼ਲਾਂ/13
ਉਮਿੰਦਰ ਜੌਹਲ/ਕਵਿਤਾ/ਬੇਵਸੀ/14
ਜਸਵੰਤ ਦੀਦ/ਕਵਿਤਾ/ਵਿਦਾਇਗੀ/15
ਹਰਪ੍ਰੀਤ ਸੇਖਾ/ਕਹਾਣੀ/ਕਵਿਤਾ ਦੇ ਆਰ ਪਾਰ/17
ਕੁਲਜੀਤ ਮਾਨ/ਕਹਾਣੀ/ਝੁਮਕੇ/24
ਤ੍ਰਿਪਤਾ ਕ. ਸਿੰਘ/ਕਹਾਣੀ/ਸੁਪਨੇ ਜਿਉਂ ਸੰਸਾਰ/45
ਬਲਜੀਤ ਬਾਸੀ/ਵਿਅੰਗ ਕਥਾ/ਫ਼ਲ ਫ਼ਰੂਟਾਂ ਦੇ ਜਾਏ/48
ਸਤਨਾਮ ਸਿੰਘ ਢਾਹ/ਸਾਧੂ ਬਿਨਿੰਗ ਨਾਲ ਇਕ ਮੁਲਾਕਾਤ/53
ਗੁਲਜ਼ਾਰ ਸਿੰਘ ਸੰਧੂ/ਰਿਵਿਊ/ਅਹਿਦ/62
ਜਸਬੀਰ/ਰਿਵਿਊ/ਸਿਫ਼ਰ/65
ਚੰਦਰ ਮੋਹਨ/ਰਿਵਿਊ/ਪੱਤ ਕੁਮਲਾ ਗਏ/68
ਦਵਿੰਦਰ ਸਿੰਘ ਬੋਹਾ/ਰਿਵਿਊ/ਤਮਾਸ਼ਾ/71
ਨਰਿੰਦਰ ਸਿੰਘ (ਡਾ.) / ਰਿਵਿਊ/ਗੁਆਚਿਆ ਮੁੰਡਾ/74
ਸੁਰਜੀਤ ਹਾਂਸ/ਰਿਵਿਊ/Toward An Open Tomb/75, Temptation Of The West / 79
ਜੁਗਿੰਦਰ ਸਿੰਘ ਨਿਰਾਲਾ, ਗੁਰਸੇਵਕ ਸਿੰਘ ਪ੍ਰੀਤ, ਕਮਲ, ਕਰਮਜੀਤ ਸਿੰਘ ਨਡਾਲਾ, ਐਚ. ਐੱਸ. ਡਿੰਪਲ/ਪੱਤਰ/85

ਟਾਈਟਲ ਚਿੱਤਰ : **ਦੇਵ** ਟਾਈਪ-ਸੈਟਿੰਗ ਅਤੇ ਡਿਜ਼ਾਈਨਿੰਗ: **ਰਾਜਪ੍ਰੀਤ ਸਿੰਘ**

ਚੰਦਾ-ਦਸ ਅੰਕ : ਦੇਸ : 250 ਰੁਪਏ, ਵਾਰਸ਼ਿਕ : 100 ਰੁਪਏ
ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 25 ਪੌਂਡ, 50 ਡਾਲਰ,ਵਾਰਸ਼ਿਕ:10 ਪੌਂਡ, 20 ਡਾਲਰ

ਨਿਪਟ ਭੁਲਾਂਦਰਾ

ਪਿਛਲੇ ਅੰਕ ਵਿਚ ਅਸਾਂ ਪੰਜਾਬੀ ਸਾਹਿਤ-ਜਗਤ ਵਿਚਲੇ ਕੁਝ ਨਕਾਰਾਤਮਕ ਰੁਝਾਨਾਂ ਬਾਰੇ ਚਿੰਤਾ ਪ੍ਰਗਟ ਕੀਤੀ ਸੀ। ਇਉਂ ਕਰਦਿਆਂ ਹੋਇਆਂ ਇੱਕੜ-ਦੁੱਕੜ ਲੇਖਕਾਂ ਤੇ ਲਿਖਤਾਂ ਦਾ ਹਵਾਲਾ ਵੀ ਦਿੱਤਾ ਗਿਆ ਸੀ। ਇਸ ਤਰ੍ਹਾਂ ਕਰਨ ਦਾ ਮੰਤਵ ਇਹ ਸੀ ਕਿ ਗੱਲ ਖਿਲਾਅ ਵਿਚ ਹੀ ਨਾ ਰਹਿ ਜਾਵੇ ਅਤੇ ਠੋਸ ਰੂਪ ਵਿਚ ਸਾਹਮਣੇ ਲਿਆਂਦੀ ਜਾ ਸਕੇ। ਅਕਸਰ ਜਦੋਂ ਇਸ ਤਰ੍ਹਾਂ ਦੀ ਚਰਚਾ ਹੁੰਦੀ ਹੈ ਤਾਂ ਮੂੰਹ-ਮੁਲਾਹਜ਼ੇ ਦੀ ਖਾਤਰ ਕਿਸੇ ਉੱਤੇ ਉਂਗਲ ਧਰਨ ਤੋਂ ਗੁਰੇਜ਼ ਕੀਤਾ ਜਾਂਦਾ ਹੈ ਅਤੇ ਗੱਲ ਨੂੰ ਗੋਲ ਮੋਲ ਕਰ ਦਿੱਤਾ ਜਾਂਦਾ ਹੈ। ਬਹੁਤ ਸਾਰੇ ਲੇਖਕਾਂ-ਪਾਠਕਾਂ ਨੇ ਸਾਡੀ ਚਿੰਤਾ ਦੇ ਵਿਸ਼ੈ ਨੂੰ ਠੀਕ ਪਰਿਪੇਖ ਵਿਚ ਸਮਝਿਆ ਹੈ ਅਤੇ ਛੋਹੇ ਗਏ ਮੁੱਦਿਆਂ ਦੀ ਗੰਭੀਰਤਾ ਨੂੰ ਪਛਾਣਿਆ ਹੈ। ਪਰ ਇਕ ਵੰਨਗੀ ਦਾ ਪ੍ਰਤੀਕਰਮ ਅਜਿਹਾ ਵੀ ਆਇਆ ਹੈ ਜਿਸ ਅਨੁਸਾਰ ਗੱਲ ਕੇਵਲ ਹਵਾਲੇ ਵਿਚ ਆਏ ਲੇਖਕਾਂ ਦੀਆਂ ਲਿਖਤਾਂ ਤਕ ਸੀਮਤ ਕਰ ਦਿੱਤੀ ਗਈ ਹੈ, ਜਿਵੇਂ ਸਾਡਾ ਮੰਤਵ ਮਹਿਜ਼ ਉਹਨਾਂ ਲੇਖਕਾਂ ਜਾਂ ਲਿਖਤਾਂ ਦੀ ਚਰਚਾ ਕਰਨਾ ਹੀ ਹੋਵੇ। ਇਸ ਤਰ੍ਹਾਂ ਦੀ ਪ੍ਰਤੀਕਿਰਿਆ ਦੇਣ ਵਾਲਿਆਂ ਵਿਚ 'ਸਿਰਜਣਾ' ਦੀ ਪਹੁੰਚ ਦਾ ਸਮਰਥਨ ਕਰਨ ਵਾਲੇ ਅਤੇ ਇਸ ਨਾਲ ਅਸਹਿਮਤੀ ਦਰਸਾਉਣ ਵਾਲੇ ਦੋਨੋਂ ਤਰ੍ਹਾਂ ਦੇ ਲੇਖਕ-ਪਾਠਕ ਸ਼ਾਮਲ ਹਨ।

ਸਾਡਾ ਉਦੇਸ਼ ਸਪਸ਼ਟ ਹੀ ਮਹਿਜ਼ ਕੁਝ ਲੇਖਕਾਂ ਜਾਂ ਲਿਖਤਾਂ ਬਾਰੇ ਚਰਚਾ ਕਰਨ ਦਾ ਨਹੀਂ ਸੀ। ਹਵਾਲੇ ਵਜੋਂ ਆਏ ਲੇਖਕਾਂ ਦੇ ਨਾਮ ਵੀ ਕੋਈ ਨਿਸਚਿਤ ਚੋਣ 'ਤੇ ..ਧਾਰਤ ਨਹੀਂ ਸਨ। ਮਸਲਨ ਸੁਖਜੀਤ ਜਾਂ ਬਲਦੇਵ ਸਿੰਘ ਵਰਗੇ ਲੇਖਕਾਂ ਨੇ ਬੜਾ ਕੁਝ ਚੰਗਾ ਲਿਖਿਆ ਹੈ, ਉਹਨਾਂ ਦੀਆਂ ਲਿਖਤਾਂ 'ਸਿਰਜਣਾ' ਨੇ ਸਮੇਂ ਸਮੇਂ ਉਤਸ਼ਾਹ ਨਾਲ ਆਪਣੇ ਅੰਕਾਂ ਵਿਚ ਸ਼ਾਮਲ ਕੀਤੀਆਂ ਹਨ। ਵੈਸੇ ਵੀ ਪੰਜਾਬੀ ਸਾਹਿਤ-ਜਗਤ ਵਿਚ ਉਹਨਾਂ ਦਾ ਸਮੁੱਚਾ ਬਿੰਬ ਸਮਰੱਥਾਵਾਨ ਗੰਭੀਰ ਲੇਖਕ ਹੋਣ ਦਾ ਹੈ। ਸੁਖਜੀਤ ਜੇ ਮੁਕਾਬਲਤਨ ਨਵੀਂ ਪੀੜ੍ਹੀ ਦੇ ਇਕ ਸਮਰੱਥ ਲੇਖਕ ਵਜੋਂ ਸਾਹਮਣੇ ਆਇਆ ਹੈ ਤਾਂ ਬਲਦੇਵ ਸਿੰਘ ਲੰਮੇਂ ਸਮੇਂ ਤੋਂ ਕਾਫੀ ਸਵਸਥ ਪਹੁੰਚ ਵਾਲੇ ਗਲਪਕਾਰ ਵਜੋਂ ਪੰਜਾਬੀ ਦੇ ਸਿਰਜਣਾਤਮਕ ਜਗਤ ਦਾ ਜਾਣਿਆ-ਪਛਾਣਿਆ ਨਾਂ ਹੈ। ਸਾਡਾ ਮਹਿਜ਼ ਏਨਾ ਹੀ ਕਹਿਣਾ ਸੀ ਕਿ ਇਹੋ ਜਿਹੇ ਸਮਰੱਥ ਲੇਖਕ ਵੀ ਸਨਸਨੀ ਪੈਦਾ ਕਰਨ ਖਾਤਰ ਜਾਂ ਇਕ ਖਾਸ ਸਮੂਹ ਵਿਚ ਲੋਕ ਪ੍ਰਿਯ ਹੋਣ ਖਾਤਰ ਆਪਣੇ ਸਿਰਜਣਾਤਮਕ ਧਰਮ ਤੋਂ ਲਾਂਭੇ ਜਾ ਰਹੇ ਹਨ, ਤਾਂ ਇਹ ਇਕ ਮਾੜਾ ਰੁਝਾਨ ਹੈ। ਇਸ ਤਰ੍ਹਾਂ ਦਾ ਕਰਮ ਸਮੁੱਚੀ ਸਾਹਿਤ - ਸਿਰਜਣਾ ਦੇ ਪ੍ਰਵਾਣਤ ਉਦੇਸ਼ਾਂ ਲਈ ਨਕਾਰਾਤਮਕ ਹੋਣ ਦੇ ਨਾਲ ਖੁਦ ਸੰਬੰਧਤ ਲੇਖਕਾਂ ਦੇ ਬਿੰਬ ਲਈ ਵੀ ਕੋਈ ਚੰਗਾ ਸੰਕੇਤ ਨਹੀਂ ਦਿੰਦਾ।

ਸਾਡੇ ਸਾਹਮਣੇ ਸਿਰਫ ਇਹੋ ਨਹੀਂ ਅਨੇਕਾਂ ਹੀ ਹੋਰ ਮਿਸਾਲਾਂ ਸਨ ਜਿੱਥੇ ਲੇਖਕ ਹੋਰਨਾਂ ਨੂੰ ਤਾਂ ਕੀ ਖੁਦ ਆਪਣੇ ਆਪ ਨੂੰ ਧੋਖਾ ਦੇ ਰਹੇ ਹਨ। ਇਸ ਤਰ੍ਹਾਂ ਦਾ ਧੋਖਾ ਨਿੱਕੇ ਵੱਡੇ ਇਨਾਮਾਂ ਲਈ ਹੱਥ ਪੈਰ ਮਾਰਨ, ਝੂਠੇ ਸੱਚੇ ਸਨਮਾਨ ਕਰਾਉਣ, ਜਾਅਲੀ ਢੰਗ ਨਾਲ ਆਪਣੀਆਂ ਜਾਂ ਦੋਸਤਾਂ-ਮਿੱਤਰਾਂ ਦੀਆਂ ਲਿਖਤਾਂ 'ਤੇ ਪ੍ਰਸ਼ੰਸਾਮਈ ਟਿੱਪਣੀਆਂ ਕਰਾਉਣ ਤੇ ਆਲੋਚਨਾਤਮਕ ਨਿਬੰਧ ਲਿਖਣ ਲਿਖਵਾਉਣ ਤੋਂ ਲੈ ਕੇ ਆਪਣੀਆਂ ਪੁਸਤਕਾਂ ਦੇ ਧੜਾ ਧੜ ਪਹਿਲੇ ਤੋਂ ਅਗਾਂਹ ਕਿੰਨੇ ਹੀ ਸੰਸਕਰਣ ਪ੍ਰਕਾਸ਼ਤ ਹੋਣ ਦੀ ਡੌਂਡੀ ਪਿੱਟਣ ਤਕ ਜਾਂਦਾ ਹੈ। ਅਵੱਸ਼ ਹੀ ਇਹ ਸਾਰਾ ਕੁਝ ਪੰਜਾਬੀ ਸਾਹਿਤ-ਜਗਤ ਦੀਆਂ ਵਰਤਮਾਨ ਲੋੜਾਂ ਨਾਲ ਮੇਲ ਨਹੀਂ ਖਾਂਦਾ।

ਇਹ ਮਹਿਜ਼ ਇਕ ਭੁਲਾਂਦਰਾ ਹੈ ਜਿਸ ਦਾ ਸਾਡੇ ਨਵੇਂ ਪੁਰਾਣੇ ਲੇਖਕ ਅਚੇਤ ਸੁਚੇਤ ਸ਼ਿਕਾਰ ਹੋ ਰਹੇ ਹਨ। ਬਲਦੇਵ ਸਿੰਘ ਵੱਲੋਂ ਵੇਸਵਾ ਬਿਰਤੀ ਬਾਰੇ, ਪੰਜਾਬੀ ਕਿਸਾਨੀ ਦੀ ਦੁਰਦਸ਼ਾ ਬਾਰੇ, ਭਾਈ ਜੈਤਾ ਬਾਰੇ ਜਾਂ ਸ਼ਹੀਦ ਭਗਤ ਸਿੰਘ ਬਾਰੇ ਗਲਪੀ ਰਚਨਾ ਕਰਨਾ ਆਪਣੇ ਆਪ ਵਿਚ ਕੋਈ ਮਾੜੀ ਗੱਲ ਨਹੀਂ ਸਗੋਂ ਚੰਗੀ ਗੱਲ ਹੈ। ਉਸ ਵੱਲੋਂ ਛੋਹੇ ਇਹ ਸਾਰੇ ਹੀ ਵਿਸ਼ੈ ਮਹੱਤਵਪੂਰਨ ਹਨ। ਪ੍ਰਸ਼ਨ ਸਿਰਫ ਇਹ ਹੈ ਕਿ ਕੀ ਲੇਖਕ ਇਸ ਸਭ ਕੁਝ ਬਾਰੇ ਆਪਣੇ ਅਨੁਭਵ ਦੀ ਸ਼ਿੱਦਤ ਵਿਚੋਂ ਲਿਖ ਰਿਹਾ ਹੈ ਜਾਂ ਇਹਨਾਂ ਰਚਨਾਵਾਂ ਪਿੱਛੇ ਕਿਸੇ ਵਿਸ਼ੇਸ਼ ਵਰਗ ਸਮੂਹ ਤਕ ਪਹੁੰਚਣ ਦੀ ਪਾਪੂਲਰ ਜਾਂ ਬਾਜ਼ਾਰੀ ਲੋੜ ਕਾਰਜਸ਼ੀਲ ਹੈ। ਇਸ ਵਰ੍ਹੇ ਦੇ ਸਾਹਿਤ ਅਕਾਦਮੀ ਪੁਰਸਕਾਰ ਬਾਰੇ ਤਾਂ ਅਸੀਂ ਕੁਝ ਨਹੀਂ ਕਹਿਣਾ ਚਾਹਾਂਗੇ ਪਰ ਮਿੱਤਰ ਸੈਨ ਮੀਤ ਦੇ ਸਰਕਲ ਵੱਲੋਂ ਇਹ ਪਰਚਾਰਿਆ ਜਾਣਾ ਕਿ ਉਸਦੀਆਂ ਲਿਖਤਾਂ ਦੇ ਕਿੰਨੇ ਹੀ ਐਡੀਸ਼ਨ ਛਪੇ ਹਨ ਅਤੇ ਦੇਸ਼ ਦੀ ਪੁਲਸ ਵਿਵਸਥਾ ਤੇ ਨਿਆਂ ਪ੍ਰਣਾਲੀ ਨਾਲ ਸੰਬੰਧਤ ਅਧਿਕਾਰੀਆਂ ਤੇ ਵਕੀਲਾਂ ਲਈ ਉਸ ਦੀਆਂ ਰਚਨਾਵਾਂ ਇਕ ਤਰ੍ਹਾਂ ਦਾ ਲਾਜ਼ਮੀ ਪੜ੍ਹਨਯੋਗ ਮੈਨੂਅਲ ਬਣ ਗਈਆਂ ਹਨ, ਕੋਈ ਸਲਾਹੁਣਯੋਗ ਗੱਲ ਨਹੀਂ। ਇਸ ਤਰ੍ਹਾਂ ਕਰਨ ਨਾਲ ਲਿਖਤਾਂ ਦੀ ਸਾਹਿਤਕ ਉਤਮਤਾ ਤਾਂ ਪ੍ਰਮਾਣਤ ਨਹੀਂ ਹੁੰਦੀ। ਇਸ ਸਭ ਕੁਝ ਦਾ ਵਖਾਨ ਤਾਂ ਸਗੋਂ ਲਿਖਤਾਂ ਦੀ ਸਾਹਿਤਕਤਾ ਤੋਂ ਦੁਰਾਡੇ ਦੀ ਕੋਈ ਗੱਲ ਬਣ ਜਾਂਦਾ ਹੈ ਅਤੇ ਇਉਂ ਲੇਖਕ ਆਪਣੇ ਬਾਰੇ ਇਕ ਭਰਮ ਪਾਲਦਾ ਹੈ।

ਸਾਡੀ ਚਿੰਤਾ ਦਾ ਵਿਸ਼ਾ ਇਹ ਨਹੀਂ ਕਿ ਕਿਹੜੇ ਲੇਖਕ ਦੀ ਵੱਧ ਚਰਚਾ ਹੋ ਰਹੀ ਹੈ ਅਤੇ ਕਿਹੜਾ ਗੁੰਮਨਾਮੀ ਦੀ ਅਵਸਥਾ ਵਿਚੋਂ ਲੰਘ ਰਿਹਾ ਹੈ। ਚਿੰਤਾ ਅਸਲ ਵਿਚ ਇਹ ਹੈ ਕਿ ਜੇ ਇਹ ਸਾਰਾ ਕੁਝ ਸਹਿਜ ਰੂਪ ਵਿਚ ਨਹੀਂ ਹੋ ਰਿਹਾ ਅਥਵਾ ਕਿਸੇ ਤਰ੍ਹਾਂ ਦੇ ਜਾਅਲੀ ਯਤਨਾਂ ਦਾ ਸਿੱਟਾ ਹੈ ਤਾਂ ਇਹ ਚਰਚਤ ਅਤੇ ਗ਼ੈਰ ਚਰਚਤ ਦੋਹਾਂ ਤਰ੍ਹਾਂ ਦੇ ਲੇਖਕਾਂ ਤੋਂ ਅਗਾਂਹ ਸਮੁੱਚੇ ਪੰਜਾਬੀ ਸਾਹਿਤ-ਜਗਤ ਲਈ ਇਕ ਮਾੜਾ ਵਰਤਾਰਾ ਹੈ। ਅਸੀਂ ਮੰਨਦੇ ਹਾਂ ਕਿ ਇੱਕਾ-ਦੁੱਕਾ ਅਪਵਾਦ ਨੂੰ ਛੱਡਕੇ, ਆਮ ਰੂਪ ਵਿਚ ਹਰ ਲੇਖਕ ਤੇ ਲਿਖਤ ਦਾ ਸਮੇਂ ਨਾਲ ਵਾਜਬ ਮੁੱਲਾਂਕਣ ਹੋ ਜਾਂਦਾ ਹੈ ਅਤੇ ਉਸਨੂੰ ਬਣਦਾ ਸਥਾਨ ਮਿਲ ਜਾਂਦਾ ਹੈ। ਤਦ ਵੀ, ਭਾਵੇਂ ਅਸਥਾਈ ਤੌਰ 'ਤੇ ਹੀ, ਸਵੈ ਪ੍ਰਚਾਰ ਅਤੇ ਸਵੈ ਪ੍ਰੋਮੋਸ਼ਨ ਦੀਆਂ ਭੁਲਾਂਦਰੇਮਈ ਕੋਸ਼ਿਸ਼ਾਂ ਸਾਹਿਤ-ਜਗਤ ਦੇ ਸਮੁੱਚੇ ਪਰਿਵੇਸ਼ ਨੂੰ ਗੰਧਲਾ ਕਰਦੀਆਂ ਹਨ।

ਇਹ ਸ਼ਾਇਦ ਸਵੈ-ਉਭਾਰ ਤੇ ਸਵੈ-ਪ੍ਰਦਰਸ਼ਣ ਦੀ ਦੌੜ ਵਿਚ ਕਿਸੇ ਵੀ ਤਰ੍ਹਾਂ ਅੱਗੇ ਨਿਕਲਣ ਦੀ ਪੂੰਜੀਵਾਦੀ ਸੋਚ ਪ੍ਰਣਾਲੀ ਦਾ ਹੀ ਸਿੱਟਾ ਹੈ ਕਿ ਸਾਡੇ ਕੁਝ ਲੇਖਕ ਤੇ ਆਲੋਚਕ, ਖਾਸਕਰ ਕੁਝ ਮੂਲੋਂ ਹੀ ਨਵਸਿਖੀਏ, ਸਮਕਾਲੀ ਸਾਹਿਤ-ਜਗਤ ਵਿਚ ਇਸੇ ਤਰ੍ਹਾਂ ਦਾ ਵਿਹਾਰ ਕਰ ਰਹੇ ਹਨ। ਉਹ ਨਵੇਂ ਹਾਲਾਤ, ਨਵੇਂ ਰੁਝਾਨਾਂ ਤੇ ਨਵੀਂ ਸੋਚ ਦੇ ਨਾਂਅ ਉੱਤੇ ਅਤੇ ਆਪਣੀ ਸਮਰੱਥਾ ਦੀ ਭੁਲਾਂਦਰੇਮਈ ਸਮਝ ਅਧੀਨ ਸਾਰਾ ਅਸਮਾਨ ਖੁਦ ਸਾਂਭੀ ਰੱਖਣ ਦਾ ਭਰਮ ਪਾਲਦੇ ਹਨ। ਜੇ ਕਿਸੇ ਨੂੰ ਦਲਿਤ ਚੇਤਨਾ ਦਾ ਪ੍ਰਮਾਣਕ ਹਸਤਾਖਰ ਹੋਣ ਦਾ ਵਹਿਮ ਹੈ ਤਾਂ ਕੋਈ ਹੋਰ ਜੱਗ-ਜਹਾਨ ਦੇ ਨਵੇਂ ਸਮਾਚਾਰਾਂ ਤੇ ਸਾਹਿਤਕ ਰੁਝਾਨਾਂ ਨਾਲ ਪਰਿਚਤ ਹੋਣ ਦਾ ਇਕੱਲਾ-ਕਾਰਾ ਦਾਅਵੇਦਾਰ ਮੰਨੇ ਜਾਣ ਦਾ ਭਰਮ ਪਾਲਦਾ ਹੈ। ਇਸ ਜੁਮਰੇ ਵਿਚ ਕਈ ਨਵੇਂ ਲੇਖਕਾਂ ਦੀਆਂ ਮੂਲੋਂ ਹੀ ਕਚਘਰੜ ਲਿਖਤਾਂ ਆਉਂਦੀਆਂ ਹਨ, ਜਿੰਨ੍ਹਾਂ ਵਿਚ ਸਨਸਨੀ ਦਾ ਅੰਸ਼ ਅਵੱਸ਼ ਮੌਜੂਦ ਹੁੰਦਾ ਹੈ। ਜੇ ਏਥੇ ਠੋਸ ਮਿਸਾਲਾਂ ਦੇਣ ਦੇ ਸਾਡੇ ਸ਼ੁਰੂ ਦੇ ਕਥਨ ਦੇ ਉਲਟ ਵਿਅਕਤੀਆਂ ਜਾਂ ਲਿਖਤਾਂ ਦੇ ਨਾਮ ਨਹੀਂ ਗਿਣਾਏ ਜਾ ਰਹੇ ਤਾਂ ਇਸ ਕਾਰਨ ਕਿ ਅਸੀਂ ਉਹਨਾਂ ਨੂੰ ਸਾਹਿਤ-ਸਿਰਜਣਾ ਬਾਰੇ ਗੰਭੀਰ ਚਰਚਾ ਦੇ ਘੇਰੇ ਵਿਚ ਸ਼ਾਮਲ ਨਹੀਂ ਕਰਨਾ ਚਾਹੁੰਦੇ, ਜਿਸਦੇ ਉਹ ਹੱਕਦਾਰ ਨਹੀਂ।

ਜ਼ਿੰਮੇਵਾਰ ਸਾਹਿਤ-ਆਲੋਚਨਾ ਦਾ ਕਾਰਜ ਤਾਂ ਜਿਵੇਂ ਉੱਕਾ ਹੀ ਗ਼ਾਇਬ ਹੈ। ਅੱਜ

ਕੱਲ ਬਹੁਤ ਹਾਲਤਾਂ ਵਿਚ ਸਾਹਿਤਕ ਆਲੋਚਨਾ ਦੇ ਨਾਂ 'ਤੇ ਜੋ ਕੁਝ ਪਰੋਸਿਆ ਜਾ ਰਿਹਾ ਹੈ, ਉਸ ਵਿਚ ਜਾਂ ਤਾਂ ਯੂਨੀਵਰਸਿਟੀ ਦੀ ਅਕਾਦਮਿਕ ਪੜ੍ਹਾਈ ਨਾਲ ਸੰਬੰਧਤ ਵਿਦਿਆਰਥੀਆਂ ਤੇ ਅਧਿਆਪਕਾਂ ਦੀਆਂ ਬੇਸਿਰ-ਪੈਰ ਲਿਖਤਾਂ ਹਨ ਜਿੰਨ੍ਹਾਂ ਦੀ ਖੁਦ ਉਹਨਾਂ ਨੂੰ ਕੋਈ ਸੋਝੀ ਨਹੀਂ, ਅਤੇ ਜਾਂ ਫਿਰ ਵਿਹਾਰਕ ਆਲੋਚਨਾ ਦੇ ਨਾਂ ਉੱਤੇ ਸਾਈ ਉੱਤੇ ਕੀਤਾ ਕੰਮ ਹੈ। ਵਿਦਵਾਨ ਆਲੋਚਕਾਂ ਨੇ ਪੜ੍ਹਨ- ਪੜ੍ਹਾਉਣ ਦਾ ਕੰਮ ਤਾਂ ਜਾਣੋਂ ਚਿਰੋਕਣਾ ਛੱਡਿਆ ਹੀ ਹੋਇਆ ਹੈ। ਉਹ ਤੁਰਤ ਫੁਰਤ ਦੀ ਸਪਲਾਈ ਵਾਂਗ ਕਿਸੇ ਵੀ ਲਿਖਤ ਜਾਂ ਲੇਖਕ ਦੇ ਪ੍ਰਸੰਗ ਵਿਚ ਅਕਸਰ ਮਿੱਟੀ ਨੂੰ ਸੋਨਾ ਅਤੇ ਰਾਤ ਨੂੰ ਦਿਨ ਬਣਾਕੇ ਪੇਸ਼ ਕਰਦੇ ਹਨ। ਸਾਡੇ ਮਹਾਂਰਥੀ ਸੁਤਿੰਦਰ ਸਿੰਘ ਨੂਰ ਤੋਂ ਲੈ ਕੇ ਟੀ. ਆਰ. ਵਿਨੋਦ ਅਤੇ ਜੁਗਿੰਦਰ ਸਿੰਘ ਰਾਹੀ ਤਕ ਦਾ, ਇਕ ਜਾਂ ਦੂਜੇ ਪੱਖ ਤੋਂ, ਇਹੀ ਹਾਲ ਹੈ। ਇਸ ਤਰ੍ਹਾਂ ਦੇ ਕਈ ਹੋਰ ਮੁੱਦੇ ਹਨ ਜੋ ਪੰਜਾਬੀ ਸਾਹਿਤ ਜਗਤ ਲਈ ਚਿੰਤਾ ਦਾ ਵਿਸ਼ਾ ਹਨ ਅਤੇ ਸਮਾਧਾਨ ਲਈ ਗੰਭੀਰ ਚਰਚਾ ਦੀ ਮੰਗ ਕਰਦੇ ਹਨ।

ਸਾਡੇ ਵੱਲੋਂ ਪ੍ਰਗਟਾਈ ਚਿੰਤਾ ਸੈਕਸ ਉੱਤੇ ਬੇਲੋੜਾ ਬਲ ਦੇਣ ਅਤੇ ਅਵੈਧ ਲਿੰਗਕ ਸੰਬੰਧਾਂ ਦੀ ਪੇਸ਼ਕਾਰੀ ਦੇ ਮਸਲੇ ਤਕ ਹੀ ਸੀਮਤ ਨਹੀਂ। ਅਜਿਹੀ ਚਿੰਤਾ ਪ੍ਰਗਟ ਕਰਦਿਆਂ ਹੋਇਆਂ ਸਿਰਜਣਾਤਮਕ ਲੇਖਕ ਉੱਤੇ ਕਿਸੇ ਤਰ੍ਹਾਂ ਦੀ 'ਮੌਰਲ ਪੁਲੀਸਿੰਗ' ਕਰਨਾ ਅਥਵਾ ਕੋਈ ਕਠੋਰ ਆਚਰਣਕ ਮਰਯਾਦਾ ਠੋਸਣਾ ਤਾਂ ਸਾਡੀ ਸੋਚ ਦੇ ਮੂਲੋਂ ਹੀ ਵਿਰੁੱਧ ਹੈ। ਸਰੀਰਕ ਸੰਬੰਧਾਂ ਸਮੇਤ ਮਨੁੱਖੀ ਰਿਸ਼ਤਿਆਂ ਦੀਆਂ ਅਨੇਕਾਂ ਪਰਤਾਂ ਹਨ ਜਿੰਨ੍ਹਾਂ ਨੂੰ ਕਲਾਤਮਕ ਪ੍ਰਗਟਾਅ ਦੇਣਾ ਸਾਹਿਤ-ਸਿਰਜਣਾ ਦਾ ਇਕ ਸਦੀਵੀ ਕਾਰਜ ਰਿਹਾ ਹੈ। ਸਮਾਜ-ਸਭਿਆਚਾਰ ਵਿਚ ਆਉਂਦੀਆਂ ਤਬਦੀਲੀਆਂ ਦੇ ਅਨੁਸਾਰ ਇਸ ਪ੍ਰਗਟਾਅ ਦੀਆਂ ਅਗਾਂਹ ਤੋਂ ਅਗਾਂਹ ਅਨੇਕਾਂ ਸੰਭਾਵਨਾਵਾਂ ਹਨ। ਇਸੇ ਪ੍ਰਸੰਗ ਵਿਚ ਅਸੀਂ ਸਗੋਂ ਸਮਲਿੰਗਕਤਾ ਵਰਗੇ ਨਾਜ਼ੁਕ ਵਿਸ਼ੈ ਦੀ ਗੱਲ ਕੀਤੀ ਸੀ ਜੋ ਔਰਤ ਮਰਦ ਦੇ ਸਮਾਜਕ ਅਤੇ ਪ੍ਰਕਿਰਤਕ ਪ੍ਰਾਣੀ ਹੋਣ ਦੇ ਵਡੇਰੇ ਪ੍ਰਸੰਗ ਨਾਲ ਜੁੜਿਆ ਹੋਇਆ ਅਹਿਮ ਮੁੱਦਾ ਹੈ। ਕੁਝ ਵਿਅਕਤੀਆਂ ਦੀ ਹੋਂਦ ਹੀ ਪ੍ਰਕਿਰਤਕ ਰੂਪ ਵਿਚ ਆਮ ਨਾਲੋਂ ਵੱਖਰੀ ਹੋਣ ਕਾਰਨ ਪ੍ਰਾਪਤ ਸਮਾਜਕ ਪਰਿਵੇਸ਼ ਵਿਚ ਉਹ ਕਿੰਨੇ ਸੰਤਾਪ ਤੇ ਤਸ਼ੱਦਦ ਦੇ ਭਾਗੀ ਬਣਦੇ ਹਨ, ਇਹ ਮੁੱਦਾ ਹੁਣ ਵਿਆਪਕ ਰੂਪ ਵਿਚ ਮਨੁੱਖੀ ਅਧਿਕਾਰਾਂ ਦਾ ਮੁੱਦਾ ਬਣ ਗਿਆ ਹੈ। ਸੁਕੀਰਤ ਨੇ ਇਸ ਵਿਸ਼ੈ ਨੂੰ ਆਪਣੀਆਂ ਕੁਝ ਕਹਾਣੀਆਂ ਵਿਚ ਬਹੁਤ ਹੀ ਕਲਾਤਮਕਤਾ ਨਾਲ ਲੋੜੀਂਦੀ ਸੰਵੇਦਨਸ਼ੀਲਤਾ ਸਹਿਤ ਜੇ ਛੋਹਿਆ ਹੈ ਤਾਂ ਅਸੀਂ ਇਸਦਾ ਸਵਾਗਤ ਕੀਤਾ ਹੈ ਤੇ ਪ੍ਰਸ਼ੰਸਾ ਵੀ ਕੀਤੀ ਹੈ। ਔਰਤ ਮਰਦ ਦੇ ਸਥਾਪਤ ਵਿਆਹ-ਸੰਸਥਾ ਤੋਂ ਬਾਹਰ ਦੇ ਸੰਬੰਧਾਂ ਦੀ ਕਲਾਤਮਕ ਪੇਸ਼ਕਾਰੀ ਵੀ ਸਾਡੇ ਲਈ ਕੋਈ ਟੈਬੂ ਨਹੀਂ। ਇਸੇ ਪਹੁੰਚ ਸਦਕਾ ਹੀ ਅਸੀ ਬਲਵਿੰਦਰ ਗਰੇਵਾਲ ਦੀ ਕਹਾਣੀ 'ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ' ਨੂੰ ਸ਼ਾਹਕਾਰ ਕਹਾਣੀ ਮੰਨਿਆ ਸੀ, ਜਿਸ ਵਿਚ ਕੈਨੇਡਾ ਪਰਵਾਸ ਦੀਆਂ ਵਿਸ਼ੇਸ਼ ਪਰਿਸਥਿਤੀਆਂ ਵਿਚ ਹਮ-ਉਮਰ ਮਾਮਾ ਭਾਣਜੀ ਵਿਖਾਵੇ ਦੇ ਰਿਸ਼ਤੇ ਤੋਂ ਮੁਕਤ ਤੋਂ ਹੋ ਕੇ ਸੱਚਮੁੱਚ ਇਕ ਹੁੰਦੇ ਹਨ।

ਸਾਡੀ ਚਿੰਤਾ ਤਾਂ ਉਥੇ ਹੈ ਜਿੱਥੇ ਮਹਿਜ਼ ਸਨਸਨੀ ਪੈਦਾ ਕਰਨ ਲਈ ਲਿੰਗਕ ਸੰਬੰਧਾਂ ਦੇ ਅਸਲੋਂ ਹੀ ਅਸਮਾਜਕ ਜਾਂ ਅਣਪ੍ਰਕਿਰਤਕ ਵਰਤਾਰੇ ਨੂੰ ਉਭਾਰਿਆ ਜਾਂਦਾ ਹੈ। ਸੁਖਜੀਤ ਦੀਆਂ 'ਬਰਫ' ਜਾਂ 'ਮੈਂ ਰੇਪ ਨੂੰ ਇਨਜੁਆਏ ਕਰਦੀ ਹਾਂ' ਵਰਗੀਆਂ ਕਹਾਣੀਆਂ ਇਸੇ ਜੁਮਰੇ ਵਿਚ ਆਉਂਦੀਆਂ ਹਨ। ਇਹਨਾਂ ਵਿਚੋਂ ਕੋਈ ਹੋਰ ਡੂੰਘੇ ਕਲਾਤਮਕ ਅਰਥ ਕੱਢੇ ਜਾਣ ਦੀ ਗੁੰਜਾਇਸ਼ ਨਹੀਂ ਅਤੇ ਜੇ ਕੋਈ ਅਜਿਹਾ ਕਰਦਾ ਹੈ ਤਾਂ ਉਸਦਾ ਅਮਲ ਫੋਕੀ ਬੌਧਿਕਤਾ ਦੇ ਵਿਖਾਵੇ ਤੋਂ ਬਿਨਾਂ ਲੇਖਕ ਨਾਲ ਤੇ ਖੁਦ ਆਪਣੇ ਆਪ ਨਾਲ ਬੇਈਮਾਨੀ ਵਾਲਾ ਹੀ ਸਮਝਿਆ ਜਾਵੇਗਾ। -ਰਘਬੀਰ ਸਿੰਘ

ਚਾਰ ਕਵਿਤਾਵਾਂ/ ਸੁਰਿੰਦਰ ਗਿੱਲ

ਮੱਥੇ ਦਾ ਦੀਵਾ

ਇਹ ਕੇਹੀ ਜ਼ਿੰਦਗੀ ਯਾਰੋ!
ਉਮਰ ਦਾ ਇਹ ਕਿਹੋ ਜੇਹਾ ਪੜਾਅ ਹੈ।
ਸੁਲਘਦੀ ਭੀੜ ਹੈ ਪਰ ਮਨ ਇਕੱਲਾ ਹੈ
ਰੋਹੀ ਦਾ ਰੁੱਖ ਨੰਗੇ ਧੜ ਖੜ੍ਹਾ ਹੈ।

ਪਿੰਡ ਦੇ ਮੇਲੇ ਕਦੋਂ ਦੇ ਵਿੱਛੜੇ
ਘਰਾਂ ਤੇ ਸੱਥਾਂ ਦੀ ਰੌਣਕ ਲੋਕ ਕਿੱਧਰ ਤੁਰ ਗਏ?
ਉਹ ਪਿਆਰੇ ਲੋਕ ਕਿੱਥੇ ਗੁੰਮ ਗਏ
ਘਰਾਂ ਦੇ ਵਿਹੜੇ ਤੇ ਪਿੰਡ ਦੀ ਸੱਥ ਸਭ ਸੁੰਨੇ ਪਏ।

ਸ਼ਹਿਰ ਦੀ ਇਹ ਚਮਕ ਦਮਕ
ਰੌਲਾ ਰੱਪਾ - ਭੀੜ ਆਵੇ ਖਾਣ ਨੂੰ।
ਭੀੜ ਵਿਚ ਆਪ ਗਵਾਚਾ
ਨਕਸ਼, ਚਿਹਰੇ ਰੁਲ ਗਏ
ਕੋਈ ਮਹਿਰਮ, ਮਨ ਦਾ ਹਾਣੀ ਕਿੱਥੋਂ ਲੱਭੀਏ, ਭੁੱਲ ਗਏ।

ਕਿਸੇ ਨੂੰ ਕੀ ਸਿਆਨਣਾ
ਜਾਪਦਾ ਸ਼ੀਸ਼ੇ 'ਚ ਤੱਕਿਆਂ
ਓਪਰਾ, ਅਨਜਾਣ, ਚਿਹਰਾ ਆਪਣਾ।

ਭੁੱਲ ਗਏ ਹਾਂ ਆਪਾਂ ਆਪਣੇ ਆਪ ਨੂੰ
ਆਪਾ ਗੁੰਮਿਆਂ ਆਪਣੀ ਪਹਿਚਾਣ ਗੁਆਚੀ
ਬੱਸ ਨਿਰੇ ਨਾਂ ਰਹਿ ਗਏ।
ਥੱਕ ਟੁੱਟ ਕੇ, ਅੱਕ ਕੇ
ਆਪੋ ਆਪਣੇ ਘੁਰਨਿਆਂ ਵਿਚ ਬਹਿ ਗਏ।

ਘੁਰਨਿਆਂ ਵਿਚ ਵੜ ਗਏ ਟੱਬਰ ਸਣੇ
ਚੰਗੇ ਭਲੇ ਮਨੁੱਖ ਤੋਂ ਘੋਗੇ ਬਣੇ।

ਸਮੇਂ ਦਾ ਇਕ ਅਤਿ ਕੌੜਾ ਸੱਚ ਹੈ
ਉਹੀ ਜਿਉਂਦਾ ਜਿਸਦੇ ਅੰਦਰ ਸੇਕ ਹੈ, ਮਨ ਮੱਚ ਹੈ।

ਬਹਿ ਗਿਆ, ਸੋ ਰਹਿ ਗਿਆ
ਮੱਚ ਮਰ ਗਿਆ, ਬੱਸ ਉਹ ਗਿਆ
ਚੁੱਪ ਕਰ ਗਿਆ, ਉਹ ਮਰ ਗਿਆ
ਘੋਰ ਉਦਾਸੀ, ਹਿਰਸ ਪਿਆਸੀ
ਦੀ ਉਹ ਘੋੜੀ ਚੜ੍ਹ ਗਿਆ।

'ਕੱਲੇ 'ਕੱਲੇ ਇਸ ਕਦਰ ਨਾ ਹਾਰੀਏ
ਆਓ ਕੁਝ ਕਰੀਏ, ਇਰਾਦਾ ਧਾਰੀਏ
ਮਨ ਦੀ ਤੀਲੀ ਸੀਖੀਏ, ਮੱਥੇ ਦਾ ਦੀਵਾ ਬਾਲੀਏ

ਜ਼ਿੰਦਗੀ ਵੱਲ ਜਾਂਦੇ ਸ਼ਾਹਰਾਹ 'ਤੇ
ਔਝੜ ਪੈਂਡੇ, ਦਗ਼ਦੇ ਅੰਗਿਆਰਾਂ 'ਤੇ ਤੁਰੀਏ
ਚਾਵਾਂ ਭਾਵਾਂ ਦੇ ਰੰਗ ਰੱਤੇ
ਸੁਗਮ ਸਰੋਦ ਵਜਦ ਵਿਚ ਆਈਏ
ਗੀਤਾਂ ਦੀ ਸੰਦਲੀ ਸਰਦਲ 'ਤੇ ਸੀਸ ਝੁਕਾਈਏ

ਆਓ ਗੀਤਾਂ ਦੇ ਲੜ ਲੱਗੀਏ
ਅੰਤਰ ਭਾਵਾਂ ਇੱਛਾਵਾਂ ਨੂੰ ਬੋਲ ਬਖ਼ਸ਼ੀਏ
ਮਨ ਅੰਤਰ ਦੀ ਪੀੜਾ ਗਾਈਏ
ਕਿਬਰ ਕ੍ਰੋਧ ਅਹਮ ਦੇ ਮੈਲੇ ਪਹਿਰਣ ਲਾਹੀਏ
ਮੋਹ ਦੇ ਰੰਗ 'ਚ ਰੰਗਿਆ ਸੂਹਾ ਬਾਣਾ ਪਾਈਏ
ਸੱਜਣਾਂ ਦੀ ਟੋਲੀ ਵਿਚ ਬਹਿ ਕੇ ਇਸ਼ਕ ਗਲਾਸੀ ਲਾਈਏ
ਇਕ ਦੂਜੇ ਨੂੰ ਕੰਘੜੀ ਪਾਈਏ
ਰੰਗ 'ਚ ਆਈਏ
ਗੀਤ ਗੀਤ ਹੋ ਜਾਈਏ
ਆਓ ਗਾਈਏ

ਪਿੰਡ

ਪਿੰਡ ਵਸਦਾ ਹੈ
ਪਿੰਡ ਅਜੇ ਵੀ ਵਸਦਾ।
ਕੰਮਾਂ ਧੰਦਿਆਂ ਵਿਚ ਗਵਾਚਾ
ਖਾਂਦਾ ਪੀਂਦਾ ਪਿੰਡ
ਅਜੇ ਵੀ ਵਸਦਾ।

ਪਰ ਪਿੰਡ ਦੀ ਉਹ ਧੜਕਣ ਕਿੱਥੇ
ਉਹ ਆਭਾ ਉਹ ਰੌਣਕ ਕਿੱਥੇ
ਮੇਰਾ ਪਿੰਡ ਤਾਂ ਉਜੜ ਗਿਆ ਹੈ
ਵਰ੍ਹਿਆਂ ਤੋਂ ਵੀਰਾਨ ਜਿਹਾ ਹੈ
ਸੁੰਨ ਮਸਾਣ ਚੁੱਪ ਵਰਤੀ ਹੈ
ਰੋਹੀ ਬੀਆਬਾਨ ਜਿਹਾ ਹੈ।

ਸਾਂਝੀ ਵੀਹੀ,ਸੱਥ ਸੁਹਾਵੀ ਬੀਤੇ ਯੁਗ ਦੀਆਂ ਗੱਲਾਂ
ਬੁਝੇ ਬੁਝੇ ਉਦਾਸ ਚਿਹਰਿਆਂ ਉੱਤੇ
ਨਾ ਆਭਾ ਨਾ ਮੋਹ ਦੀਆਂ ਛੱਲਾਂ।

ਚੁੱਪ ਉਦਾਸ ਬੰਦ ਦਰਵਾਜ਼ੇ
ਵੀਹੀ ਵੱਲ ਪਿੱਠ ਕਰੀ ਖੜ੍ਹੇ ਨੇ
ਕੌਣ ਉਡੀਕਣ ਵਾਲਾ ਹੈ ਹੁਣ
ਥਿੰਦੇ ਬੂਹੇ ਦੀ ਸਰਦਲ 'ਤੇ ?

ਚੁੱਪ ਚਾਪ ਲੰਘਦਾ ਜੇ ਕੋਈ

ਭੋਰਾ ਭਰ ਪਹਿਚਾਣ ਬਣਾਵੇ
ਗਹਿਰ ਗੰਭੀਰ ਕੋਈ ਫੋਕੀ ਮੁਸਕਾਣ ਦਿਖਾਵੇ
ਬਿਨ ਬੋਲੇ ਅੱਗੇ ਤੁਰ ਜਾਵੇ।
ਸ਼ਹਿਰ ਤਾਂ ਰੁੱਖਾ ਸੀ,ਭੁੱਖਾ ਸੀ
ਤੇ ਜਿੰਦ ਹੀਣ ਜਿਹਾ ਸੀ
ਹੁਣ ਪਿੰਡ ਵੀ ਨਿਰਮੋਹਾ ਹੋਇਆ।

ਕਿਸੇ ਦਾ ਹਾਲ ਪੁੱਛਣ ਦੀ
ਕਿਸੇ ਦਾ ਦੁੱਖ ਜਾਨਣ ਦੀ
ਕਿਸੇ ਨੂੰ ਵਿਹਲ ਕਿੱਥੇ
ਤੇ ਹਮਦਰਦੀ ਦੇ ਮਹਿੰਗੇ ਬੋਲ
ਦੱਸੋ! ਕੋਈ ਕਿੱਥੋਂ ਲੱਭ ਕੇ ਲਿਆਵੇ?

ਬਹਾਰ ਆਈ ਤਾਂ ਉਹ ਨਹੀਂ ਹੈ

ਉਹ ਤਾਂ ਨੰਗੇ ਪੈਰੀਂ ਵਾਹਣਾਂ ਵਿਚ ਸੀ ਤੁਰਦਾ ਰਿਹਾ
ਬੰਜਰਾਂ 'ਚੋਂ ਲੰਘਦਾ ਬਾਗਾਂ ਦੇ ਸੁਪਨੇ ਸਿਰਜਦਾ।

ਔਕੜਾਂ ਵੰਗਾਰੀਆਂ,ਅਣਹੋਣੀਆਂ 'ਤੇ ਹੱਸਿਆ
ਮੇਰੇ ਨਿੱਕੇ ਪੈਰਾਂ ਨੂੰ ਰੋਹੀਆਂ 'ਚ ਤੁਰਨਾ ਦੱਸਿਆ।

ਉਹ ਵਗਦਾ ਦਰਿਆ ਜਿਦੇ ਕੰਢੇ
ਮੇਰੇ ਭਵਿੱਖ ਦੀ ਚਿੰਤਾ 'ਚ ਪਲ ਪਲ ਖੁਰ ਰਹੇ ਸੀ
ਮਿਹਰ ਦਾ,ਪਿਆਰ ਦਾ,ਜੀਵਨ ਦਾ ਸੋਮਾ
ਜਿਹਦੇ ਹਿਰਦੇ 'ਚ ਕੋਈ ਲਗਨ ਸੀ
ਪੈਰੀਂ ਕੋਈ ਸ਼ਕਤੀ ਅਥਾਹ
ਨਾ ਵਿਦਾ ਆਖੀ ਤੇ ਨਾ ਕੁਝ ਦੱਸਿਆ
ਇਕ ਦਿਨ ਚੁੱਪ-ਚਾਪ ਕਿਧਰੇ ਤੁਰ ਗਿਆ
ਬੱਸ ਤੁਰ ਗਿਆ।

ਹੁਣ ਘਣਾ ਜੰਗਲ ਸੀ
ਮੈਂ ਸੀ - ਉਹ ਨਹੀਂ ਸੀ।
ਵਰ੍ਹੇ ਬੀਤੇ
ਅਤੇ ਵਰ੍ਹਿਆਂ ਦੇ ਦਹਾਕੇ
ਉਸ ਦਾ ਸੁਪਨਾ ਦਿਲ 'ਚ ਪਰ ਧੁਖਦਾ ਰਿਹਾ
ਯਾਦ ਸਦਾ ਆਬਾਦ ਰਹੀ।

ਪੁੱਟ ਸੁੱਟੇ ਮਲ੍ਹੇ,ਕਾਹੀ,ਝਾੜੀਆਂ
ਬੰਜਰਾਂ ਵਾਹੀਆਂ,ਬਣਾਈਆਂ ਬੀਜੀਆਂ
ਹੁੰਦੇ ਹੁੰਦੇ ਮੌਲੀਆਂ ਫੁਲਵਾੜੀਆਂ।

ਫੁੱਲ ਖਿੜੇ ਨੇ- ਫਲ ਪਏ ਨੇ

ਰੰਗਾਂ ਅਤੇ ਸੁਗੰਧਾਂ ਦੀ ਇਕ ਲਹਿਰ ਜਿਹੀ ਲੱਗੀ ਹੈ।

ਕਦੇ ਕਦੇ ਪਰ ਡੂੰਘਾ ਹਉਕਾ ਨਿੱਕਲੇ
ਗੁੱਝੀ ਚੀਸ ਜਿਹੀ ਉਠਦੀ ਹੈ
ਦਿਲ ਵਿਚ ਤਿੱਖਾ ਕੰਡਾ ਚੁਭਦੈ;
ਜਿਸਦੇ ਸੁਪਨੇ ਰੰਗ ਲਿਆਏ
ਜਿਸਦਾ ਮੁੜ੍ਹਕਾ ਖੁਸ਼ਬੋ ਹੋਇਆ
ਆਈ ਅੱਜ ਬਹਾਰ ਤਾਂ ਉਹ ਨਹੀਂ ਹੈ
ਬਹਾਰ ਆਈ ਤਾਂ ਉਹ ਨਹੀਂ ਹੈ।

ਖਾਂਘੜ

ਹੁਣ ਨਾ ਕੂਲੀ ਕੋਈ ਕੋਂਪਲ
ਨਾ ਲਹਿਰਾਉਂਦੇ ਸਾਵੇ ਪੱਤੇ
ਨਾ ਉਹ ਨਿੱਕੇ ਫੁੱਲ ਮੋਹ-ਮੱਤੇ
ਸੜ ਸੁੱਕ ਗਏ ਤੇ ਖਾਂਘੜ ਹੋਏ
ਬੁੱਢੇ ਰੁੱਖ 'ਤੇ
ਬੱਸ ਗਿਰਝਾਂ ਹੀ ਬੈਠਦੀਆਂ ਨੇ।

ਪਤਾ ਨਹੀਂ ਕੀ ਭਾਣਾ ਹੋਇਆ
ਹੁੰਦਾ ਹੁੰਦਾ ਬੁੱਢਾ ਰੁੱਖ ਜਰਵਾਣਾ ਹੋਇਆ।

ਉਸ ਦੇ ਚੰਗੇ ਦਿਨਾਂ ਦੇ ਸਾਥੀ
ਮਿੱਤਰ ਪਿਆਰੇ,ਭੋਲੇ ਪੰਛੀ
ਹੁਣ ਜੋ ਰੁੱਖ ਦਾ ਰੁਖ ਕਰਦੇ ਨੇ
ਉਸਦੀ ਕਹਿਰੀ ਨਜ਼ਰ ਤਾੜ ਕੇ
ਜ਼ਹਿਰ ਭਰੇ ਬੋਲਾਂ ਤੋਂ ਡਰ ਕੇ
ਦੂਰੋਂ ਉੱਡਣ ਦੀ ਕਰਦੇ ਨੇ।

ਨਾ ਉਹ ਪਿਆਰ ਪਰੁੱਚੇ ਪੱਤੇ
ਨਾ ਉਹ ਗੀਤ ਮਹਿਕ ਰੰਗ ਰੱਤੇ
ਮੜ੍ਹੀ ਮਸਾਣ ਜੇਹੀ ਚੁੱਪ ਛਾਈ
ਬੁੱਢੇ ਰੁੱਖ ਦੀ ਅੱਖ ਪਥਰਾਈ।

[1093, ਸੈਕਟਰ 63, ਮੁਹਾਲੀ, ਪੰਜਾਬ]

ਪਤਨੀਆਂ/ ਸਤਪਾਲ ਭੀਖੀ

ਪਤਨੀਆਂ ਲੜਦੀਆਂ ਹਨ
ਗਿਲੇ-ਸ਼ਿਕਵੇ ਕਰਦੀਆਂ
ਹੱਕ ਮੰਗਦੀਆਂ
ਰੁੱਸ ਜਾਂਦੀਆਂ
ਚਾਰ ਕੁ ਲਾਵਾਂ ਲੈ ਕੇ

ਸਾਰੀ ਉਮਰ ਲਈ
ਸਾਡੇ ਨਾਲ ਜੁੜ ਜਾਂਦੀਆਂ
ਇੱਟਾਂ-ਪੱਥਰਾਂ ਦੇ ਮਕਾਨ ਨੂੰ
ਘਰ ਬਣਾਉਂਦੀਆਂ
ਘਰਾਂ 'ਚ ਜਜ਼ਬੇ ਨਿੱਘ ਤੇ ਪਿਆਰ ਭਰਦੀਆਂ
ਪਸ਼ੂਪੁਣੇ ਨੂੰ ਸਾਂਭਦੀਆਂ
ਹਿੰਸਕ ਨੂੰ ਅਹਿੰਸਕ ਬਣਾਉਂਦੀਆਂ
ਜੀ-ਜੀ ਕਹਿਕੇ
ਤੂੰ-ਤੂੰ ਅਖਵਾਉਂਦੀਆਂ
ਪਰ ਮੱਥੇ ਵੱਟ ਨਾ ਪਾਉਂਦੀਆਂ

ਜਣਨ ਪੀੜਾ ਖ਼ੁਸ਼ੀ ਨਾਲ ਸਹਿੰਦੀਆਂ
ਸਾਡੇ ਦੁੱਖ ਵਿਚ
ਬੇਚੈਨ ਹੋ ਜਾਂਦੀਆਂ
ਖ਼ੁਸ਼ੀ ਮੌਕੇ ਖੀਵੀਆਂ ਹੋ ਜਾਂਦੀਆਂ
ਹਰ ਸੁੱਖ ਦੁੱਖ 'ਚ
ਧੁਰ ਅੰਦਰ ਖੁੱਭ ਜਾਂਦੀਆਂ
ਪੀੜਾ ਹਰਦੀਆਂ
ਸੂਹੇ ਭਵਿੱਖ ਲਈ
ਸੰਦਲੀ ਸੁਪਨੇ ਸਿਰਜਦੀਆਂ
ਸਾਡੇ ਨਾਲ ਜੁੜੀਆਂ
ਤਿੱਥਾਂ-ਤਰੀਕਾਂ ਨੂੰ
ਚੇਤੇ ਕਰਾਉਂਦੀਆਂ
ਤਾਹਨੇ-ਮਿਹਣਿਆਂ ਨੂੰ ਜਜ਼ਬ ਕਰਦੀਆਂ
ਚਿਹਰੇ 'ਤੇ ਮੁਸਕਾਨ ਲਿਆਉਂਦੀਆਂ
ਸੋਹਣੇ ਬਣਾਉਂਦੀਆਂ
ਮਾਂਵਾਂ ਵਾਂਗ ਦੁਆਵਾਂ ਮੰਗਦੀਆਂ

ਸਾਰੀ ਉਮਰ
ਬੱਚੇ
ਘਰ ਤੇ ਸਾਡੇ ਵਿਚਕਾਰ
ਯਾਦਾਂ ਦਾ ਪੁਲ ਬਣੀਆਂ ਰਹਿੰਦੀਆਂ
ਪਤਨੀਆਂ

ਪਤਨੀਆਂ ਲੜਦੀਆਂ ਹਨ
ਗਿਲੇ-ਸ਼ਿਕਵੇ ਕਰਦੀਆਂ
ਹੱਕ ਮੰਗਦੀਆਂ
ਰੁੱਸ ਜਾਂਦੀਆਂ

[ਵਾਰਡ ਨੰ: 12, ਨੇੜੇ ਅੱਖਾਂ ਦਾ ਹਸਪਤਾਲ, ਭੀਖੀ, ਜ਼ਿਲ੍ਹਾ ਮਾਨਸਾ-151 504]

ਦੋ ਕਵਿਤਾਵਾਂ / ਮਨਮੋਹਨ

ਹਾਰੇ ਹੋਇਆਂ ਨਾਲ...

ਪ੍ਰਸ਼ਨ ਤਾਂ ਉਹੀ ਨੇ ਪੁਰਾਣੇ
ਹਜ਼ਾਰਾਂ ਵਰ੍ਹਿਆਂ ਤੋਂ ਸਾਹਵੇਂ ਖੜ੍ਹੇ
ਸ਼ਾਸ਼ਵਤ ਆਦਿ ਪ੍ਰਸ਼ਨ
ਜਿਹਨਾਂ ਦੇ ਉੱਤਰ ਨਾ ਮਿਲ ਸਕੇ ਮੇਰੇ ਪੁਰਖਿਆਂ ਨੂੰ
ਨਾ ਹੀ ਅੱਜ ਮਿਲਣ...

ਕਦੋਂ ਪਿੱਛੇ ਹਟਿਆ ਜਾਵੇ?
ਕਿੱਥੋਂ ਤਕ ਅਗਾਂਹ ਜਾਣਾ?
ਕਿੱਥੋਂ ਪਰਤ ਆਇਆ ਜਾਵੇ?
ਇਸ ਤੋਂ ਬਾਅਦ ਹੁਣ ਕਿੱਥੇ?
ਕਿਵੇਂ ਸਿੱਝਣਾ ਸਥਿਤੀਆਂ ਨਾਲ?

ਜੇਤੂ ਚਾਹੇ ਕੋਈ ਵੀ ਹੋਵੇ
ਹਾਰਿਆਂ ਵਿਰੁੱਧ ਇਕ ਹੀ ਭਾਵ ਹੁੰਦਾ ਉਹਨਾਂ ਕੋਲ
ਧੁਰ ਅੰਦਰ ਬੈਠੀ ਡੂੰਘੀ ਘਿਰਣਾ

ਯੁੱਧ 'ਚ ਜਿੱਤ ਤਾਂ ਉਹਨੂੰ ਮਿਲਦੀ
ਜੋ ਹੁੰਦਾ ਜ਼ਿਆਦਾ ਹਿੰਸਕ ਜ਼ੁਲਮੀ
ਸਭ ਤੋਂ ਵੱਧ ਨਿਪੁੰਨ ਤੇ ਸਿੱਖਿਅਤ ਹਤਿਆਰਾ
ਕੁਦਰਤ ਦੇ ਸਭ ਤੋਂ ਯੋਗ ਪ੍ਰਾਣੀ ਕੋਲ
ਆਪਣੀ ਹੀ ਜਾਤੀ ਦਾ ਸੰਹਾਰ ਕਰਨ ਲਈ
ਹੋਣ ਸਭ ਤੋਂ ਵੱਧ ਬਿਹਤਰ ਹਥਿਆਰ

ਯੁੱਧ 'ਚ ਜਿੱਤ ਸੱਚ ਤੇ ਨਿਆਂ ਦੀ ਨਹੀਂ ਹੁੰਦੀ
ਜਿਵੇਂ ਦੱਸਦੇ ਨੇ ਕਿੱਸੇ ਕਥਾਵਾਂ ਤੇ ਇਤਿਹਾਸ
ਢਾਡੀ, ਕਵੀ, ਕਸੀਦਾਗੋ, ਤਾਂ ਹੁੰਦੇ ਨੇ ਜੇਤੂ ਧਿਰ ਦੇ ਭੰਡ
ਜੋ ਗਾਉਂਦੇ ਨੇ ਸੱਚ ਤੇ ਨਿਆਂ ਦੀ ਮਹਿਮਾ

ਉਹਨਾਂ ਦੀ ਸਾਰੀ ਲਿਖਤ
ਇਹ ਸਾਬਤ ਕਰਨ 'ਤੇ ਖਰਚ ਹੁੰਦੀ
ਕਿ ਹਾਰੀ ਧਿਰ ਕਿੰਨੀ ਬੇਈਮਾਨ, ਅਨਿਆਈ ਤੇ ਮੱਕਾਰ

ਕੀ ਇਹ ਕੇਵਲ ਖ਼ੂਨ ਭਿੱਜੀ ਮਿੱਟੀ ਤੋਂ ਪੈਦਾ ਹੋਏ
ਅਪਰਾਧ-ਬੋਧ ਨੂੰ ਧੋਣ ਦੀ ਹੁੰਦੀ ਨਹੀਂ ਵਿਅਰਥ ਕੋਸ਼ਿਸ਼...?

ਜੇਤੂਆਂ ਨੇ ਤਾਂ ਜਿੱਤਣਾ ਹੀ ਹੁੰਦੈ
ਕਿਉਂਕਿ ਜਿੱਤ ਦੇ ਸਾਰੇ ਤਰਕ ਵਿਤਰਕ ਹੁੰਦੇ ਨੇ ਉਹਨਾਂ ਕੋਲ
ਜੋ ਬਦਲਦੇ ਝੂਠ ਨੂੰ ਸੱਚ 'ਚ ਤੇ ਸੱਚ ਨੂੰ ਝੂਠ 'ਚ

ਇਸੇ ਯਤਨੰ ਉੱਪਰ ਹੀ ਟਿਕਿਆ ਹੁੰਦੈ ਸਾਰਾ ਇਤਿਹਾਸ
ਹਾਰੇ ਹੋਏ ਤਾਂ ਕੇਵਲ
ਵਿਸਮ ਜਾਂਦੇ ਨੇ ਲੋਕਧਾਰਾ-ਮਿੱਥਾਂ 'ਚ
ਸਦੀਆਂ ਤੋਂ ਅਣਉਤਰਿਤ ਪ੍ਰਸ਼ਨਾਂ ਵਾਂਗ...

ਚਰਚਾ

(ਮਹਾਭਾਰਤ ਦੇ ਸ਼ਰਾਧ ਪ੍ਰਭ 'ਚੋਂ)

ਮਹਾਯੁੱਧ ਮਗਰੋਂ ਜਦੋਂ ਪੁੱਛਿਆ ਧ੍ਰਿਤਰਾਸ਼ਟਰ ਨੇ
ਕਿੰਨੇ ਮਰੇ, ਕਿੰਨੇ ਬਚੇ ਤੇ ਕਿੰਨੇ ਨੇ ਲਾਪਤਾ...?
ਤਾਂ ਧਰਮਰਾਜ ਯੁਧਿਸ਼ਟਰ ਨੇ ਕਿਹਾ
"ਇਕ ਅਰਬ ਛਿਹਾਠ ਕਰੋੜ ਵੀਹ ਹਜ਼ਾਰ..."

ਧ੍ਰਿਤਰਾਸ਼ਟਰ ਅਸਲ 'ਚ ਚਾਹੁੰਦਾ ਸੀ ਪੁੱਛਣਾ
ਇਹਨਾਂ 'ਚੋਂ ਕਿੰਨੇ ਕੌਰਵ...ਕਿੰਨੇ ਪਾਂਡਵ...?
ਕਿੰਨੇ ਆਪਣੇ...ਕਿੰਨੇ ਪਰਾਏ...?

ਪਰ ਝਿਜਕ ਗਿਆ ਪੁੱਛਣੋਂ
ਹੈਰਾਨੀ ਹੈ...! ਪੂਰੇ ਮਹਾਭਾਰਤ 'ਚ
ਇਸ ਝਿਜਕ ਦਾ ਕੋਈ ਜ਼ਿਕਰ ਨਹੀਂ ਕਿਤੇ

ਮੈਨੂੰ ਇਹ ਪੁੱਛਦਿਆਂ ਕੋਈ ਝਿਜਕ ਨਹੀਂ
ਉਹਨਾਂ ਲੱਖਾਂ ਯੋਧਿਆਂ ਦਾ ਕੀ ਬਣਿਆ...?
ਜੋ ਇਕ ਅਰਬ ਛਿਹਾਠ ਕਰੋੜ ਤੋਂ ...ਵੀਹ ਹਜ਼ਾਰ
ਦੀ ਸੰਖਿਆ ਵਿਚੋਂ ਨੇ ਗ਼ਾਇਬ
ਮਰੇ ਤਾਂ ਪਹੁੰਚ ਗਏ ਸਵਰਗ
ਬਚਿਆਂ ਦੀ ਗਿਣਤੀ ਅਜੇ ਤਕ ਜਾਰੀ ਹੈ

ਉਹਨਾਂ ਜ਼ਿਕਰਹੀਣ ਯੋਧਿਆਂ ਨਾਲ ਕੀ ਵਾਪਰਿਆ...?
ਕ਼ੀ ਉਹ ਵੀ ਪਹੁੰਚੇ ਹੋਰਾਂ ਵਾਂਗ ਸਵਰਗ
ਜਾਂ ਅਜੇ ਵੀ ਲੜ ਰਹੇ ਨੇ
ਆਪਣੇ ਹਿੱਸੇ ਆਏ ਲਘੂ ਯੁੱਧ

ਸ਼ਾਇਦ ਇਹਨਾਂ 'ਚੋਂ ਹੀ ਕਿਸੇ ਨੇ ਲਿਆ ਹੋਵੇ
ਬਦਲਾ ਅਰਜੁਨ ਤੋਂ
ਅਗਨੀ ਕਾਂਡ ਤੋਂ ਵਾਪਸ ਪਰਤਦਿਆਂ

ਇਸੇ ਅਰਜੁਨ ਨੇ ਪਵਿੱਤਰ ਇਸ਼ਨਾਨ ਮਗਰੋਂ
ਅਰਜੁਨੀ ਬਣ ਕੀਤਾ ਸੀ ਸਹਿਵਾਸ ਕ੍ਰਿਸ਼ਨ ਨਾਲ
ਕੀ ਪਤਾ ਉਹਨਾਂ ਜ਼ਿਕਰਹੀਣ ਯੋਧਿਆਂ 'ਚੋਂ ਹੀ
ਕਿਸੇ ਮਾਰਿਆ ਹੋਵੇ ਕ੍ਰਿਸ਼ਨ ਨੂੰ ਜਰਾਸੰਧ ਬਣ

ਮਹਾਯੁੱਧਾਂ 'ਚ ਤਾਂ ਜ਼ਿਕਰ ਹੁੰਦਾ ਕੇਵਲ
ਮਹਾਰਥੀਆਂ, ਸੈਨਾਪਤੀਆਂ ਦਾ
ਗਿਣਤੀ 'ਚੋਂ ਕਿਰੇ ਸਿਪਾਹੀਆਂ ਦਾ ਕੌਣ ਲੈਂਦਾ ਸੁਰ ਪਤਾ

ਮੈਨੂੰ ਹੀ ਲੈਣੀ ਪਵੇਗੀ ਸਾਰ
ਕੀ ਪਤਾ ਇਹਨਾਂ ਦਾ ਲਹੂ ਹੀ
ਵਹਿ ਰਿਹਾ ਹੋਵੇ ਮੇਰੀਆਂ ਰਗਾਂ 'ਚ...
ਮੈਨੂੰ ਹੀ ਕਰਨਾ ਪੈਣਾ ਸ਼ਰਾਧ ਪੁਰਖਿਆਂ ਦਾ
ਕਿਉਂਕਿ ਅੰਦਰ ਦੇ ਕੁਰੂਕਸ਼ੇਤਰ ਦਾ ਬੋਝ
ਮੈਂ ਅਜੇ ਤਕ ਚੁੱਕੀ ਫਿਰਦਾਂ
ਮੇਰੇ ਹਿੱਸੇ ਦਾ ਮਹਾਯੁੱਧ
ਖ਼ਤਮ ਨਹੀਂ ਹੋਇਆ ਅਜੇ...

[12, ਐਲਬਰਟ ਰੋਡ, ਮਹਿੰਦਰਾ ਹਾਊਸ, ਅੰਮ੍ਰਿਤਸਰ]

ਦੋ ਕਵਿਤਾਵਾਂ/ਦਰਸ਼ਨ ਬੁਲੰਦਵੀ

ਤੇਰਾ ਅੱਥਰੂ

ਤੇਰਾ ਅੱਥਰੂ
ਮੇਰੇ ਹੋਣ ਦਾ ਗਵਾਹ ਏ
ਇਸ ਵਿਚ ਮੇਰੇ ਹੀ ਅੰਗਿਆਰ ਦਾ ਸੇਕ ਏ
ਇਸ ਵਿਚ ਮੇਰੀ ਹੀ ਕਾਇਆ ਝਲਕਦੀ ਏ
ਮੇਰੇ ਹੀ ਅਕਸ ਦਾ ਪਿਘਲਿਆ ਪਾਣੀ ਏ
ਮੇਰੀ ਹੀ ਕੋਈ ਛਿਲਤਰ ਲੱਥ ਕੇ
ਤੇਰੀ ਅੱਖ 'ਚ ਚੁਭ ਗਈ ਹੋਣੀ
ਤੇ ਹੁਣ ਤਪਸ਼ ਆਪਣੀ 'ਚ ਉਬਾਲੇ ਖਾਂਦਾ
ਮੇਰੇ ਹੋਣ ਦਾ ਸਬੂਤ ਮੰਗਦਾ ਏ

ਸਬੂਤ ਵਜੋਂ
ਮੈਂ ਆਪਣੇ ਅੱਥਰੂ 'ਚੋਂ ਉਠਦਾ ਹਾਂ ਸਮੁੰਦਰ ਵਾਂਗ
ਆਪਣੀ ਹਰ ਲਹਿਰ ਦੇ ਕਲਾਵੇ ਵਿਚ ਲੈਂਦਾ ਹਾਂ ਤੈਨੂੰ
ਪੜ੍ਹਦਾ ਹਾਂ ਤੇਰੇ ਅੱਥਰੂ ਦੀ ਇਬਾਰਤ
ਜੋ ਕਿਤੇ ਰਾਹਵਾਂ ਪਗਡੰਡੀਆਂ 'ਚ ਦੱਬੀ ਹੋਈ ਏ
ਕਿਤੇ ਖਾਮੋਸ਼ ਚੀਖ ਵਿਚ ਘੁਲੀ ਹੋਈ ਏ
ਕਿਤੇ ਗੂੰਗੀ ਜ਼ੁਬਾਨ ਵਿਚ ਢਲੀ ਹੋਈ ਏ
ਕਿਤੇ ਰੇਗਸਤਾਨਾਂ 'ਚ ਗੁਆਚੀ
ਪਾਣੀਆਂ 'ਚ ਘੁਲੀ ਹੋਈ ਏ

...ਪੜ੍ਹਦਾ ਹਾਂ ਵਾਰ ਵਾਰ
ਤਾਂ ਅਹਿਸਾਸ ਜਾਗਦਾ ਹੈ

ਇਸ ਅੱਥਰੂ ਵਿਚ ਤਾਂ
ਆਪਣੀ ਪਹਿਚਾਣ ਲੁਕੀ ਏ
ਇਸ ਬਿਨ ਆਪਣਾ ਹੋਣ ਅਧੂਰਾ ਏ
ਇਸ ਵਿਚ ਰਿਸ਼ਤਾ ਸਾਣ ਚੜ੍ਹਿਆ
ਅੰਤ ਆਪਣੇ ਹੀ ਪਰਲੋ ਲੰਘਦਾ
ਇਸ ਵਿਚੋਂ ਹੀ ਆਪਣਾ ਸੂਰਜ ਚੜ੍ਹਦਾ
ਸਿਖਰ ਦੁਪਹਿਰੇ ਦੁਪਹਿਰ ਬੂਟੀ ਖਿੜਦੀ
ਉਂਝ ਇਹ ਅੱਥਰੂ ਤੇਰਾ ਭਾਵੇਂ
ਜਦ ਵੀ ਤੇਰੀ ਅੱਖ ਦੇ ਦਰ ਖਲੋਇਆ ਏ
ਮੇਰੀ ਵੀ ਤਾਂ ਅੱਖ ਦਾ ਅੱਥਰੂ
ਆਪਣੀ ਸਾਂਝ ਕੱਢ ਖਲੋਇਆ ਏ।

ਕ੍ਰਿਸ਼ਨ ਅਤੇ ਸੁਦਾਮਾ

ਸੁਦਾਮਾ ਤਾਂ ਘਰੋਂ ਤੁਰ ਚੁੱਕਾ ਹੈ
ਉਹਦੇ ਉਹੀ ਫਟੇ ਪੁਰਾਣੇ ਕੱਪੜੇ ਨੇ
ਉਹੀ ਮੋਢੇ 'ਤੇ ਮੈਲਾ ਪਰਨਾ ਹੈ
ਪੱਲੇ ਬੰਨ੍ਹੇ ਹੋਏ ਸੱਤੂ ਨੇ
ਅੱਖਾਂ ਵਿਚ ਮਿਲਣ ਦੀ ਤਾਂਘ ਏ
ਦੋਸਤੀ ਦਾ ਹੱਥ ਵਧਾਈ ਸਿਖਰ ਦੁਪਹਿਰੇ ਨੰਗੇ ਪੈਰੀਂ
ਸੁਦਾਮਾ ਤਾਂ ਘਰੋਂ ਤੁਰ ਚੁੱਕਾ ਹੈ
ਪਰ ਸਿੰਘਾਸਨ 'ਤੇ ਹੁਣ ਕ੍ਰਿਸ਼ਨ ਨਹੀਂ ਰਿਹਾ
ਨਾ ਹੀ ਉਹਦਾ ਕੋਈ ਅਰਦਲੀ
ਬੂਹੇ 'ਤੇ ਸ਼ਨਾਖਤ ਲਈ ਖੜ੍ਹਾ ਹੈ
ਨਾ ਹੀ ਉਹਦਾ ਕੋਈ ਸਕਾ-ਸੰਬੰਧੀ
ਜੀਅ-ਆਇਆਂ ਕਹਿਣ ਨੂੰ ਤਿਆਰ ਏ
ਜੂਏ 'ਚ ਹਾਰ ਰਹੀ ਦਰੋਪਤੀ ਵੀ ਉਸ ਨੂੰ ਪੁਕਾਰਦੀ ਏ
ਯਸ਼ੋਧਰਾ ਦਾ ਮੱਖਣ ਵੀ ਉਸ ਨੂੰ ਬੁਲਾ ਰਿਹਾ ਹੈ
ਭਾਗਭਰੀ ਗੀਤਾ ਵੀ ਉਸ ਦਾ ਸਾਥ ਮੰਗ ਰਹੀ ਹੈ
ਪਰ 'ਕ੍ਰਿਸ਼ਨ' ਪਹੁੰਚ ਨਹੀਂ ਰਿਹਾ
ਉਹ ਪਹੁੰਚੇ ਵੀ ਕਿਸ ਤਰ੍ਹਾਂ
ਅਜੇ ਸਭ ਰਸਤੇ ਉਸ ਲਈ ਬੰਦ ਹਨ
ਕ੍ਰਿਸ਼ਨ ਤੇ ਸੁਦਾਮਾ ਦੋਵੇਂ
ਹੁਣ ਇਕ ਦੂਜੇ ਨੂੰ ਲੱਭ ਰਹੇ ਹਨ
ਰਾਹਵਾਂ ਦੇ ਹਨੇਰਿਆਂ ਨਾਲ
ਬਹੁਤ ਉਲਝ ਰਹੇ ਹਨ
ਕਿਸੇ ਰਾਹ ਖੇੜੇ ਜਾਂ ਚੁਰੱਸਤੇ ਵਿਚ

ਜਦ ਵੀ ਇਹਨਾਂ ਦਾ ਮੇਲ ਹੋਇਆ
ਉਦੋਂ ਸੁਦਾਮੇ ਦਾ ਸਫਰ
ਅਜਾਈਂ ਨਹੀਂ ਜਾਏਗਾ

[41 Wenban Road, Worthing, Sussex, England BN11 1HY]

ਗ਼ਜ਼ਲ/ਤ੍ਰਿਲੋਚਨ ਲੋਚੀ

ਹਉਮੈਂ ਦਾ ਨਾ ਕਿਧਰੇ ਕੋਈ ਖਿਲਾਰਾ ਸੀ।
ਨਿੱਕਾ ਸੀ ਪਰ ਸ਼ਹਿਰ ਉਹ ਕਿੰਨਾ ਪਿਆਰਾ ਸੀ।

ਨਿੱਕੀ-ਨਿੱਕੀ ਗੱਲ 'ਚੋਂ ਖੁਸ਼ੀਆਂ ਫੜਦੇ ਸੀ,
ਮਿਰੇ ਬਜ਼ੁਰਗਾਂ ਦਾ ਵੀ ਸ਼ਾਹੂਕਾਰਾ ਸੀ।

ਇਹ ਗ਼ਜ਼ਲਾਂ ਨੇ ਟੋਟੇ-ਟੁਕੜੇ ਉਸੇ ਦੇ,
ਮੇਰੇ ਅੰਬਰੋਂ ਟੁੱਟਿਆ ਜਿਹੜਾ ਤਾਰਾ ਸੀ।

ਤੂੰ ਤਾਂ ਐਵੇਂ ਦਰਦ ਸੁਣਾਏ ਯਾਰਾਂ ਨੂੰ,
ਹੁੰਗਰ ਸੀ ਨਾ ਕਿਧਰੇ ਕੋਈ ਹੁੰਗਾਰਾ ਸੀ।

ਮੇਰੇ ਕੋਲੋਂ ਮੌਤ ਵੀ ਡਰਕੇ ਲੰਘਦੀ ਸੀ,
ਪਿਆਰ ਤਿਰੇ ਦਾ ਕਿੱਡਾ ਦੇਖ ਸਹਾਰਾ ਸੀ।

ਤੂੰ ਵੀ 'ਲੋਚੀ' ਲੋਕਾਂ ਵਾਂਗੂ ਬਦਲ ਗਿਐਂ
ਤੂੰ ਤਾਂ ਸਾਡਾ ਸੱਜਣ ਬੇਲੀ ਭਾਰਾ ਸੀ।

[20-ਐੱਸ. ਐੱਫ. ਐੱਚ. ਆਈ. ਜੀ., ਰਾਜਗੁਰੂ ਨਗਰ, ਲੁਧਿਆਣਾ]

ਦੋ ਗ਼ਜ਼ਲਾਂ/ ਗੁਰਭਜਨ ਗਿੱਲ

ਕੋਠੇ ਉੱਪਰ ਮੰਜਾ ਡਾਹ ਕੇ, ਅਰਸ਼ 'ਚ ਜਗਦੇ ਤਾਰੇ ਵੇਖ।
ਬਾਤ ਬਤੋਲੀ ਪਾਵੇਂਗਾ ਜਦ, ਭਰਦੇ ਕਿਵੇਂ ਹੁੰਗਾਰੇ ਵੇਖ।

ਬੰਦ ਕਮਰੇ ਵਿਚ ਕੈਦੀਆਂ ਵਾਂਗੂ ਕਿੰਨੀ ਉਮਰ ਗੁਜ਼ਾਰ ਲਈ,
ਜਗਦੇ ਬੁਝਦੇ ਜੁਗਨੂੰ ਉੱਡਦੇ, ਬਾਹਰ ਖਲੋ ਕੇ ਸਾਰੇ ਵੇਖ।

ਬਿਰਖਾਂ ਕੋਲ ਖਲੋ ਕੇ ਗੱਲਾਂ ਕਰਿਆ ਕਰ ਤੂੰ ਸ਼ਾਮ ਢਲੇ,
ਕੱਲ-ਮੁ-ਕੱਲੇ, ਚੁੱਪ-ਚੁਪੀਤੇ, ਕਿਵੇਂ ਖਲੋਤੇ ਸਾਰੇ ਵੇਖ।

ਆਪਣੀ ਅੱਗ ਵਿਚ ਸੜਦਾ ਬੰਦਾ ਮੁੱਕਦਾ ਮੁੱਕਦਾ ਮੁੱਕ ਜਾਂਦੈ,
ਢੇਰ ਸਵਾਹ ਦਾ ਹੋ ਗਏ ਸਾਰੇ, ਸੂਹੇ ਸੁਰਖ਼ ਅੰਗਾਰੇ ਵੇਖ।

ਕਦੇ ਕਦੇ ਤੂੰ ਬਾਗ-ਬਗੀਚੇ, ਫੁੱਲ ਪੱਤੀਆਂ ਨੂੰ ਮਿਲਿਆ ਕਰ,
ਆਪਸ ਦੇ ਵਿਚ ਕਰਨ ਗੁਫ਼ਤਗੂ, ਮਹਿਕਾਂ ਭਰੇ ਕਿਆਰੇ ਵੇਖ।

ਹੋਰ ਕਿਸੇ ਦੀ ਸੂਰਤ ਵੇਖਣ ਨੂੰ ਤੂੰ ਤਰਸੇਂ ਦਿਨ ਤੇ ਰਾਤ,
ਕੁਝ ਪਲ ਸ਼ੀਸ਼ੇ ਕੋਲ ਖਲੋ ਕੇ, ਤੂੰ ਵੀ ਆਪਣੇ ਬਾਰੇ ਵੇਖ।

ਅੰਬਰ ਗੰਗਾ ਵਿਚੋਂ ਪੈੜਾਂ, ਲੱਭੀ ਜਾਵੇਂ ਦਿਨ ਤੇ ਰਾਤ,
ਉਹਨਾਂ ਨੂੰ ਵੀ ਟੋਲ ਕਿ ਜਿਹੜੇ ਫੁੱਲ ਬਣੇ ਨਾ ਤਾਰੇ ਵੇਖ।

ਸੁੱਖ ਤੇ ਦੁੱਖ ਦੇ ਸੰਗੀ-ਸਾਥੀ, ਹਉਕੇ, ਸੁਪਨੇ, ਅੱਥਰੇ ਚਾਅ
ਬਣੀਂ ਸਿਕੰਦਰ, ਪਹਿਲੋਂ ਪੋਰਸ, ਜੋ ਜੋ ਹਾਰੇ ਸਾਰੇ ਵੇਖ।

0 0 0

ਅਕਲਾਂ ਦਾ ਇਹ ਭਰਮ-ਜ਼ਖ਼ੀਰਾ ਆਪਣੇ ਪੱਲੇ ਰਹਿਣ ਦਿਉ।
ਪਾਗ਼ਲ ਨੂੰ ਵੀ ਬੋਲਣ ਦਿਓ, ਜੋ ਕਹਿੰਦਾ ਏ ਕਹਿਣ ਦਿਉ।

ਇਹ ਦੱਸੇਗਾ ਹੋਈ ਬੀਤੀ, ਜੋ ਜੋ ਇਸ ਦੇ ਨਾਲ ਪਿਛਾਂਹ,
ਫੇਰ ਤੁਰੇਗਾ ਨਾਲ ਤੁਹਾਡੇ, ਕੁਝ ਪਲ ਲਾਗੇ ਬਹਿਣ ਦਿਉ।

ਵਿਹਲੇ ਲੋਕ ਹਮੇਸ਼ਾਂ ਦੂਜੇ ਦੇ ਘਰ ਝਾਤੀ ਮਾਰਦੇ ਨੇ,
ਆਪਣੀ ਅੱਗ ਵਿਚ ਸੜਦੇ ਜਿਹੜੇ, ਇਕ ਥਾਂ ਬੈਠੇ ਰਹਿਣ ਦਿਉ।

ਇਸ ਜੰਗਲ ਦਾ ਨ੍ਹੇਰਾ ਮੇਟਣ ਤੋਂ ਨਾ ਮੈਨੂੰ ਰੋਕੋ ਹੁਣ,
ਅਗਨੀ ਬਾਂਸ ਲੁਕਾਈ ਬੈਠੇ, ਇਹਨਾਂ ਦੇ ਸੰਗ ਖਹਿਣ ਦਿਉ।

ਤਲਖ਼ ਗ਼ਮਾਂ ਦੀ ਤੇਜ਼ ਹਨ੍ਹੇਰੀ, ਵਗਦੀ ਵਗਦੀ ਰੁਕ ਜਾਣੀ,
ਹੰਝੂਆਂ ਦੀ ਬਰਸਾਤ ਵਰ੍ਹੀ ਹੈ, ਧੂੜਾਂ ਥੱਲੇ ਬਹਿਣ ਦਿਉ।

ਵਸਲਾਂ ਦੀ ਪਰਿਕਰਮਾ ਕਰਦੇ, ਅੱਧੀ ਉਮਰ ਗੁਜ਼ਾਰ ਲਈ
ਹਿਜਰਾਂ ਵੇਲੇ ਕੱਲਿਆਂ ਛੱਡੋ, ਇਹ ਤਲਖ਼ੀ ਖ਼ੁਦ ਸਹਿਣ ਦਿਉ।

ਇਸ ਦੇ ਵਾਂਗੂੰ ਸਫ਼ਰ ਨਿਰੰਤਰ ਜੀਵਨ ਵਿਚ ਰਫ਼ਤਾਰ ਭਰੋ,
ਦਿਲ ਦਰਿਆ ਨੂੰ ਰੋਕੋ ਨਾ ਹੁਣ, ਜਿੱਧਰ ਵਹਿੰਦੈ ਵਹਿਣ ਦਿਉ।

ਦਿਲ ਛਤਰੀ 'ਤੇ ਆਸ-ਕਬੂਤਰ ਚਾਹੁੰਦੇ ਨੇ ਸੁਸਤਾਉਣਾ ਜੇ,
ਮਾਰ ਗੁਲੇਲ ਉਡਾਵੋ ਨਾ ਹੁਣ, ਬਹਿੰਦੇ ਨੇ ਤਾਂ ਬਹਿਣ ਦਿਉ।

[113-ਐੱਫ, ਸ਼ਹੀਦ ਭਗਤ ਸਿੰਘ ਨਗਰ, ਪੱਖੋਵਾਲ ਰੋਡ, ਲੁਧਿਆਣਾ]

ਬੇਵਸੀ/ ਉਮਿੰਦਰ ਜੌਹਲ

ਕਵਿਤਾ ਧੌਂਸ ਜਮਾਉਂਦੀ ਹੈ
ਡਰਦਾ ਹੈ ਸਰੋਤਾ
ਸ਼ਰਨ ਲੱਭਦਾ
ਕਦੇ ਰੱਬ ਦੇ ਘਰ – ਕਦੇ ਪੂੰਜੀ ਦੇ ਦਰ

ਸਰੋਤਾ ਸੋਚਦਾ ਹੈ
ਕੀ ਸੱਚਮੁੱਚ ਸਕੂਨ ਹੈ? ਰੱਬ ਦੇ ਘਰ
ਕੀ ਸੱਚਮੁੱਚ ਨਸ਼ਾ ਹੈ? ਪੂੰਜੀ ਦੇ ਦਰ
ਸਕੂਨ ਲੁਭਾਉਂਦਾ ਹੈ ਉਸਨੂੰ – ਨਸ਼ਾ ਭਰਮਾਉਂਦਾ ਹੈ
ਤੇ ਕਵਿਤਾ ਡਰਾਉਂਦੀ ਹੈ

ਕੀ ਕਵਿਤਾ ਬਹੁਤ ਕੱਦਾਵਾਰ ਹੋ ਗਈ ਹੈ?
ਜਾਂ ਸਰੋਤਾ ਬੌਣਾ
ਮਸਾਂ ਗੋਡਿਆਂ ਤੀਕ
ਆਪਣੀਆਂ ਲੋੜਾਂ ਦੀ ਲੰਗੋਟੀ 'ਚ ਸਿਮਟਿਆ ਹੋਇਆ
ਕਵਿਤਾ ਖਿੜ-ਖਿੜ ਹੱਸਦੀ ਹੈ
ਸਰੋਤਾ ਚੁੱਪ ਹੈ
ਉਸ ਕੋਲ ਨਾ ਕੋਈ ਸਵਾਲ ਹੈ ਨਾ ਕੋਈ ਜਵਾਬ
ਉਹ ਨਿਮੋਝੂਣਾ ਹੋ ਕੇ
ਕਦੇ ਆਪਣੇ ਪੈਰਾਂ ਵੱਲ ਦੇਖਦਾ ਹੈ
ਕਿ ਇਹਨਾਂ ਨੇ ਹੀ ਤੁਰਨਾ ਸੀ
ਮੰਜ਼ਿਲ ਦੀ ਤਲਾਸ਼ ਵਿਚ
ਕਵਿਤਾ ਦੀ ਤਲਾਸ਼ ਵਿਚ
ਕਦੇ ਬੰਜਰ ਧਰਤੀ ਵੱਲ ਦੇਖਦਾ ਹੈ
ਕਿ ਇਸੇ 'ਚੋਂ ਹੀ ਪੈਦਾ ਹੋਣੀ ਸੀ
ਉਹਦੇ ਮੇਚੇ ਦੀ ਕਾਵਿ-ਖੇਤੀ
ਜੋ ਉਸਨੂੰ ਨਾ ਡਰਾਉਂਦੀ
ਨਾ ਉਸਦੀ ਬੇਵਸੀ 'ਤੇ ਖਿੜ-ਖਿੜਾ ਹੱਸਦੀ।
ਸਰੋਤਾ ਚੁੱਪ ਹੈ
ਆਪਣੇ ਹੀ ਆਪ 'ਚ ਸਿਮਟਿਆ ਹੋਇਆ
ਕਵਿਤਾ ਚਾਂਗਰਾਂ ਮਾਰਦੀ ਹੈ
ਆਪਣੇ ਹੀ ਆਪ 'ਚ ਫੈਲੀ ਹੋਈ।

ਕਵਿਤਾ ਧੌਂਸ ਜਮਾਉਂਦੀ ਹੈ
ਡਰਦਾ ਹੈ ਸਰੋਤਾ
ਸ਼ਰਨ ਲੱਭਦਾ
ਕਦੇ ਰੱਬ ਦੇ ਘਰ – ਕਦੇ ਪੂੰਜੀ ਦੇ ਦਰ

[20/75 ਗਾਰਡਨ ਕਲੋਨੀ, ਮਾਡਲ ਟਾਊਨ, ਜਲੰਧਰ]

ਵਿਦਾਇਗੀ / ਜਸਵੰਤ ਦੀਦ

ਲਓ ਹੁਣ ਮੈਂ ਜਾ ਰਿਹਾ ਹਾਂ.....

ਲੱਭ ਲੈਣਾ ਦੀਦ
ਜੋ ਹੱਸਦਾ ਹੁੰਦਾ ਸੀ ਕਦੇ
ਚੁੱਪ ਚੁਪੀਤਾ, ਇੱਕਲਵਾਂਝੇ, ਉਦਾਸ
ਦਿਲ ਦੀ ਗੱਲ
ਦੱਸਦਾ ਹੁੰਦਾ ਸੀ ਕਦੇ!
ਤੁਸੀਂ ਜਿਸਨੂੰ ਜਾਣਦੇ ਸੀ

ਬੁੱਝਦੇ ਸੀ
ਸੋਚਦੇ ਸੀ ਪੁੱਛਦੇ ਸੀ –
ਕੈਸੀ ਬੁਝਾਰਤ
ਚੀਜ਼ ਹੈ ਇਹ ਆਦਮੀ !

ਹਰ ਵਾਰੀ
ਪੁੱਟਦੇ ਹਾਂ, ਸੁੱਟਦੇ ਹਾਂ
ਫੇਰ ਉੱਗ ਆਉਂਦਾ ਜੜ੍ਹਾਂ 'ਚੋਂ
ਅਜੀਬ ਖੱਬਲ, ਮਿੱਠਾ ਕਸੈਲਾ
ਬੀਜ ਹੈ ਇਹ ਆਦਮੀ !

ਲਓ ਚੱਲਿਆ ਹੋ ਕੇ ਉਦਾਸ
ਛੱਡ ਚੱਲਿਆ, ਸਭ ਦਰ-ਓ-ਦੀਵਾਰ
ਜੀਹਨਾਂ ਅੰਦਰ ਜਾਣੋਂ ਉਸਨੂੰ
ਵਰਜਦੇ ਸੀ
ਜਦ ਉਹ ਖਿੜਿਆ ਹੁੰਦਾ ਸੀ
ਟਹਿਕਦਾ ਬਣਕੇ ਚਿੱਟਾ ਗੁਲਾਬ
ਤੁਸੀਂ ਕਾਲੇ ਡਰਾਉਣੇ ਬੱਦਲ ਬਣਕੇ
ਗਰਜਦੇ ਸੀ
ਤੇ ਉਹ ਨਿੱਕੀ ਜਿਹੀ ਖ਼ੁਸ਼ਬੂ
ਨਸ਼ੇ ਨਾਲ ਮੀਂਹ ਕਣੀ ਨਾਲ
ਝੂੰਮਦਾ ਸੀ
ਲਓ ਚੱਲਿਆ ਉਹ ਹਵਾ ਦਾ ਬੁੱਲਾ
ਉਦਾਸ !

ਜਾਣ ਲੱਗਿਆਂ, ਇੱਕ ਵਾਰੀ
ਇਸ ਭੇਦ ਭਰੇ, ਖੁੱਲ੍ਹ ਦਿਲੇ ਨੂੰ
ਜੱਫੀ ਅੰਦਰ ਭਰ ਲਵੋ
ਖੋਭ ਕੇ ਇਸਦੀ ਪਿੱਠ 'ਚ ਖੰਜਰ
ਲਿਸ਼ਕਦੀ ਮੁਸਕਾਨ ਨਕਲੀ
ਚਿਹਰੇ ਉੱਪਰ ਧਰ ਲਵੋ !

ਏਸ ਜ਼ਖ਼ਮੀ ਦੋਸਤੀ ਨੂੰ, ਦੁਸ਼ਮਣੀ ਨੂੰ
ਜਾਂਦੀ ਵਾਰੀ
ਰੱਜ ਕੇ ਮੁਹੱਬਤ ਕਰ ਲਵੋ !

ਆਪੋ ਆਪਣੀ ਪੱਥਰ ਦੀ ਅੱਖ ਅੰਦਰ
ਪਾਣੀ ਦਾ ਕਤਰਾ ਭਰ ਲਵੋ !

ਲਓ ਹੁਣ ਉਹ ਜਾ ਰਿਹਾ ਹੈ...

[178, ਹਰਦਿਆਲ ਨਗਰ, ਗੜ੍ਹਾ ਰੋਡ, ਜਲੰਧਰ]

ਕਵਿਤਾ ਦੇ ਆਰ-ਪਾਰ

ਹਰਪ੍ਰੀਤ ਸੇਖਾ

"ਤੁਸੀਂ ਲੈ ਲੈਣੀ ਸੀ ਵਾਈਨ, ਭਾਅ ਜੀ ਹੋਰਾਂ ਨੇ ਕਿੰਨੇ ਚਾਅ ਨਾਲ ਤੁਹਾਡੀ ਪਸੰਦ ਪੁੱਛੀ ਸੀ!" ਅਨਵਰ ਦੇ ਰਸੋਈ 'ਚੋਂ ਡਰਿੰਕ ਲੈ ਕੇ ਜਾਂਦਿਆਂ ਹੀ ਕਵਿਤਾ ਬੋਲੀ।

"ਚਾਚਾ ਜੀ ਸਾਹਮਣੇ ਪੀ ਕੇ ਮੈਂ ਉਨ੍ਹਾਂ ਨੂੰ ਅਨਕੰਫਰਟੇਬਲ ਨੀਂ ਕਰਨਾ ਚਾਹੁੰਦੀ। ਮਸਾਂ ਤਾਂ ਮੇਰੇ ਘਰ ਆਏ ਆ," ਮੈਂ ਜਵਾਬ ਦਿੱਤਾ।

"ਸਾਹਮਣੇ ਨਾ ਪੀਓ। ਇੱਥੇ ਲੁਕ ਕੇ ਪੀ ਲਓ।"

"ਮੈਂ ਏਦਾਂ ਨੀਂ ਕਰਦੀ ਹੁੰਦੀ। ਆਈ ਐਮ ਨਾਟ ਅਡਿਕਟਡ," ਮੈਥੋਂ ਥੋੜ੍ਹਾ ਸਖ਼ਤ ਆਵਾਜ਼ ਵਿਚ ਆਖ ਹੋ ਗਿਆ। ਪਲ ਦੀ ਪਲ ਮੈਂ ਭੁੱਲ ਹੀ ਗਈ ਕਿ ਉਹ ਮੇਰੀ ਗੈੱਸਟ ਸੀ। ਪਰ ਮੈਂ ਝੱਟ ਹੀ ਆਪਣੀ ਆਵਾਜ਼ ਨੂੰ ਕਾਬੂ ਕਰ ਲਿਆ ਅਤੇ ਹੋਸਟ ਵਾਲੇ ਲਹਿਜੇ ਵਿਚ ਪੁੱਛਿਆ, "ਤੁਹਾਡੇ ਵਾਸਤੇ ਪਾਵਾਂ?"

"ਨਾ ਬਾਬਾ, ਮਰਨੈ!" ਉਹ ਬੋਲੀ। ਮੈਨੂੰ ਉਸ ਦਾ ਇਹ ਜਵਾਬ ਰੜਕਿਆ। ਰਾਤ ਉਸ ਨੇ ਬੜੇ ਚਾਅ ਨਾਲ ਪੀਤੀ ਸੀ।

ਮੈਂ ਵੀ ਉਸਦਾ ਸਾਥ ਮਾਣਿਆ ਸੀ।

ਰਾਤ ਕਵੀ ਦਰਬਾਰ ਤੇ ਡਿਨਰ ਤੋਂ ਬਾਅਦ ਕਵਿਤਾ ਮੇਰੇ ਨਾਲ ਹੀ ਘਰ ਆ ਗਈ ਸੀ। ਮੇਰੇ ਆਖਣ ਤੋਂ ਬਿਨਾਂ ਹੀ। ਮੈਨੂੰ ਬਹੁਤ ਚੰਗਾ ਲੱਗਾ ਸੀ। ਮੈਂ ਤਾਂ ਚਾਚਾ ਜੀ ਨੂੰ ਕਿਹਾ ਸੀ ਘਰ ਆਉਣ ਵਾਸਤੇ ਪਰ ਉਹ ਆਖਣ ਲੱਗੇ, "ਮੈਨੂੰ ਮਿਲਣ ਖਾਤਰ ਇਥੇ ਹੋਰ ਸ਼ਹਿਰਾਂ ਤੋਂ ਬਹੁਤ ਸਾਰੇ ਲੇਖਕ ਦੋਸਤ ਆਏ ਹੋਏ ਆ। ਮੇਰੇ ਕੋਲੋਂ ਨੀਂ ਜਾ ਹੋਣਾ। ਨਾਲੇ ਆਪਾਂ ਮਿਲ ਤਾਂ ਲਏ ਆਂ।"

"ਚਲੋ, ਮੈਂ ਚਲਦੀ ਆਂ ਤੁਹਾਡੇ ਨਾਲ। ਡਾਕਟਰ ਸਾਹਬ ਤਾਂ ਬਿਜ਼ੀ ਬੰਦੇ ਆ," ਕਵਿਤਾ ਬੋਲੀ। ਸ਼ਾਇਦ ਉਸ ਨੇ ਕਵੀ ਚਾਚਾ ਜੀ ਦੇ ਜਵਾਬ ਨਾਲ ਮੇਰੇ ਮੁਰਝਾ ਗਏ ਚਿਹਰੇ ਨੂੰ ਪੜ੍ਹ ਲਿਆ ਸੀ। ਉਸ ਨੇ ਕੁਝ ਹੀ ਘੰਟਿਆਂ ਦੇ ਸਾਥ ਨਾਲ ਨੇੜਤਾ ਬਣਾ ਲਈ ਸੀ। ਸਾਰੇ ਪ੍ਰੋਗਰਾਮ ਦੌਰਾਨ ਵੀ ਮੇਰੇ ਕੋਲ ਹੀ ਬੈਠੀ ਰਹੀ ਸੀ। ਘਰ ਪਹੁੰਚਿਆਂ ਤੋਂ ਕਵਿਤਾ ਦਾ ਬੇਝਿਜਕ ਤੇ ਅਪਣੱਤ ਭਰਿਆ ਵਤੀਰਾ ਮੈਨੂੰ ਹੋਰ ਵੀ ਚੰਗਾ ਲੱਗਾ ਸੀ। ਮੈਂ ਤਾਂ ਓਦਾਂ ਹੀ ਪੁੱਛਿਆ ਸੀ, "ਕੀ ਲਵੋਂਗੇ? ਚਾਹ, ਕੌਫ਼ੀ, ਵਾਈਨ ਜਾਂ ਕੁਛ ਹੋਰ?" ਕਵਿਤਾ ਨੇ ਹੱਸ ਕੇ ਜਵਾਬ ਦਿੱਤਾ, "ਵਾਈਨ ਤਾਂ ਤੁਸੀਂ ਇਸ ਤਰ੍ਹਾਂ ਪੁੱਛਿਐ ਜਿਵੇਂ ਮੈਂ ਕਨੇਡੀਅਨ ਹੋਵਾਂ?"

" ਸੌਰੀ, ਇਸ ਤਰ੍ਹਾਂ ਪੁੱਛਣ ਦੀ ਆਦਤ ਪਈ ਹੋਈ ਆ ਜਦੋਂ ਫਰੈਂਡਜ਼ ਘਰ ਆਉਂਦੇਐਂ ।"

"ਲੈ ਸੌਰੀ ਆਲੀ ਕਿਹੜੀ ਗੱਲ ਐ। ਮੈਂ ਵੀ ਫਰੈਂਡ ਈ ਆਂ। ਚਲੋ ਅੱਜ ਵਾਈਨ ਪੀਨੇ ਆਂ।"

"ਸ਼ਿਓਰ ਐਂ?"

"ਹੈਰਾਨ ਨਾ ਹੋਵੋ, ਹਮ-ਉਮਰਾਂ 'ਚ ਸਭ ਚੱਲਦੈ।"

ਤੇ ਫਿਰ ਅਸੀਂ ਵਾਈਨ ਦੇ ਗਲਾਸ ਫੜ ਕੇ ਸੰਨ-ਡੈੱਕ 'ਤੇ ਚਲੀਆਂ ਗਈਆਂ। ਉੱਥੇ ਪਹੁੰਚ ਕੇ ਕਵਿਤਾ ਨੇ ਹਵਾ ਵਿਚ ਬਾਹਾਂ ਫੈਲਾਅ ਕੇ ਚਾਰੇ ਪਾਸੇ ਦੇਖਦੀ ਨੇ ਕਿਹਾ, "ਤੁਸੀਂ ਤਾਂ ਸਵਰਗ 'ਚ ਰਹਿੰਨੇ ਆਂ। ਐਹੋ-ਜਿਹੇ ਸੀਨ ਤਾਂ ਫ਼ਿਲਮਾਂ 'ਚ ਦੇਖੇ ਸੀ ਜਾਂ ਮੇਰੇ ਸੁਪਨਿਆਂ 'ਚ ਹੁੰਦੇ ਆ।--- ਚੰਨ ਦੀ ਚਾਨਣੀ, ਸਮੁੰਦਰ ਦਾ ਕੰਢਾ---।"

ਕਵੀ ਚਾਚਾ ਜੀ ਨੇ ਕਵੀ ਦਰਬਾਰ ਦੇ ਅਖੀਰ 'ਚ ਬੋਲਦਿਆਂ ਕਿਹਾ ਸੀ, "---ਕਵਿਤਾ ਦੀ ਕਵਿਤਾ ਬਾਰੇ ਕੀ ਕਹਾਂ! ਮੇਰੇ ਪੰਜਾਬ ਦੀ ਖੁਸ਼ਬੋ ਇਸ ਦੀ ਕਵਿਤਾ 'ਚੋਂ ਆਉਂਦੀ ਏ ਤੇ ਪੰਜਾਬ ਦੀ ਇਹ ਧੀ ਆਪ ਨਿਰੀ-ਪੁਰੀ ਕਵਿਤਾ ਏ---।"

ਚੰਦ ਦੀ ਚਾਨਣੀ ਨੂੰ ਆਪਣੀਆਂ ਬਾਹਾਂ ਵਿਚ ਭਰਨ ਦੀ ਕੋਸ਼ਿਸ਼ ਕਰ ਰਹੀ ਕਵਿਤਾ ਮੈਨੂੰ ਵੀ

ਉਸੇ ਤਰ੍ਹਾਂ ਦੀ ਹੀ ਲੱਗੀ, ਜਿਸ ਤਰ੍ਹਾ ਦੀ ਚਾਚਾ ਜੀ ਨੇ ਕਿਹਾ ਸੀ। ਤੇ ਫਿਰ ਉਹ ਚੰਦ ਵੱਲ ਮੂੰਹ ਕਰ ਕੇ ਬੈਠ ਗਈ। ਮੈਂ ਉਸ ਵੱਲ ਵੇਖਦੀ ਰਹੀ। ਮੈਨੂੰ ਲੱਗਾ ਕਿ ਉਹ ਕਵਿਤਾ ਸੋਚ ਰਹੀ ਹੋਵੇਗੀ। ਕੁਝ ਦੇਰ ਬਾਅਦ ਉਹ ਬੋਲੀ, "ਐਹੋ-ਜਿਹਾ ਹੀ ਮਾਹੌਲ ਹੁੰਦੈ ਮੇਰੇ ਸੁਪਨਿਆਂ 'ਚ , ਜਦੋਂ ਮੇਰੇ ਸੁਪਨਿਆਂ ਦਾ ਰਾਜਾ ਆ ਕੇ ਮੈਨੂੰ ਆਪਣੇ ਕਲਾਵੇ 'ਚ ਲੈਂਦਾ।"

"ਮਾਹੌਲ ਤਾਂ ਸੱਚੀਂ-ਮੁੱਚੀਂ ਦਾ ਹੈਗਾ ਤੇ ਕੱਲ੍ਹ ਨੂੰ ਭਾਅ ਜੀ ਹੋਰਾਂ ਨੂੰ ਇੱਥੇ ਬਲਾਉਣ ਲਈ ਅਪਲਾਈ ਕਰ ਦਿੰਨੇ ਆਂ।"

"ਮੈਂ ਘਰਵਾਲੇ ਦੀ ਗੱਲ ਨੀਂ ਕਰਦੀ। ਸੁਪਨਿਆਂ ਦੇ ਰਾਜੇ ਦੀ ਕਰਦੀ ਆਂ।"

ਮੈਨੂੰ ਲੱਗਾ ਕਿ ਕਵਿਤਾ ਨੇ ਮੇਰੇ ਮਜ਼ਾਕ ਦਾ ਜਵਾਬ ਉਸੇ ਲਹਿਜੇ ਵਿੱਚ ਦਿੱਤਾ ਹੈ। ਮੈਂ ਹੱਸ ਪਈ ਪਰ ਉਹ ਨਹੀਂ ਸੀ ਹੱਸੀ। ਚੁੱਪ ਕਰ ਗਈ। ਮੈਂ ਚੁੱਪ ਤੋੜਨ ਲਈ ਕਿਹਾ, "ਮੇਰੇ ਸੁਪਨਿਆਂ ਦਾ ਰਾਜਕੁਮਾਰ ਤਾਂ ਅਨਵਰ ਸੀ ਤੇ ਉਸੇ ਨੂੰ ਸੱਚ ਬਣਾ ਲਿਆ।"

"ਸਾਰੇ ਤੁਹਾਡੇ ਵਰਗੇ ਕਿਸਮਤ ਵਾਲੇ ਤਾਂ ਨਹੀਂ ਨਾ ਹੁੰਦੇ!" ਉਹ ਬੋਲੀ।

"ਕਿਸਮਤ ਦਾ ਤਾਂ ਪਤਾ ਨਹੀਂ ਪਰ ਹਿੰਮਤ ਜ਼ਰੂਰ ਕੀਤੀ। ਪੇਰੈਂਟਸ ਦੀ ਮਰਜ਼ੀ ਦੇ ਉਲਟ ਜਾ ਕੇ ਵਿਆਹ ਕਰਵਾਇਐ।"

"ਪੇਰੈਂਟਸ ਨਾਲ ਤਾਂ ਬੰਦਾ ਨਜਿੱਠ ਲੈਂਦਾ ਪਰ ਸਮਾਜ ਨਾਲ ਕਿਵੇਂ ਲੜੇ। ਇੱਥੇ ਹੋਰ ਗੱਲ ਐ। ਇੰਡੀਆ ਹੋਰ ਤਰ੍ਹਾਂ ਦਾ ਸਮਾਜ ਐ।"

"ਇੱਥੋਂ ਦਾ ਪੰਜਾਬੀ ਸਮਾਜ ਵੀ ਜਲੰਧਰ-ਮੋਗੇ ਤੋਂ ਵੱਖਰਾ ਨਹੀਂ। ਪੇਰੈਂਟਸ ਇੱਥੇ ਵੀ ਧਰਮਾਂ-ਜਾਤਾਂ ਦੇ ਡਿਫਰੈਂਸ ਦੀ ਗੱਲ ਕਰਕੇ ਬੱਚਿਆਂ ਨੂੰ ਆਪਣੀ ਪਸੰਦ ਦਾ ਲਾਈਫ਼ਪਾਰਟਨਰ ਚੁਣਨ ਤੋਂ ਰੋਕਦੇ ਆ।"

"ਅਨਵਰ ਨਾਲ ਪੜ੍ਹਦਾ ਸੀ ਥੋੜੇ?"

" ਹਾਂ, ਯੂਨੀਵਰਸਿਟੀ 'ਚ ਪੜ੍ਹਦਿਆਂ ਹੀ ਅਸੀਂ ਇਕ-ਦੂਜੇ ਦੇ ਨੇੜੇ ਆਏ। ਸਾਡੇ 'ਚ ਬਹੁਤ ਸਾਰੀਆਂ ਗੱਲਾਂ ਕੌਮਨ ਆ।"

" ਪੇਰੈਂਟਸ ਨੂੰ ਕੀ ਇਤਰਾਜ਼ ਸੀ?"

"ਕਹਿੰਦੇ ਜੇ ਮੁਸਲਮਾਨ ਨਾਲ ਵਿਆਹ ਕਰਵਾਉਣੈ ਤਾਂ ਸਾਡੇ ਲਈ ਮਰ ਗਈ । ਪਰ ਮੈਂ ਨਹੀਂ ਝੁਕੀ। ਉਹ ਇੱਥੋਂ ਟਰਾਂਟੋ ਮੂਵ ਕਰ ਗਏ। ਕਹਿੰਦੇ ਤੂੰ ਸਾਨੂੰ ਕਿਸੇ ਪਾਸੇ ਜੋਗਾ ਨਹੀਂ ਛੱਡਿਆ।"

"ਤੇ ਅਨਵਰ ਦੇ ਪੇਰੈਂਟਸ ?"

"ਉਹ ਵੀ ਬਹੁਤੇ ਖੁਸ਼ ਨਹੀ ਸੀ ਪਰ ਉਹ ਕਦੇ-ਕਦੇ ਆ ਜਾਂਦੇ ਆ।"

"ਤੁਹਾਡੇ ਪੇਰੈਂਟਸ ਵੀ ਕਿਸੇ ਦਿਨ ਆਉਣ-ਜਾਣ ਲੱਗ ਪੈਣਗੇ," ਕਵਿਤਾ ਬੋਲੀ।

"ਆਈ ਹੋਪ!" ਮੈਂ ਕਿਹਾ।

"ਜਿਹੜੀ ਉਮਰ 'ਚ ਤੁਸੀਂ ਹਿੰਮਤ ਕਰ ਲਈ ਓਸ ਉਮਰ 'ਚ ਮੇਰੀ ਹਿੰਮਤ ਨਾ ਪਈ ਤੇ ਹੁਣ ਜਦੋਂ ਹਿੰਮਤ ਪਈ ਐ ਤਾਂ ਤਲਾਸ਼ 'ਚ ਭਟਕ ਰਹੀ ਆਂ।" ਮੈਨੂੰ ਲੱਗਾ ਜਿਵੇਂ ਕਵਿਤਾ ਦੀ ਆਵਾਜ਼ ਬਹੁਤ ਦੂਰੋਂ ਆ ਰਹੀ ਹੋਵੇ। ਕਵੀ ਦਰਬਾਰ 'ਚ ਵੀ ਜਿਹੜੀ ਕਵਿਤਾ ਉਸ ਨੇ ਪੜ੍ਹੀ ਸੀ, ਉਹ ਵੀ ਭਟਕਣ ਤੇ ਤਲਾਸ਼ ਦੀ ਹੀ ਕੋਈ ਗੱਲ ਸੀ। ਪੂਰੀ ਤਰ੍ਹਾਂ ਤਾਂ ਮੈਨੂੰ ਸਮਝ ਨਹੀਂ ਸੀ ਪਈ ਪਰ ਕੁਝ ਇਸ ਤਰ੍ਹਾਂ ਸੀ: ਸੁਪਨਿਆਂ 'ਚ ਮੇਰਾ ਰਾਜਕੁਮਾਰ ਆਵੇ, ਜਦ ਅੱਖ ਖੁਲ੍ਹੇ, ਉਹ ਕੋਈ ਹੋਰ ਹੋਵੇ। ਤਰਸ, ਹਮਦਰਦੀ ਤੇ ਪਿਆਰ ਦਾ ਕੁਝ ਮਿਲਿਆ ਜੁਲਿਆ ਭਾਵ ਮੇਰੇ ਅੰਦਰ ਉਸ ਲਈ ਪੈਦਾ ਹੋਇਆ ਸੀ ਰਾਤੀਂ, ਜਦ ਅਸੀਂ ਸਨਡੈੱਕ 'ਤੇ ਬੈਠੀਆਂ ਚੰਦ ਦੀ ਚਾਨਣੀ ਮਾਣ ਰਹੀਆਂ ਸਾਂ। ਤੇ ਹੁਣ ਉਸ ਦੇ 'ਲੁਕ ਕੇ ਪੀਣ ਵਾਲੇ' ਇਕ ਵਾਕ ਨੇ ਹੀ ਉਹ ਭਾਵ ਖਿਝ ਵਿਚ ਬਦਲ ਦਿੱਤਾ ਸੀ। ਮੈਂ ਉਸ ਨੂੰ ਵਾਈਨ ਲੈਣ ਲਈ ਦੁਬਾਰਾ ਨਾ ਕਿਹਾ

ਅਤੇ ਚੀਜ਼ ਕੱਟਣ ਲੱਗ ਪਈ।

ਅਨਵਰ ਫਿਰ ਕਿਚਨ ਵਿਚ ਆ ਕੇ ਬੋਲਿਆ, "ਦੀਪ, ਗੋ ਸਿੱਟ ਵਿਦ ਅੰਕਲ, ਆਈ 'ਇਲ ਜੁਆਇਨ ਯੂ ਵਿਦ ਦਾ ਸਨੈਕਸ। ਇਹ ਮੈਂ ਕਰ ਦਿੰਨੈ," ਤੇ ਉਹ ਕੱਟੀ ਹੋਈ ਚੀਜ਼ ਅਤੇ ਸਾਸੇਜ ਦੇ ਪੀਸ ਪਲੇਟ ਵਿਚ ਰੱਖਣ ਲੱਗਾ। ਮੈਂ ਇਕ ਨਜ਼ਰ ਖਾਣੇ ਉੱਪਰ ਮਾਰੀ। ਜਿੰਨਾ ਕੁ ਮੈਨੂੰ ਯਾਦ ਸੀ, ਉਸ ਅਨੁਸਾਰ ਮੈਂ ਕਵੀ ਚਾਚਾ ਜੀ ਦੀ ਪਸੰਦ ਦਾ ਖਾਣਾ ਤਿਆਰ ਕੀਤਾ ਸੀ। ਰੋਟੀਆਂ ਮੈਂ ਬਹੁਤ ਘੱਟ ਪਕਾਉਂਦੀ ਹਾਂ। ਕਵੀ ਚਾਚਾ ਜੀ ਦੇ ਆਉਣ ਕਰਕੇ ਮੈਂ ਪਕਾ ਲਈਆਂ। ਸੋਚਿਆ ਕਿ ਚਾਚਾ ਜੀ ਸ਼ਾਇਦ ਹੋਰ ਕਿਸਮ ਦਾ ਖਾਣਾ ਪਸੰਦ ਨਾ ਕਰਨ। ਰੋਟੀਆਂ ਬਣਾਉਂਦੀ ਦੇ ਮੇਰੇ ਚਿੱਤ ਵਿਚ ਇਹ ਵੀ ਖਿਆਲ ਆਇਆ ਸੀ ਕਿ ਜੇ ਮੈਂ ਰੋਟੀਆਂ ਨਾ ਪਕਾਉਂਦੀ ਤਾਂ ਚਾਚਾ ਜੀ ਸ਼ਾਇਦ ਖਾਣੇ ਵੱਲ ਵੇਖ ਕੇ ਮਖੌਲ ਕਰਦੇ ਕਿ ਮੈਂ ਕਨੇਡੀਅਨ ਬਣ ਗਈ ਹਾਂ। ਉਹ ਇਸੇ ਤਰ੍ਹਾਂ ਹੀ ਆਪਣੀਆਂ ਚਿੱਠੀਆਂ ਵਿਚ ਪੁੱਛਦੇ, 'ਮੇਰੀ ਧੀ ਹਾਲੇ ਪੰਜਾਬੀ ਹੈ ਕਿ ਕਨੇਡੀਅਨ ਬਣ ਗਈ।'

ਇਹ ਗੱਲ ਉਹ ਉਦੋਂ ਤੋਂ ਲਿਖਣ ਲੱਗੇ ਸੀ, ਜਦ ਉਨ੍ਹਾਂ ਦੀ ਇਕ ਚਿੱਠੀ ਦੇ ਜਵਾਬ ਵਿਚ ਮੈਂ ਫੋਨ ਕਰਕੇ ਚਾਚਾ ਜੀ ਨਾਲ ਗੁੱਸੇ ਹੋਈ ਸੀ। ਉਸ ਚਿੱਠੀ ਵਿਚ ਚਾਚਾ ਜੀ ਨੇ ਮੇਰੇ ਵੱਡੇ ਭਰਾ ਨੂੰ ਇੰਡੀਆ ਆ ਕੇ ਵਿਆਹ ਕਰਵਾਉਣ ਲਈ ਸੱਦਾ ਦਿੰਦਿਆਂ ਲਿਖਿਆ ਸੀ ਕਿ 'ਕਨੇਡਾ 'ਚ ਨਾ ਫਸ ਜਾਈਂ, ਉੱਥੋਂ ਦੀਆਂ ਕੁੜੀਆਂ ਬਹੁਤੀਆਂ ਖੁੱਲ੍ਹੀਆਂ ਹੁੰਦੀਐਂ। ਤੈਨੂੰ ਇੱਥੋਂ ਸ਼ੁੱਧ ਕੁੜੀ ਲੱਭ ਕੇ ਦੇਵਾਂਗੇ।' ਚਿੱਠੀ ਪੜ੍ਹਦਿਆਂ ਮੈਨੂੰ ਲੱਗਾ ਸੀ ਜਿਵੇਂ ਕਵੀ ਚਾਚਾ ਜੀ ਨੇ ਮੈਨੂੰ ਗਾਲ੍ਹ ਕੱਢੀ ਹੋਵੇ। ਮੈਂ ਗੁੱਸੇ ਵਿੱਚ ਚਾਚਾ ਜੀ ਨੂੰ ਫ਼ੋਨ ਮਿਲਾ ਲਿਆ ਅਤੇ ਕਿਹਾ, "ਚਾਚਾ ਜੀ, ਜੇ ਕਨੇਡਾ ਦੀਆਂ ਕੁੜੀਆਂ ਅਸ਼ੁਧ ਹੁੰਦੀਐਂ ਤਾਂ ਤੁਹਾਡੀ ਇਹ ਧੀ ਵੀ ਅਸ਼ੁਧ ਹੀ ਹੋਈ ਫਿਰ।"

ਪਹਿਲਾਂ ਤਾਂ ਉਹ ਮੇਰੀ ਗੱਲ ਹੀ ਨਾ ਸਮਝੇ, ਜਦੋਂ ਮੈਂ ਚਿੱਠੀ ਬਾਰੇ ਦੱਸਿਆ ਤਾਂ ਬੋਲੇ, "ਕੁੜੀਏ, ਤੂੰ ਬਹੁਤ ਬੋਲਣ ਲੱਗ ਪਈ ਏਂ। ਤੂੰ, ਕਨੇਡੀਅਨ ਕਿੱਥੋਂ ਬਣ ਗਈ , ਹਾਲੇ ਦੋ ਸਾਲ ਤਾਂ ਤੈਨੂੰ ਗਈ ਨੂੰ ਹੋਏ ਆ। ਤੂੰ ਤਾਂ ਮੇਰੇ ਪੰਜਾਬ ਦੀ ਜੰਮੀ ਧੀ ਐਂ---।"

ਉਸ ਤੋਂ ਬਾਅਦ ਉਹ ਹਰ ਚਿੱਠੀ ਵਿਚ ਮਜ਼ਾਕ ਨਾਲ ਲਿਖਦੇ ਕਿ ਕਿਤੇ ਪੰਜਾਬ ਦੀ ਧੀ ਕਨੇਡੀਅਨ ਤਾਂ ਨਹੀਂ ਬਣ ਗਈ। ਉਨ੍ਹਾਂ ਦੀਆਂ ਚਿੱਠੀਆਂ ਵਿਚ ਤਰ੍ਹਾਂ-ਤਰ੍ਹਾਂ ਦੇ ਮਜ਼ਾਕ ਹੁੰਦੇ। ਮੈਂ ਕਵੀ ਚਾਚਾ ਜੀ ਦੀ ਚਿੱਠੀ ਉਵੇਂ ਹੀ ਚਾਅ ਨਾਲ ਪੜ੍ਹਦੀ, ਜਿਵੇਂ ਉਨ੍ਹਾਂ ਦੀਆਂ ਕਵਿਤਾਵਾਂ। ਉਦੋਂ ਉਨ੍ਹਾਂ ਨੇ ਆਪਣੀਆਂ ਦੋ ਕਿਤਾਬਾਂ ਸਾਲ ਕੁ ਦੇ ਫ਼ਰਕ ਨਾਲ ਭੇਜੀਆਂ ਸਨ। ਮੈਂ ਉਨ੍ਹਾਂ ਦੀਆਂ ਕਈ ਸਤਰਾਂ ਗੁਣਗਣਾਉਂਦੀ ਰਹਿੰਦੀ, ਖਾਸ ਕਰ ਕੇ ਜਦੋਂ ਤੋਂ ਅਨਵਰ ਨਾਲ ਨੇੜਤਾ ਹੋਈ ਸੀ।

ਅਨਵਰ ਫਿਰ ਬੋਲਿਆ, "ਗੋ ਦੀਪ, ਅਟੈਂਡ ਦਾ ਗੈੱਸਟ।"

ਮੈਂ ਆਪਣੇ ਅਤੇ ਕਵਿਤਾ ਲਈ ਜੂਸ ਪਾਇਆ ਅਤੇ ਚਾਚਾ ਜੀ ਕੋਲ ਚਲੀ ਗਈ। ਲੱਗਦਾ ਹੀ ਨਹੀਂ ਸੀ ਕਿ ਉਹ ਹਰ ਵੇਲੇ ਮਖੌਲ ਕਰਨ ਵਾਲੇ ਕਵੀ ਚਾਚਾ ਜੀ ਸੀ। "ਡਾਕਟਰ ਸਾਹਬ, ਕਿੰਨੀ ਰਮਣੀਕ ਥਾਂ 'ਤੇ ਮਕਾਨ ਲਿਐ ਦੀਪ ਹੋਰਾਂ ਨੇ," ਕਵਿਤਾ ਬੋਲੀ।

"ਹਾਂ, ਵਾਕਿਆ ਹੀ ਬਹੁਤ ਮਨਮੋਹਣੀ ਜਗ੍ਹਾ ਐ," ਚਾਚਾ ਜੀ ਨੇ ਕਿਹਾ।

"ਥੈਂਕਯੂ, ਤੁਸੀਂ ਇੱਥੇ ਹੀ ਰਹੋ, ਜਿੰਨੇ ਦਿਨ ਵੈਨਕੂਵਰ 'ਚ ਐਂ। ਇੱਥੇ ਬੈਠ ਕੇ ਕਵਿਤਾ ਲਿਖੋ," ਮੈਂ ਕਿਹਾ।

ਚਾਚਾ ਜੀ ਥੋੜ੍ਹਾ ਜਿਹਾ ਮੁਸਕਰਾਏ ਫਿਰ ਬੋਲੇ, " ਤੂੰ ਕਵਿਤਾ ਪੜ੍ਹਦੀ ਹੁੰਨੀ ਐਂ ਕਿ ਹਟ ਗਈ।"

"ਹੁਣ ਮੈਂ ਕਵਿਤਾ ਜਿਉਨੀ ਆਂ," ਮੇਰੇ ਮੂੰਹੋ ਅਚੇਤ ਹੀ ਨਿਕਲ ਗਿਆ। ਮੈਂ ਆਪਣੇ-ਆਪ ਨਾਲ ਵਾਅਦਾ ਕੀਤਾ ਸੀ ਕਿ ਚਾਚਾ ਜੀ ਨਾਲ ਕੋਈ ਵੀ ਗਿਲੇ-ਸ਼ਿਕਵੇ ਵਾਲੀ ਗੱਲ ਨਹੀਂ ਕਰਨੀ ਪਰ ਇਹ

ਆਪ ਮੁਹਾਰਾ ਹੀ ਮੈਥੋਂ ਆਖ ਹੋ ਗਿਆ। ਚਾਚਾ ਜੀ ਚੁੱਪ ਹੋ ਗਏ। ਕਵਿਤਾ ਬੋਲੀ, "ਦੇਖਿਆ ਡਾਕ ਸਾਹਬ, ਦੀਪ ਹੋਰੀਂ ਕਵਿਤਾ ਵਾਲੀ ਭਾਸ਼ਾ 'ਚ ਗੱਲ ਕਰਦੇ ਐ।" ਚਾਚਾ ਜੀ ਥੋੜ੍ਹਾ ਜਿਹਾ ਫਿਰ ਮੁਸਕਰਾ ਤੇ ਚੁੱਪ ਕਰ ਗਏ। ਅਨਵਰ ਸਾਸੇਜ ਵਾਲੀ ਪਲੇਟ ਲੈ ਕੇ ਆ ਗਿਆ ਸੀ। ਉਸ ਨੇ ਜਦ ਪਲੇਟ ਚਾਚਾ ਜ ਮੂਹਰੇ ਕੀਤੀ ਤਾਂ ਉਹ ਬੋਲੇ, "ਮੈਨੂੰ ਤਾਂ ਪੰਜਾਬੀ ਖਾਣੇ ਤੋਂ ਬਿਨਾਂ ਹੋਰ ਕੁਝ ਚੰਗਾ ਨੀਂ ਲੱਗਦਾ।" "ਟਰਾ ਕਰ ਲਓ। ਜੇ ਨਾ ਚੰਗਾ ਲੱਗਾ ਤਾਂ ਛੱਡ ਦਿਓ," ਮੈਂ ਕਿਹਾ। ਪਰ ਉਨ੍ਹਾਂ ਨੇ ਟਰਾਈ ਨਾ ਕੀਤਾ ਤੇ ਸਿਰ ਫੇ ਦਿੱਤਾ। ਚੁੱਪ ਫਿਰ ਤਣ ਗਈ। ਚੁੱਪ ਨੂੰ ਤੋੜਣ ਲਈ ਮੈਂ ਸੋਚਿਆ ਕਿ ਫਿਰ ਚਾਚੀ ਹੋਰਾਂ ਦਾ ਹਾਲ-ਚਾਲ ਪੁੱ ਲਵਾਂ ਪਰ ਉਹ ਤਾਂ ਪਹਿਲਾਂ ਹੀ ਚਾਰ ਵਾਰ ਪੁੱਛ ਚੁੱਕੀ ਸੀ। ਪਤਾ ਹੀ ਨਾ ਲੱਗੇ ਕਿ ਕੀ ਗੱਲ ਕਰਾਂ। ਚਾਚਾ ਜ ਕਿਸੇ ਵੀ ਗੱਲ ਨੂੰ ਅਗਾਂਹ ਤੋਰਨ ਦਾ ਲੜ ਹੀ ਨਹੀਂ ਸੀ ਫੜਾ ਰਹੇ। ਚਾਚਾ ਜੀ ਤਾਂ ਗੱਲਾਂ ਦੀ ਲੜੀ ਹੀ ਨਹ ਸੀ ਟੁੱਟਣ ਦਿੰਦੇ ਇਸੇ ਕਰਕੇ ਤਾਂ ਡੈਡੀ ਉਨ੍ਹਾਂ ਨੂੰ ਗੱਲਾਂ ਦਾ ਗਲਾਧੜ ਆਖਦੇ ਸੀ। ਮਾਹੌਲ ਦੇਖ ਕੇ ਮੈਨੂ ਲੱਗਾ ਕਿ ਇਸ ਤਰ੍ਹਾਂ ਚੁੱਪ ਬੈਠੇ ਰਹਿਣਾ ਬਹੁਤੀ ਦੇਰ ਨਹੀਂ ਚੱਲੇਗਾ। ਮੈਂ ਸੋਚਿਆ ਕਿ ਕਿਉਂ ਨਾ ਸਬਜ਼ੀਆ ਨੂੰ ਥੋੜ੍ਹੀ ਹੀਟ 'ਤੇ ਹੀ ਲਾ ਆਵਾਂ, ਜਦੋਂ ਇਸ਼ਾਰਾ ਹੋਇਆ ਖਾਣਾ ਲਾ ਦੇਵਾਂਗੀ। ਮੇਰੇ ਕਿਚਨ 'ਚ ਜਾਂਦਿਆ ਹੀ ਅਨਵਰ ਫਿਰ ਡਰਿੰਕ ਲੈਣ ਆ ਗਿਆ। ਆਉਂਦਾ ਹੀ ਬੋਲਿਆ, "ਅੰਕਲ ਡਜ਼ਨ'ਟ ਸਪੀਕ ਮੱਚ, ਡਾ ਹੀ?" "ਜਿਆ," ਮੈਥੋਂ ਬੱਸ ਇਹ ਹੀ ਆਖ ਹੋਇਆ। ਮੈਨੂੰ ਮਹਿਸੂਸ ਹੋਇਆ ਕਿ ਚਾਚਾ ਜੀ ਹਾਲੇ ਨਰਾਜ਼ ਈ ਆ। 'ਫਿਰ ਨਾ ਹੀ ਆਉਂਦੇ,' ਮੈਂ ਸੋਚਿਆ। ਮੈਨੂੰ ਲੱਗਾ ਕਿ ਕਵਿਤਾ ਜ਼ਬਰਦਸਤੀ ਲੈ ਕੇ ਆਈ ਹੋਵੇਗੀ।

ਸਵੇਰੇ ਜਦ ਮੈਂ ਕਵਿਤਾ ਨੂੰ ਛੱਡਣ ਗਈ ਸੀ ਤਾਂ ਉਹ ਕਾਰ 'ਚੋਂ ਉੱਤਰ ਕੇ ਗਲੇ ਮਿਲਦਿਆ ਬੋਲੀ ਸੀ, " ਤੁਹਾਡੇ ਪੇਰੈਂਟਸ ਦਾ ਤਾਂ ਆਖ ਨਹੀਂ ਸਕਦੀ ਪਰ ਡਾਕਟਰ ਸਾਹਬ ਨੂੰ ਤੁਹਾਡੇ ਘਰ ਜ਼ਰੂਰ ਲੈ ਕੇ ਆਵਾਂਗੀ।

"ਫੋਰਸ ਨਾ ਕਰਿਓ ਜੇ ਉਨ੍ਹਾਂ ਦੀ ਇੱਛਾ ਹੋਈ ਤਾਂ ਜਦੋਂ ਮਰਜ਼ੀ ਪ੍ਰੋਗਰਾਮ ਬਣਾ ਲਿਓ," ਮੈ ਕਿਹਾ।

"ਮੈਂ ਫੋਨ ਕਰਾਂਗੀ," ਆਖ ਕੇ ਉਹ ਚਲੀ ਗਈ ਸੀ। ਤੇ ਫੋਨ ਕਰਕੇ ਅੱਜ ਰਾਤ ਦੇ ਖਾਣੇ ਦਾ ਹੀ ਪ੍ਰੋਗਰਾਮ ਬਣਾ ਲਿਆ ਸੀ। ਮੈਨੂੰ ਲਗਦਾ ਨਹੀਂ ਸੀ ਕਿ ਚਾਚਾ ਜੀ ਘਰ ਆਉਣਗੇ। ਉਨ੍ਹਾਂ ਨੇ ਉਦੋਂ ਹੀ ਜਵਾਬ ਦੇ ਦਿੱਤਾ ਸੀ, ਜਦ ਇਮੀਗਰੇਸ਼ਨ ਦੇ ਔਫਿਸ 'ਚ ਮਿਲੇ ਸੀ।

'ਸਰੀ ਇਮੀਗ੍ਰੇਸ਼ਨ ਸਰਵਿਸਜ' ਦੇ ਔਫਿਸ ਵਿਚ ਕਵੀ ਚਾਚਾ ਜੀ ਨੂੰ ਦੇਖ ਕੇ ਮੈਂ ਹੈਰਾਨ ਹੀ ਰਹਿ ਗਈ ਸੀ। ਪਹਿਲਾਂ ਖਿਆਲ ਆਇਆ ਕਿ ਕੋਈ ਹੋਰ ਹੋਵੇਗਾ । ਚਾਚਾ ਜੀ ਨੂੰ ਐਨੇ ਸਾਲਾਂ ਤੋਂ ਦੇਖਿਆ ਵੀ ਤਾਂ ਨਹੀਂ ਸੀ! ਪਰ ਮੈਂ ਖਿਆਲਾਂ 'ਚ ਉਲਝੀ ਨਹੀਂ ਤੇ ਕੈਬਿਨ 'ਚੋਂ ਨਿਕਲ ਕੇ ਚਾਚਾ ਜੀ ਦੇ ਸਾਹਮਣੇ ਜਾ ਖਲੋਤੀ। ਇਹ ਵੀ ਨਾ ਸੋਚਿਆ ਕਿ ਚਾਚਾ ਜੀ ਪਛਾਨਣ ਤੋਂ ਇਨਕਾਰ ਵੀ ਕਰ ਸਕਦੇ ਸੀ। "ਚਾਚਾ ਜੀ, ਤੁਸੀਂ?"

ਉਹ ਇਕ ਦਮ ਭੌਚੱਕੇ ਜਿਹੇ ਰਹਿ ਗਏ । ਫਿਰ ਹੌਲੀ ਜਿਹੀ ਬੋਲੇ, "ਦੀਪ?"

"ਤੁਸੀਂ ਕਦੋਂ ਆਏ ਆਂ? ਚਾਚੀ ਜੀ ਹੋਰੀਂ ਕਿੱਥੇ ਆ? ਉਹ ਵੀ ਆਏ ਆ?" ਮੈਂ ਹੈਰਾਨੀ 'ਚ ਕਈ ਸਵਾਲ ਇਕੱਠੇ ਹੀ ਪੁੱਛ ਲਏ।

"ਕੱਲ੍ਹ ਹੀ ਆਏ ਸੀ। ਇਕੱਲਾ ਹੀ ਆਇਐਂ ਕੁਝ ਲੇਖਕ ਦੋਸਤਾਂ ਨਾਲ। ਇੱਥੇ ਕਾਨਫਰੰਸ ਹੋਣੀ ਆ। ਤੇ ਤੂੰ ਇੱਥੇ ਕਿਵੇਂ? ਤੂੰ ਤਾਂ ਟੀਚਰ ਨੀਂ ਸੀ ਬਣ ਗਈ।"

"ਟੀਚਰ ਈ ਆਂ। ਅਗਲੇ ਮਹੀਨੇ ਤੋਂ ਸਕੂਲ ਬੰਦ ਹੋ ਜਾਣੇ ਆ। ਸੋਚਿਆ ਕਿ ਜੁਲਾਈ-ਅਗਸਤ ਦਾ ਮਹੀਨਾ ਇੰਡੀਆ ਬਿਤਾ ਆਈਏ। 'ਸਰੀ ਇਮੀਗ੍ਰੇਸ਼ਨ' ਵਾਲਿਆ ਨੇ ਜਲੰਧਰ ਨੈਨੀ ਸਕੂਲ ਖੋਲ੍ਹਿਐ। ਉੱਥੇ ਪੜ੍ਹਾਉਣ ਜਾਣ ਦਾ ਵਿਚਾਰ ਐ। ਤੁਸੀਂ ਦੱਸੋ ਚਾਚੀ ਜੀ ਹੋਰਾਂ ਦਾ ਕੀ ਹਾਲ-ਚਾਲ ਸੀ? ਆਓ

ਘਰ ਚੱਲੀਏ।"

"ਨਹੀਂ, ਐਨਾ ਟਾਈਮ ਹੈ ਨੀਂ। ਥੋੜ੍ਹੇ ਦਿਨ ਹੀ ਹਨ। ਕੱਲ੍ਹ ਤੋਂ ਕਾਨਫਰੰਸ 'ਚ ਬਿਜ਼ੀ ਹੋ ਜਾਣੈ। ਇਸੇ ਕਰ ਕੇ ਅੱਜ ਇੱਥੇ ਆਏ ਆਂ। ਸੋਚਿਆ ਕਿ ਪਹਿਲਾ-ਪਹਿਲਾਂ ਕੰਮ ਨਬੇੜ ਆਈਏ," ਚਾਚਾ ਜੀ ਬੋਲੇ ਅਤੇ ਫਿਰ ਉਨ੍ਹਾਂ ਨੇ ਨਾਲ ਖੜ੍ਹੀ ਕੁੜੀ ਵੱਲ ਇਸ਼ਾਰਾ ਕਰਦਿਆਂ ਕਿਹਾ, " ਇਹ ਮੇਰੀ ਅਜ਼ੀਜ਼ਾ ਐ, ਕਵਿਤਾ। ਬਹੁਤ ਸੋਹਣਾ ਲਿਖਦੀ ਆ। ਇਨ੍ਹਾਂ ਦੀ ਬੇਟੀ ਨੇ ਜਲੰਧਰ ਵਾਲੇ ਨੈਨੀ ਸਕੂਲ 'ਚ ਐਡਮਿਸ਼ਨ ਲੈਣੀ ਆ, ਉਸੇ ਸਿਲਸਿਲੇ 'ਚ ਆਏ ਸੀ।"

ਮੈਂ ਕਵਿਤਾ ਨੂੰ 'ਹੈਲੋ' ਆਖ ਕੇ ਚਾਚਾ ਜੀ ਨੂੰ ਕਿਹਾ, "ਇਹ ਕੀ ਗੱਲ ਹੋਈ ਚਾਚਾ ਜੀ? ਇਟਸ ਨਾਟ ਫੇਅਰ।"

"ਕਾਨਫਰੰਸ ਤੋਂ ਬਾਅਦ ਪਰਸੋਂ ਕਵੀ-ਦਰਬਾਰ ਤੇ ਡਿਨਰ ਦਾ ਪ੍ਰੋਗਰਾਮ ਹੋਵੇਗਾ। ਡਾਕਟਰ ਸਾਹਬ, ਤੁਸੀਂ ਇਨ੍ਹਾਂ ਨੂੰ ਉੱਥੇ ਬੁਲਾ ਲਵੋ," ਚਾਚਾ ਜੀ ਦੇ ਨਾਲ ਆਇਆ ਆਦਮੀ ਬੋਲਿਆ।

"ਹਾਂ, ਦੀਪ ਉੱਥੇ ਆ ਜੀਂ ਤੂੰ," ਚਾਚਾ ਜੀ ਬੋਲੇ।

"ਸ਼ਿਓਰ," ਮੈਂ ਕਿਹਾ।

ਪਰ ਜਦ ਚਾਚਾ ਜੀ ਦੇ ਅਚਾਨਕ ਮਿਲਣ ਕਰਕੇ ਪੈਦਾ ਹੋਈ ਐਕਸਾਈਟਮੈਂਟ ਘਟਣ ਲੱਗੀ ਤਾਂ ਮੈਂ ਦੋਚਿੱਤੀ 'ਚ ਪੈ ਗਈ ਕਿ ਜਾਵਾਂ ਜਾਂ ਨਾ। ਮੈਨੂੰ ਕਵੀ ਚਾਚਾ ਜੀ ਦੇ ਬੋਲਾਂ ਵਿਚਲਾ ਓਪਰਾਪਨ ਰੜਕਣ ਲੱਗਾ। ਉਨ੍ਹਾਂ ਨੇ ਇਕ ਵਾਰ ਵੀ ਅਨਵਰ ਦਾ ਹਾਲ-ਚਾਲ ਨਹੀਂ ਸੀ ਪੁੱਛਿਆ। ਨਾ ਹੀ ਉਸ ਨੂੰ ਨਾਲ ਲੈ ਕੇ ਆਉਣ ਲਈ ਕਿਹਾ ਸੀ। ਇਕ ਵਾਰ ਤਾਂ ਖਿਆਲ ਆਇਆ ਕਿ ਉੱਥੇ ਨਹੀਂ ਜਾਵਾਂਗੀ। ਪਰ ਫਿਰ ਸੋਚਿਆ ਕਿ ਅਚਾਨਕ ਮਿਲੇ ਹੋਣ ਕਰਕੇ ਸ਼ਾਇਦ ਉਨ੍ਹਾਂ ਨੂੰ ਔਹੜਿਆ ਹੀ ਨਾ ਹੋਵੇ। 'ਬੈਨੀਫਿਟ ਆਫ਼ ਡਾਊਟ' ਸੋਚ ਕੇ ਮੈਂ ਆਪ ਹੀ ਮੁਸਕਰਾ ਪਈ ਸੀ। ਅਸਲ ਵਿਚ ਮੈਨੂੰ ਚਾਚਾ ਜੀ ਦੇ ਐਡਾ ਵੱਡਾ ਕਵੀ ਬਣ ਜਾਣ ਦੀ ਖੁਸ਼ੀ ਹੋਈ ਸੀ। 'ਮਸ਼ਹੂਰ ਕਵੀ ਹੋਣ ਕਰਕੇ ਹੀ ਉਨ੍ਹਾਂ ਨੂੰ ਕਾਨਫਰੰਸ ਅਟੈਂਡ ਕਰਨ ਲਈ ਬੁਲਾਇਆ ਹੋਵੇਗਾ,' ਮੈਂ ਸੋਚਿਆ। ਤੇ ਕਵੀ ਦਰਬਾਰ ਵਿਚ ਵੀ ਜਦ ਉਹ ਕਵਿਤਾ ਸਣਾਉਣ ਲਈ ਉੱਠੇ, ਖੂਬ ਤਾੜੀਆਂ ਵੱਜੀਆਂ ਸਨ। ਉਨ੍ਹਾਂ ਨੇ ਆਪਣੀ ਕਵਿਤਾ ਸਣਾਉਣ ਤੋਂ ਪਹਿਲਾਂ ਵਾਰਿਸ ਸ਼ਾਹ ਦੀਆਂ ਸਤਰਾਂ ਬੋਲੀਆਂ। ਮੈਂ ਉਨ੍ਹਾਂ ਵਿਚ ਹੀ ਗੁਆਚ ਗਈ। ਇਹੀ ਸਤਰਾਂ ਮੇਰੇ ਘਰ ਲੱਗੀ ਵਾਰਿਸ ਸ਼ਾਹ ਦੀ ਤਸਵੀਰ ਦੇ ਹੇਠਾਂ ਲਿਖੀਆਂ ਹੋਈਆਂ ਹਨ। ਇਹ ਤਸਵੀਰ ਸਾਨੂੰ ਅਨਵਰ ਦੇ ਇਕ ਆਰਟਿਸਟ ਦੋਸਤ ਨੇ ਦਿੰਦਿਆਂ ਕਿਹਾ ਸੀ ਕਿ ਇਸ ਦਾ ਅਸਲੀ ਥਾਂ ਸਾਡਾ ਘਰ ਹੀ ਹੈ। ਫਿਰ ਉਸ ਨੇ ਉਨ੍ਹਾ ਸਤਰਾਂ ਦੇ ਅਰਥ ਦੱਸੇ ਸਨ। ਮੈਂ ਉਸ ਸ਼ੇਅਰ ਨੂੰ ਆਮ ਹੀ ਗੁਣਗਣਾਉਣ ਲੱਗੀ ਸੀ। ਚਾਚਾ ਜੀ ਦੀ ਕਵਿਤਾ ਵੱਲ ਤਾਂ ਮੇਰਾ ਧਿਆਨ ਹੀ ਨਹੀਂ ਸੀ ਗਿਆ, ਮੇਰੇ ਕੰਨਾਂ ਵਿਚ ਤਾਂ ਇਹ ਬੋਲ ਹੀ ਗੂੰਜ ਰਹੇ ਸਨ: 'ਜੀਓਂ ਆਸ਼ਕਾਂ ਦਾ ਕਿੰਗਰਾ ਰੱਬ ਦਾ ਏ, ਵੇ ਕਾਜ਼ੀ ਅਰਸ਼ ਖੁਦਾਹਿ ਦਾ ਢਾਹ ਨਾਹੀਂ, ਵੇ ਮੈਂ ਜੀਊਣੇ ਕਾਜ਼ ਈਮਾਨ ਵੇਚਾਂ, ਕੌਣ ਜੰਮਿਆਂ ਜੋ ਅੰਤ ਫਨਾਹ ਨਾਹੀ।' ਤੇ ਜਦ ਚਾਚਾ ਜੀ ਆਪਣੀ ਕਵਿਤਾ ਬੋਲ ਹਟੇ ਤਾਂ ਹਾਲ ਵਿਚ ਕਾਫ਼ੀ ਸਮਾਂ ਤਾੜੀਆਂ ਵੱਜਦੀਆਂ ਰਹੀਆਂ।

ਚਾਚਾ ਜੀ ਨੂੰ ਰਾਤ ਮਿਲੀ ਪ੍ਰਸ਼ੰਸਾ ਦੀ ਵਧਾਈ ਦੇਣ ਲਈ ਮੈਂ ਸੰਨਡੈੱਕ 'ਤੇ ਜਾ ਕੇ ਬੋਲੀ, "ਚਾਚਾ ਜੀ, ਕੱਲ੍ਹ ਡਿਨਰ ਪਾਰਟੀ 'ਚ ਤੁਹਾਨੂੰ ਲੋਕਾਂ 'ਚ ਘਿਰਿਆ ਦੇਖ ਕੇ ਬਹੁਤ ਖੁਸ਼ੀ ਹੋਈ। ਮੈਨੂੰ ਤਾਂ ਪਤਾ ਹੀ ਨਹੀਂ ਸੀ ਕਿ ਮੇਰੇ ਚਾਚਾ ਜੀ ਐਡੇ ਵੱਡੇ ਕਵੀ ਆ।"

ਚਾਚਾ ਜੀ ਮੁਸਕਰਾਏ। ਬੋਲੇ ਫੇਰ ਵੀ ਨਾ। ਕਵਿਤਾ ਬੋਲੀ, "ਡਾਕਟਰ ਸਾਹਬ ਤਾਂ ਪੰਜਾਬੀ ਕਵਿਤਾ 'ਚ ਅਥਾਰਟੀ ਐ। ਜਿਹੜੀ ਕਵਿਤਾ ਇਨ੍ਹਾਂ ਨੂੰ ਭਾਅ ਜਾਵੇ ਉਹ ਸਮਝੋ ਕਾਮਯਾਬ। ਜਦੋਂ ਦੇ ਇਹ ਅਲੋਚਨਾ ਵਾਲੇ ਪਾਸੇ ਆਏ ਆ ਉਦੋਂ ਦੇ ਤਾਂ ਕਵੀ ਲੋਕ ਇਸੇ ਆਸ ਨਾਲ ਇਨ੍ਹਾਂ ਨਾਲ ਨੇੜਤਾ ਵਧਾਉਂਦੇ ਆ ਕਿ ਉਨ੍ਹਾਂ ਦੀ ਕਵਿਤਾ ਦੀ ਸ਼ੋਭਾ 'ਚ ਇਹ ਦੋ ਅੱਖਰ ਲਿਖ ਦੇਣ।"

ਮੈਨੂੰ ਵੀ ਤਾਂ ਚਾਚਾ ਜੀ 'ਤੇ ਆਸ ਸੀ ਕਿ ਉਹ ਡੈਡੀ ਹੋਰਾਂ ਨੂੰ ਮੇਰਾ ਤੇ ਅਨਵਰ ਦਾ ਵਿਆਹ

ਕਰ ਦੇਣ ਲਈ ਸਮਝਾਉਣਗੇ। ਇਸੇ ਆਸ ਨਾਲ ਮੈਂ ਉਨ੍ਹਾਂ ਨੂੰ ਫ਼ੋਨ ਕੀਤਾ ਸੀ। ਪਰ ਚਾਚਾ ਜੀ ਦੀ ਆਵਾਜ਼

"ਚਾਚਾ ਜੀ, ਕਨੇਡੀਅਨ ਬਣਨ 'ਚ ਮਾੜਾ ਵੀ ਕੀ ਆ?"

"ਮਾਪਿਆਂ ਦੇ ਆਖੇ ਨਾ ਲੱਗਣਾ ਹੋਰ ਕੀ ਏ? ਪੰਜਾਬੀ ਕੁੜੀਆਂ ਨੀਂ ਏਸ ਤਰ੍ਹਾਂ ਕਰਦੀਆਂ। ਮਾਂ-ਬਾਪ ਬੱਚਿਆਂ ਦੇ ਦੁਸ਼ਮਣ ਨੀਂ ਹੁੰਦੇ। ਉਨ੍ਹਾਂ ਨੂੰ ਪਤਾ ਹੁੰਦੈ ਪਈ ਬੱਚਿਆਂ ਲਈ ਕੀ ਠੀਕ ਏ ਤੇ ਕੀ ਗ਼ਲਤ।"

"ਪਰ ਮੈਨੂੰ ਦੱਸੋ ਤਾਂ ਸਹੀ ਕਿ ਇਸ ਵਿਚ ਗ਼ਲਤ ਕੀ ਐ?"

"ਇਹਦੇ 'ਚ ਠੀਕ ਵੀ ਕੀ ਏ? ਵਿਆਹ ਕਰਵਾ ਕੇ ਤੈਨੂੰ ਧਰਮ ਬਦਲਣਾ ਪਏਗਾ। ਤੇ ਏਸ ਧਰਮ ਨੂੰ ਬਚਾਉਣ ਲਈ ਸਾਡੇ ਗੁਰੂਆਂ ਨੇ---।" ਚਾਚਾ ਜੀ ਨੇ ਗੱਲ ਪੂਰੀ ਵੀ ਨਹੀਂ ਸੀ ਕੀਤੀ ਕਿ ਮੈਂ ਵਿਚ ਹੀ ਬੋਲ ਪਈ, " ਜੇ ਇਹੀ ਗੱਲ ਐ ਤਾਂ ਬੇਫ਼ਿਕਰ ਹੋ ਜਾਓ। ਨਾ ਮੈਂ ਧਾਰਮਿਕ ਆਂ ਤੇ ਨਾ ਅਨਵਰ।"

"ਤੁਸੀਂ ਧਾਰਮਿਕ ਹੋਵੋ ਜਾਂ ਨਾ। ਇਹਦੇ ਨਾਲ ਕੋਈ ਫਰਕ ਨੀਂ ਪੈਂਦਾ। ਤੁਸੀਂ ਦੋ ਵੱਖ-ਵੱਖ ਧਰਮਾਂ ਨਾਲ ਸੰਬੰਧਤ ਆਂ। ਜਿਹੜੀ ਸੁਸਾਇਟੀ 'ਚ ਅਸੀਂ ਰਹਿਨੇ ਆਂ ਓਹਦੇ 'ਚ ਇਹ ਪ੍ਰਵਾਨਤ ਨਹੀਂ। ਤੂੰ ਆਪਣੇ ਇਕੱਲੀ ਬਾਰੇ ਸੋਚਦੀ ਏਂ। ਸਾਡੇ ਬਾਰੇ ਨੀਂ ਸੋਚਦੀ। ਅਸੀਂ ਲੋਕਾਂ ਨੂੰ ਕੀ ਮੂੰਹ ਦਿਖਾਵਾਂਗੇ?"

ਮੈਨੂੰ ਚਾਚਾ ਜੀ ਦੇ ਵਰਤਾਵ 'ਤੇ ਹੈਰਾਨੀ ਹੋਈ। ਮੈਂ ਰੋਣਹਾਕੀ ਆਵਾਜ਼ 'ਚ ਕਿਹਾ, "ਮੈਨੂੰ ਤਾਂ ਲੱਗਦਾ ਸੀ ਕਿ ਤੁਸੀਂ ਮੇਰੇ ਨਾਲ ਖੜੋਂਗੇ। ਤੁਹਾਡੀ ਕਵਿਤਾ ਤੋਂ ਤਾਂ ਮੈਂ ਪਿਆਰ ਕਰਨਾ ਸਿੱਖਿਐ।"

"ਕਵਿਤਾ ਜਜ਼ਬਾਤ ਦਾ ਪ੍ਰਗਟਾਵਾ ਹੁੰਦੀ ਏ। ਆਮ ਜ਼ਿੰਦਗੀ ਜਜ਼ਬਾਤ ਦੇ ਆਸਰੇ ਨੀਂ ਚੱਲਦੀ। ਇਹ ਸਮਾਜਕ ਤੌਰ-ਤਰੀਕਿਆਂ ਨਾਲ ਜੀਵੀ ਜਾਂਦੀ ਐ। ਜਜ਼ਬਾਤ ਨੂੰ ਮਾਰ ਕੇ।"

ਪਰ ਮੈਂ ਜਜ਼ਬਾਤ ਨੂੰ ਨਹੀਂ ਸੀ ਮਾਰਿਆ। ਚਾਚਾ ਜੀ ਦੀਆਂ ਲਿਖੀਆਂ ਕਵਿਤਾਵਾਂ ਪੜ੍ਹਨ ਦਾ ਮੋਹ ਘਟ ਗਿਆ ਸੀ। ਹੁਣ ਚਾਚਾ ਜੀ ਨੂੰ ਕੋਈ ਗੱਲ ਕਰਨ ਲਈ ਉਕਸਾਉਣ ਦੀ ਕੋਸ਼ਿਸ਼ ਕਰਦੀ ਇਸ ਕਵਿਤਾ ਦਾ ਮੋਹ ਆਇਆ ਸੀ। ਇਹ ਵੱਖਰੀ ਗੱਲ ਹੈ ਕਿ ਉਹ ਵੀ ਬਹੁਤੀ ਕਾਮਯਾਬ ਨਹੀਂ ਸੀ ਹੋ ਰਹੀ। ਇਸ ਵਾਰ ਚੁੱਪ ਦਾ ਪੱਥਰ ਚਾਚਾ ਜੀ ਨੇ ਹੀ ਤੋੜਿਆ। ਉਹ ਬੋਲੇ, "ਚਲੋ ਦੀਪ, ਰੋਟੀ ਦਾ ਕਰੋ ਪ੍ਰਬੰਧ।" ਮੈਂ ਝੱਟ ਉੱਠ ਕੇ ਕਿਚਨ ਵੱਲ ਚਲੀ ਗਈ। ਖਾਣਾ ਖਾਂਦਿਆਂ ਫਿਰ ਉਹੀ ਚੁੱਪ। 'ਆਹ ਲਓ,' 'ਇਹ ਲਓ' ਬੋਲ ਕੇ ਥੋੜ੍ਹੀ ਦੇਰ ਤਾਂ ਮੈਂ ਰੁੱਝੀ ਰਹੀ ਪਰ ਜਦ ਫਿਰ ਬੁਰਕੀਆਂ ਚਿੱਥਣ ਦੀ ਆਵਾਜ਼ ਸੁਣਨ ਲੱਗੀ ਤਾਂ ਮੈਂ ਚਾਚਾ ਜੀ ਨੂੰ ਚੱਲਵਾਂ ਜਿਹਾ ਪੁੱਛ ਲਿਆ, " ਚਾਚਾ ਜੀ, ਕਿਵੇਂ ਲੱਗਾ ਸਾਡਾ ਵੈਨਕੂਵਰ?"

"ਵੈਨਕੂਵਰ ਦੇਖਿਆ ਈ ਕਿੱਥੇ ਆ, ਹਾਲੇ। ਕਾਨਫਰੰਸ 'ਚ ਹੀ ਬਿਜ਼ੀ ਰਹੇ," ਆਖ ਕੇ ਚਾਚਾ ਜੀ ਨੇ ਫਿਰ ਪੱਲਾ ਛੁਡਾਉਣ ਦੀ ਕੋਸ਼ਿਸ਼ ਕੀਤੀ ਪਰ ਇਸ ਵਾਰ ਮੈਂ ਇਕ ਕੰਨੀ ਫੜ ਹੀ ਲਈ। "ਐਨੇ ਲੋਕਾਂ ਨੂੰ ਮਿਲੇ ਹੋਵੋਂਗੇ, ਕੋਈ ਤਾਂ ਇੰਪ੍ਰੈਸ਼ਨ ਲਿਆ ਈ ਹੋਵੇਗਾ?"

"ਬਹੁਤਾ ਪੰਜਾਬੀ ਲੋਕਾਂ ਨੂੰ ਈ ਮਿਲਿਐਂ। ਉਹ ਲੱਗਦੈ ਬਹੁਤ ਐਡਵਾਂਸ ਹੋ ਗਏ ਆ। ਕਨੇਡੀਅਨ ਕਲਚਰ ਅਪਣਾ ਰਹੇ ਆ।"

"ਕਿਹੜੀ ਗੱਲ ਤੋਂ ਤੁਹਾਨੂੰ ਇਸ ਤਰ੍ਹਾਂ ਲੱਗਾ?"

"ਤੁਹਾਡੇ ਵਾਸਤੇ ਸ਼ਾਇਦ ਇਹ ਨੌਰਮਲ ਹੋਵੇ ਪਰ ਮੈਨੂੰ ਕਈ ਲੜਕੀਆਂ ਨੂੰ ਸ਼ਰਾਬ ਪੀਂਦਿਆਂ ਦੇਖ ਕੇ ਅਜੀਬ ਲੱਗਾ। ਇਕ ਤਾਂ ਮੇਰੇ ਨਾਲ ਚੀਅਰਜ਼ ਵੀ ਕਰ ਗਈ।"

"ਮੈਂ ਤਾਂ ਆਪ ਪੀ ਲੈਨੀ ਆਂ," ਮੈਂ ਕਿਹਾ। ਮੈਨੂੰ ਲੱਗਾ ਕਿ ਚਾਚਾ ਜੀ ਮਜ਼ਾਕ ਨਾਲ ਕਹਿਣਗੇ,

ਬਰਾਬਰ ਗਲਾਸ ਨਾ ਭਰ ਲਿਆਵੇਂ।" ਸ਼ਾਇਦ ਇਹ ਸ਼ਰਾਬ ਦਾ ਹੀ ਅਸਰ ਸੀ ਕਿ ਚਾਚਾ ਜੀ ਥੋੜ੍ਹਾ ਜਿਹਾ ਖੁੱਲ੍ਹ ਗਏ ਸੀ।

"ਵਾਟਸ ਰੌਂਗ ਵਿਦ ਇਟ?" ਅਨਵਰ ਬੋਲਿਆ।

"ਰੌਂਗ ਤਾਂ ਕੁਛ ਨੀਂ ਪਰ ਹਰ ਇਕ ਭਾਈਚਾਰੇ ਦਾ ਆਪਣਾ-ਆਪਣਾ ਕਲਚਰ ਹੁੰਦੈ। ਉਸ ਕਲਚਰ 'ਤੇ ਮਾਣ ਕਰਨਾ ਚਾਹੀਦੈ। ਦੂਜਿਆਂ ਦੀ ਰੀਸੇ ਆਪਣੇ ਕਲਚਰ ਨੂੰ ਭੁੱਲਣਾ ਨੀਂ ਚਾਹੀਦਾ। ਲੇਡੀਜ਼ ਦਾ ਸ਼ਰਾਬ ਪੀਣਾ ਕਨੇਡੀਅਨ ਕਲਚਰ ਏ। ਪੰਜਾਬੀ ਨੀਂ।"

ਮੇਰੇ ਅੰਦਰ ਇਕ ਤਿੱਖਾ ਪ੍ਰਸ਼ਨ ਉੱਠਿਆ। ਮੈਂ ਕਵਿਤਾ ਵੱਲ ਵੇਖਿਆ ਤੇ ਆਪਣੇ-ਆਪ ਨੂੰ ਰੋਕ ਲਿਆ।

"ਜੇ ਮੁੰਡੇ ਡਰਿੰਕ ਕਰ ਸਕਦੇ ਆ ਤਾਂ ਕੁੜੀਆਂ ਕਿਉਂ ਨੀਂ?" ਅਨਵਰ ਬੋਲਿਆ।

"ਅਨਵਰ, ਲੈਟਸ ਨਾਟ ਗੈੱਟ ਇਨਟੂ ਦੈਟ," ਆਖ ਕੇ ਮੈਂ ਅਨਵਰ ਵੱਲ ਘੂਰੀ ਵੱਟੀ। ਇਸ ਵਿਸ਼ੇ 'ਤੇ ਅਨਵਰ ਨੇ ਆਪਣੇ ਅੱਬੂ ਨਾਲ ਵੀ ਕਈ ਵਾਰ ਬਹਿਸ ਕੀਤੀ ਸੀ। ਹਰ ਵਾਰ ਉਨ੍ਹਾਂ ਦੀ ਬਹਿਸ ਅੱਬਾ ਦੇ ਉੱਠ ਕੇ ਚਲੇ ਜਾਣ ਨਾਲ ਹੀ ਬੰਦ ਹੁੰਦੀ ਸੀ। ਮੈਂ ਉਸ ਤਰ੍ਹਾਂ ਦਾ ਮਾਹੌਲ ਨਹੀਂ ਸੀ ਪੈਦਾ ਹੋਣ ਦੇਣਾ ਚਾਹੁੰਦੀ। ਇਸ ਲਈ ਅਨਵਰ ਨੂੰ ਰੋਕ ਦਿੱਤਾ ਸੀ। ਅੱਬਾ ਨਾਲ ਬਹਿਸ ਕਰਦਿਆਂ ਉਹ ਮੇਰੇ ਰੋਕਣ ਦੇ ਬਾਵਜੂਦ ਨਹੀਂ ਸੀ ਚੁੱਪ ਕਰਦਾ ਪਰ ਹੁਣ ਕਰ ਗਿਆ ਸੀ। ਫਿਰ ਮੈਂ ਵਾਰੀ-ਵਾਰੀ ਸਾਰਿਆਂ ਨੂੰ 'ਇਹ ਲਓ' ਵਿਚ ਉਲਝਾ ਲਿਆ।

ਖਾਣੇ ਤੋਂ ਬਾਅਦ ਮੈਂ ਆਪ ਇਸ ਖਿਆਲ ਵਿਚ ਉਲਝ ਗਈ ਕਿ ਕਵਿਤਾ ਨੂੰ ਕਿਵੇਂ ਆਖਾਂ ਕਿ ਗੈਸਟ ਰੂਮ ਵਿਚ, ਜਿੱਥੇ ਉਹ ਰਾਤ ਸੁੱਤੀ ਸੀ ਉਹ ਥਾਂ ਚਾਚਾ ਜੀ ਨੂੰ ਦੇ ਦੇਈਏ ਤੇ ਆਪ ਉਹ ਉੱਪਰ ਸਟੱਡੀ-ਰੂਮ ਵਿਚ ਪੈ ਜਾਵੇ। ਚਾਚਾ ਜੀ ਨੂੰ ਮੈਂ ਉਸ ਤੰਗ ਕਮਰੇ ਵਿਚ ਮੈਟਰੈੱਸ 'ਤੇ ਨਹੀਂ ਸੀ ਪਾਉਣਾ ਚਾਹੁੰਦੀ। ਮੇਰੀ ਇਸ ਉਲਝਣ ਦਾ ਕਵਿਤਾ ਨੇ ਆਪ ਹੀ ਹੱਲ ਕਰ ਦਿੱਤਾ। ਉਹ ਲਿਵਿੰਗ-ਰੂਮ ਵੱਲ ਇਸ਼ਾਰਾ ਕਰਦੀ ਬੋਲੀ, "ਮੈਂ ਇੱਥੇ ਪਵਾਂਗੀ। ਅੱਜ ਕੁਝ ਲਿਖਣ ਦਾ ਮੂਡ ਹੈ। ਬਾਹਰ ਬੈਠ ਕੇ ਲਿਖਾਂਗੀ। ਫਿਰ ਇੱਥੇ ਆ ਕੇ ਪੈ ਜਾਵਾਂਗੀ। ਡਾਕਟਰ ਸਾਹਬ ਨੂੰ ਗੈਸਟ-ਰੂਮ ਵਾਲਾ ਬੈੱਡ ਦੇ ਦਿਓ।"

ਬੱਤੀਆਂ ਬੰਦ ਕਰਕੇ ਮੈਂ ਤੇ ਅਨਵਰ ਉੱਪਰ ਬੈੱਡਰੂਮ ਵਿਚ ਚਲੇ ਗਏ। ਅਨਵਰ ਤਾਂ ਛੇਤੀ ਹੀ ਸੌਂ ਗਿਆ ਪਰ ਮੈਨੂੰ ਨੀਂਦ ਨਹੀਂ ਸੀ ਆ ਰਹੀ। ਚਾਚਾ ਜੀ ਦੇ ਘਰ ਆਉਣ ਦਾ ਚਾਅ ਸੀ । ਵਿਆਹ ਤੋਂ ਬਾਅਦ ਪੇਕਿਆਂ ਵੱਲੋਂ ਕੋਈ ਪਹਿਲੀ ਵਾਰ ਮੇਰੇ ਘਰ ਆਇਆ ਸੀ। ਪਰ ਚਾਚਾ ਜੀ ਬਹੁਤੇ ਖੁਸ਼ ਨਹੀਂ ਸੀ ਨਜ਼ਰ ਆਉਂਦੇ। ਉਨ੍ਹਾਂ ਦੇ ਆਉਣ ਨਾਲ ਅਤੇ ਉਨ੍ਹਾਂ ਦੇ ਵਿਹਾਰ ਤੋਂ ਉੱਠੇ ਕਈ ਪ੍ਰਸ਼ਨ ਮੇਰੇ ਮਨ ਵਿਚ ਆ ਕੇ ਮੇਰੀ ਨੀਂਦ ਨੂੰ ਦੂਰ ਲੈ ਜਾਂਦੇ। ਅਨਵਰ ਵੀ ਘੁਰਾੜੇ ਮਾਰਨ ਲੱਗ ਪਿਆ ਸੀ। ਮੇਰੇ ਸਿਰ ਵਿਚ ਦਰਦ ਹੋਣ ਲੱਗਾ। ਚਿੱਤ 'ਚ ਆਇਆ ਕਿ ਉੱਠ ਕੇ ਸਿਰ ਦਰਦ ਤੋਂ ਗੋਲੀ ਲੈ ਲਵਾਂ। ਫਿਰ ਸੋਚਿਆ ਕਿ ਜੇ ਕਵਿਤਾ ਲਿਖ ਰਹੀ ਹੋਈ ਤਾਂ ਉਸ ਨੂੰ ਰੁਕਾਵਟ ਪਵੇਗੀ। ਕੁਝ ਦੇਰ ਫੇਰ ਪਈ ਰਹੀ। ਪਰ ਜਦ ਹੋਰ ਪਏ ਰਹਿਣਾ ਔਖਾ ਲੱਗਾ ਤਾਂ ਬਿਨਾਂ ਲਾਈਟ ਜਗਾਏ ਮੈਂ ਹੌਲੀ-ਹੌਲੀ ਤੁਰਦੀ ਕਿਚਨ ਵੱਲ ਉੱਤਰੀ। ਮੈਨੂੰ ਸੰਨਡੈੱਕ 'ਤੇ ਦੋ ਪਰਛਾਂਵੇਂ ਦਿਸੇ। ਪਹਿਲਾਂ ਤਾਂ ਮੈਂ ਸੋਚਿਆ ਕਿ ਮੇਰਾ ਭੁਲੇਖਾ ਹੈ ਪਰ ਧਿਆਨ ਨਾਲ ਦੇਖਿਆ ਤਾਂ ਉਹ ਚਾਚਾ ਜੀ ਅਤੇ ਕਵਿਤਾ ਸਨ। ਇਕ-ਦੂਜੇ ਨੂੰ ਆਪਣੀਆਂ ਬਾਹਾਂ 'ਚ ਜਕੜੀ। ਬੁੱਲ੍ਹਾਂ ਨਾਲ ਬੁੱਲ੍ਹ ਜੋੜੀ। ਮੇਰੇ ਅੰਦਰੋਂ ਕੁਝ ਤੜੱਕ ਦੇ ਕੇ ਟੁੱਟ ਗਿਆ। ਮੈਂ ਰਸੋਈ ਵਿਚਲੀ ਲਾਈਟ ਜਗਾ ਦਿੱਤੀ। ਅੰਦਰ ਦੇ ਮੁਕਾਬਲੇ ਬਾਹਰ ਹਨੇਰਾ ਹੋ ਗਿਆ। ਮੈਂ ਦਵਾਈ ਵਾਲੀ ਕੈਬਨਿਟ ਖੋਲ੍ਹਣ ਦੀ ਥਾਂ ਰੈਕ ਵਿਚੋਂ ਵਾਈਨ ਵਾਲੀ ਬੋਤਲ ਚੁੱਕੀ ਅਤੇ ਸੰਨਡੈੱਕ 'ਤੇ ਜਾ ਕੇ ਬੋਲੀ, "ਮੈਂ ਵਾਈਨ ਲੈ ਰਹੀ ਹਾਂ, ਜੇ ਤੁਸੀਂ ਪੀਣੀ ਚਾਹੋ ਤਾਂ ਗਲਾਸ ਲਿਆਵਾਂ?"❑❑

[8422, 150A Street, Surrey, B.C. Canada V3S 8J7]

ਝੁਮਕੇ

ਕੁਲਜੀਤ ਮਾਨ

ਅੱਜ ਸਕੂਨ ਰਾਸ ਆ ਰਿਹਾ ਸੀ। ਸਮਾਂ ਬੀਤ ਗਿਆ, ਗੱਲ ਆਈ ਗਈ ਹੋ ਗਈ। ਜੇ ਨਹੀਂ ਹੋਈ ਤਾਂ ਹੋ ਜਾਣੀ ਚਾਹੀਦੀ ਸੀ। ਬਰਸਾਤ ਆਈ, ਪਾਣੀ ਦਿਸਿਆ ਤੇ ਫਿਰ ਪਾਣੀ ਚੇਤਿਆਂ ਵਿਚ ਵਸ ਗਿਆ। ਉਸ ਵਸੇ ਪਾਣੀ ਦੀ ਰਿਮਝਿਮ ਵਕਤ ਦੀ ਮੁਥਾਜ ਨਹੀਂ ਰਹੀ। ਚਿੱਕੜ ਵਿਚ ਕਮਲ ਹੀ ਨਹੀਂ ਉੱਗਦੇ, ਚਿੱਕੜ ਵਿਚ ਕੀੜੇ ਮਕੌੜੇ ਵੀ ਹੁੰਦੇ ਹਨ। ਇਨ੍ਹਾਂ ਕੀੜਿਆਂ ਦੀ ਸ਼ਨਾਖਤ ਕਰਦੇ, ਕਮਲ ਦੇ ਫੁੱਲ ਚੰਗੇ ਲਗਦੇ ਹਨ। ਇਨ੍ਹਾਂ ਕੀੜਿਆਂ ਦੀ ਗੱਲ ਨੂੰ ਅੱਖੋਂ ਪਰੋਖੇ ਕਰਦੇ ਫੁੱਲ, ਕਮਲ ਦੇ ਫੁੱਲ ਨਹੀਂ ਸਦੀਂਦੇ। ਫੁੱਲਾਂ ਤੇ ਕੀੜਿਆਂ ਦੇ ਵਿਚਾਲੇ ਖੜ੍ਹੇ ਵਿਚਾਰੇ, ਪਰਖ ਕਰਦੇ ਰਹਿੰਦੇ ਹਨ ਜਿਵੇਂ ਉਹ ਕਿਸੇ ਖੇਡ ਦਾ ਮੈਚ ਵੇਖ ਰਹੇ ਹੋਣ। ਮੈਚ ਦਰਸ਼ਕ ਵੀ ਵੇਖਦਾ ਹੈ ਤੇ ਰੈਫ਼ਰੀ ਵੀ,ਫਰਕ ਤੇ ਸਿਰਫ ਜ਼ਿੰਮੇਵਾਰੀ ਦਾ ਹੈ। ਮੈਂ ਕਈ ਵਾਰ ਸੋਚਦਾ ਹਾਂ ਕਿ ਮੈਚ ਵੇਖ ਰਿਹਾ ਰੈਫ਼ਰੀ ਕਿਤੇ ਤਾਂ ਆਪਣੇ ਅੰਦਰ ਦੇ ਦਰਸ਼ਕ ਦਾ ਕੋਈ ਛੋਟਾ ਜਿਹਾ ਬੋਲ ਤਾਂ ਸੁਣਦਾ ਹੀ ਹੋਵੇਗਾ। ਕਿਤੇ ਤਾਂ ਕੋਈ ਖਿਡਾਰੀ ਉਸਦੇ ਰੈਫਰੀਪੁਣੇ ਨੂੰ ਲਲਕਾਰਕੇ ਉਸਦੀ ਬਿਰਤੀ ਭੰਗ ਕਰਦਾ ਹੀ ਹੋਵੇਗਾ। ਅਕਸਰ ਰੈਫਰੀ ਵੀ ਤੇ ਕਦੇ ਖਿਡਾਰੀ ਹੀ ਹੁੰਦੇ ਹੋਣਗੇ। ਰੈਫਰੀ ਵੀ ਇਨਸਾਨ ਹਨ ਤੇ ਸਾਨੂੰ ਰੋਜ਼ ਜ਼ਿੰਦਗੀ ਵਿਚ ਰੈਫਰੀ ਮਿਲਦੇ ਹਨ। ਸਭ ਨੇ ਆਪੋ ਆਪਣੇ ਖੇਤ ਮੱਲੇ ਹੋਏ ਹਨ। ਅਸਲ ਵਿਚ ਇਹ ਦੁਨੀਆਂ ਹੀ ਸਾਰੀ ਰੈਫਰੀਆਂ ਨਾਲ ਭਰੀ ਹੋਈ ਹੈ। ਕੋਈ ਛੋਟਾ ਤੇ ਕੋਈ ਵੱਡਾ ਆਪੋ ਆਪਣੀਆ ਸੀਟੀਆਂ ਮਾਰਦੇ ਤੇ ਜ਼ਿੰਦਗੀ ਦੇ ਬਿਹਤਰ ਪਲਾਂ ਨੂੰ ਬੋਝਲ ਕਰਦੇ, ਆਪਣੀਆਂ ਮਨਮਾਨੀਆਂ ਬਿਨਸਦੇ, ਛਾਂਗਦੇ, ਛਾਂਟਦੇ, ਛੋਟੇ ਤੋਂ ਛੋਟਾ ਕਰਦੇ ਭੰਬਲਭੂਸੇ ਵਿਚ ਪਏ ਆਪਣੀ ਰੁਖਸਤੀ ਨੂੰ ਲਮਕਾਉਂਦੇ ਤੁਰੇ ਜਾਂਦੇ ਹਨ। ਜਾਂ ਕਹਿ ਲਉ ਸਾਰੀ ਉਮਰ ਹੀ ਰੁਖਸਤੀ ਦੀ ਤਿਆਰੀ ਵਿਚ ਬਿਤਾ ਦਿੰਦੇ ਹਨ। ਆਖਰੀ ਸੀਟੀ ਮਾਰਨ ਦਾ ਮੌਕਾ ਤਾਂ ਕਿਸੇ ਕਿਸੇ ਨੂੰ ਹੀ ਮਿਲਦਾ ਹੈ।

'ਆਪ ਆਏ ਬਹਾਰ ਆਈ।'

ਮੈਂ ਮੁਸਕਰਾਇਆ। " ਸਰ ਜੀ ਅਸੀਂ ਤੁਹਾਨੂੰ ਮਿਸ ਕਰਾਂਗੇ।"

"ਮੀ ਟੂ" ਮੈਂ ਮੁਸਕਰਾਕੇ ਹਲਕਾ ਹੋਇਆ। ਮੇਰੀ ਕਾਫ਼ੀ ਗਰਮ ਨਹੀਂ ਰਹਿ ਗਈ ਸੀ ਪਰ ਅਜੇ ਠੰਡੀ ਵੀ ਨਹੀਂ ਹੋਈ ਸੀ ਜਦ ਕਿ ਹੋ ਜਾਣੀ ਚਾਹੀਦੀ ਸੀ। ਮੈਨੂੰ ਲੱਗਾ ਇਹ ਕਾਫੀ ਦਾ ਕੋਸਾ ਕੱਪ ਤਾਂ ਮੇਰੇ ਅੱਗੇ ਦਹਾਕਿਆਂ ਤੋਂ ਪਿਆ ਹੈ। ਮੈਂ ਹਰ ਵਾਰ ਇਸਨੂੰ ਹੱਥ ਵਿਚ ਫੜਕੇ ਇਸਦੀ ਗਰਮਾਇਸ਼ ਮਹਿਸੂਸ ਕਰ ਲੈਂਦਾ ਹਾਂ। ਮੇਰੀ ਆਦਤ ਹੀ ਬਣ ਗਈ ਹੈ ਕਿ ਮੈਂ ਆਪਣਾ ਕਾਫੀ ਦਾ ਕੱਪ ਕਦੇ ਵੀ ਖਤਮ ਨਹੀਂ ਕਰਦਾ।

"ਸਰ ਜੀ ਪਿੱਤਲ ਦੇ ਗਲਾਸ ਵਿਚ ਗੁੜ ਦੀ ਚਾਹ ਹੋਵੇ, ਤੱਤੀ ਤੱਤੀ, ਰਜ਼ਾਈ ਦੀ ਬੁੱਕਲ ਹੋਵੇ ਤੇ ਬੰਦਾ ਸੜ ਸੜ ਕਰਦੇ ਬੁਲ੍ਹਾਂ ਨਾਲ ਆਖਰੀ ਘੁੱਟ ਤਕ ਪੀਵੇ ਦੀਪੇ ਵਾਂਗ, ਤਾਂ ਹੀ ਮਜ਼ਾ ਆਉਂਦਾ ਹੈ।" ਹਰੀ ਨੇ ਆਪਣੇ ਕਾਫ਼ੀ ਦੇ ਢੱਕਣ ਨੂੰ ਮਰੋੜਾ ਜਿਹਾ ਦੇਕੇ ਤੋੜਿਆ ਸੀ। ਉਸਦੀਆਂ ਅੱਖਾਂ ਵਿਚ ਜਨੂਨੀ ਤੀਬਰਤਾ ਸੀ। "ਮੈਨੂੰ ਲਗਦਾ ਤੁਸੀਂ ਵੀ ਮੋਰਨੀਆਂ ਵਾਲੇ ਪਿੱਤਲ ਦੇ ਗਲਾਸ ਵਿਚ ਹੀ ਪਸੰਦ ਕਰਦੇ ਹੋ ਤਾਂ ਹੀ ਤੇ ਆਪਣੀ ਕਾਫੀ ਨੂੰ ਕਦੇ ਖਤਮ ਨਹੀਂ ਕਰਦੇ।" ਹਰੀ ਨੇ ਇਹ ਗੱਲਾਂ ਉਦੋਂ ਕੀਤੀਆਂ ਸਨ ਜਦੋਂ ਉਸਨੇ ਆਪਣੇ ਸੱਜੇ ਪੈਰ ਨੂੰ ਕਲਾਕ ਵਾਈਜ਼ ਨਹੀਂ ਘੁੰਮਾਇਆ ਸੀ।

ਅਠਾਰਾਂ ਸਾਲ ਗੁਜ਼ਾਰੇ ਹਨ ਮੈਂ ਇੱਥੇ। ਅੱਜ ਲੰਚ ਅੱਧੇ ਘੰਟੇ ਦਾ ਨਾ ਹੋਕੇ ਘੰਟੇ ਦਾ ਸੀ। ਮੁਨੀਮਾਂ ਵਾਂਗ ਸੋਚਾਂ ਤਾਂ ਚਾਰ ਕੁ ਸੌ ਦਾ ਕਸਾਰਾ ਸੀ ਸਾਰਾ। ਚਵੀ ਘੰਟੇ ਸੱਤੇ ਦਿਨ ਚੱਲਣ ਵਾਲੀ ਪੰਜ ਨੰਬਰ ਮਸ਼ੀਨ ਅਜੇ ਵੀ ਪਹੀਏ ਬਣਾ ਬਣਾ ਪਟੇ 'ਤੇ ਸੁੱਟੀ ਜਾ ਰਹੀ ਸੀ। ਕਰਿਸਟਲ ਪਲਾਸਟਿਕ ਨੂੰ ਠੰਡਾ ਹੋਣ ਦਾ ਪਤਾ ਨਹੀਂ ਕਾਹਦਾ ਚਾਅ ਚੜ੍ਹਿਆ ਸੀ, ਮੇਰੀ ਰਿਟਾਇਰਮੈਂਟ ਦਾ ਲਿਹਾਜ਼ ਵੀ ਨਹੀਂ ਕਰ ਰਹੀ ਸੀ। ਪਤਾ ਨਹੀਂ ਕਿਤਨੇ ਕੁ ਘੰਟੇ ਗੁਜ਼ਾਰੇ ਸਨ ਮੈਂ ਇਸ ਮਸ਼ੀਨ ਨਾਲ। ਮਣਾਂ ਮੂੰਹੀਂ ਤੇਲ ਦਿੱਤਾ ਹੋਣਾ ਮੈਂ ਇਸ ਮਸ਼ੀਨ ਨੂੰ। ਪਰ ਇਹ ਕਿਹੜੀ ਕਿਸੇ ਨਾਲੋਂ ਘੱਟ ਹੈ। ਇਸਨੂੰ ਵੀ ਕੋਈ ਅਫਸੋਸ ਨਹੀਂ। ਹੋ ਸਕਦਾ ਹੈ, ਇਸਨੂੰ ਵੀ

ਆਪਣਾ ਕੰਮ ਮੁੱਕਾਕੇ ਟੁੱਟਣ ਦੀ ਕਾਹਲੀ ਹੋਵੇ। ਕਿਤਨਾ ਕੁ ਚਿਰ ਕੋਈ ਚਲ ਸਕਦਾ ਹੈ। ਝੂਠੀਆਂ ਤਾਰੀਫ਼ਾਂ ਤੇ ਸੱਚੀ ਵਿਦਾਇਗੀ ਦੇ ਵਿਚਾਲੇ ਸਫ਼ਰ ਬਾਰੇ ਸੋਚਾਂ ਤਾਂ ਬੱਚੇ ਵੀ ਪੜ੍ਹ ਗਏ,ਘਰ ਵੀ ਬਣ ਗਿਆ ਤੇ ਸੱਜੀ ਖੱਬੀ ਕਬੀਲਦਾਰੀ ਵੀ ਨਜਿੱਠੀ ਗਈ ਤੇ ਬੀਵੀ ਅਜੇ ਵੀ ਚਿਚੜੀ ਵਾਂਗ ਮੇਰੇ ਨਾਲ ਹੀ ਲਮਕੀ ਫਿਰਦੀ ਹੈ। ਰਿਟਾਇਰਮੈਂਟ ਦੀ ਨਾ ਕੋਈ ਨੂਰੀ ਖੁਸ਼ੀ ਨਾ ਕੋਈ ਝੁਲਸਿਆ ਗਮ, ਬਸ ਫਰੀਜ਼ਡ ਟਰਕੀ ਵਾਂਗ ਮੇਰੇ ਹੱਥ ਵਿਚ ਕੁਝ ਫੜਿਆ ਹੋਇਆ ਸੀ ਪਰ ਜਿਸਮ ਦੇ ਅੰਦਰ ਦਿਲ ਨਾਮ ਦੇ ਭੁਲੇਖੇ ਨਾਲ ਰੂਹ ਵਾਲਾ ਪਾਸਾ ਇੱਕ ਸਕੂਨ ਨਾਲ ਜ਼ਰੂਰ ਰੱਜਿਆ ਹੋਇਆ ਸੀ। ਰੂਹ ਨੂੰ ਮਤਵਾਲੀ ਪਹਿਚਾਣ ਹੋ ਗਈ ਸੀ। ਦਿਲ ਤਾਂ ਕਬਜਾ ਭਾਲਦਾ ਹੈ ਤੇ ਕਬਜ਼ੇ ਕਦੇ ਵੀ ਸ਼ਰੀਫ਼ ਨਹੀਂ ਹੁੰਦੇ।

ਕਿਸੇ ਦੀ ਭਟਕਣ ਦੂਰ ਕਰਨ ਲਈ ਮੇਰੀਆਂ ਕੋਸ਼ਿਸ਼ਾਂ, ਕੁਝ ਕਰ ਸਕੀਆਂ ਜਾਂ ਨਹੀਂ ਪਰ ਮੇਰੀ ਆਪਣੀ ਖੁਰਚਣ ਨੇ ਮੇਰੀ ਆਪਣੀ ਭਟ੍ਕਣ 'ਤੇ ਬੂਰ ਜ਼ਰੂਰ ਲਿਆਂਦਾ ਹੈ। ਉਮਰਾਂ ਦੀਆਂ ਪੌੜੀਆਂ ਚੜ੍ਹਦਿਆਂ ਮੇਰੇ ਆਪਣੇ ਅੰਦਰਲੇ ਮੁੰਡੇ ਦੀਆਂ ਲਗਾਮਾਂ ਨੂੰ ਨਕੇਲ ਜ਼ਰੂਰ ਪਈ ਹੈ।

ਮੇਰੀ ਉਮਰ ਉਦੋਂ ਮਸੀਂ ਪੰਤਾਲੀ ਸਾਲ ਸੀ ਤੇ ਮੇਰੇ ਅੰਦਰਲੇ ਮੁੰਡੇ ਦੀ ਉਮਰ ਅਠਾਰਾਂ ਸਾਲ ਜਦੋਂ ਉਹ ਸਾਡੀ ਫੈਕਟਰੀ ਵਿਚ ਹਾਇਰ ਹੋਈ। ਇੱਕ ਹਫ਼ਤਾ ਪਹਿਲਾਂ ਕੰਟਰੋਲ ਤੋਂ ਬਾਹਰ ਹੋਏ ਆਰਡਰਾਂ ਨੂੰ ਸੰਭਾਲਣ ਲਈ ਬੋਰਡ ਦੀ ਮੀਟਿੰਗ ਵਿਚ ਮੈਨੂੰ ਹਦਾਇਤ ਹੋਈ, ਕੋਈ ਵੀ ਆਵੇ ਹਾਇਰ ਕਰ ਲਵੋ। ਵਰਕਰਾਂ ਨੂੰ ਕਹੋ ਆਪਣੇ ਦੋਸਤਾਂ ਨੂੰ ਦੱਸਣ। ਓਵਰ ਟਾਇਮ ਦੀ ਪਰਵਾਹ ਨਾ ਕਰੋ।

"ਮੇ ਆਈ ਕਮ ਇਨ?"

"ਯੈਸ ਯੈਸ" ਤੇ ਉਹ ਮੇਰੇ ਸਾਹਮਣੇ ਆਕੇ ਬੈਠ ਗਈ। ਮੈਂ ਉਸਨੂੰ ਬੈਠਣ ਲਈ ਨਹੀਂ ਕਿਹਾ ਸੀ ਫਿਰ ਵੀ ਉਹ ਬੈਠ ਗਈ। ਇੱਕ ਯਕੀਨ ਨਾਲ ਬੈਠੀ, ਉਹ ਮੇਰੇ ਹਾਵ ਭਾਵਾਂ ਦਾ ਕੋਈ ਚਿੱਤਰ ਬਣਾਉਣ ਲੱਗ ਪਈ। ਐਸਾ ਮੈਂ ਸੋਚਦਾ ਹਾਂ ਸ਼ਾਇਦ ਉਹ ਐਸਾ ਨਾ ਸੋਚ ਰਹੀ ਹੋਵੇ। 'ਸੋਚਣ ਵਿਚ ਕੀ ਪਰਾਬਲਮ ਹੈ?'ਇਹੀ ਕਿਹਾ ਸੀ ਕਿਸੇ ਵਕਤ ਹੀਰੀ ਨੇ।

"ਪਰਾਬਲਮ ਤੇ ਕੋਈ ਨਹੀਂ ਪਰ ਸੋਚਣ ਲਈ ਦਿਮਾਗ਼ ਚਾਹੀਦਾ ਹੈ ਤੇ ਦਿਮਾਗ਼ ਕੋਲ ਪਤਾ ਨਹੀਂ ਕੀ ਕੀ ਚਾਹੀਦਾ ਹੈ। ਤੇਰੇ ਕੋਲ ਦਿਮਾਗ਼ ਤਾਂ ਹੈ ਪਰ ਦਿਮਾਗ਼ ਕੋਲ 'ਕੀ ਕੀ' ਨਹੀਂ।"

"ਰਹਿਣ ਦਿਉ ਸਰ ਜੀ ਮੇਰੇ ਕੋਲ ਬਹੁਤ ਕੁਝ ਹੈ, ਮੈਨੂੰ ਦਿਮਾਗ਼ ਦੀ ਲੋੜ ਹੀ ਨਹੀਂ।"

ਮੈਂ ਉਸਦੀ ਐਪਲੀਕੇਸ਼ਨ ਆਪਣੇ ਹੱਥ ਵਿਚ ਫੜ ਲਈ।

"ਟੂ ਦੀ ਪੁਆਇੰਟ ਜੁਆਬ ਦੇਣਾ ਹੈ, ਹਾਂ ਜਾਂ ਨਹੀਂ ਵਿਚ, ਸਮਝ ਗਈ?" ਮੈਂ ਅਫਸਰੀ ਦੇ ਆਹਲਾ ਅੰਦਾਜ਼ ਵਿਚ ਐਪਲੀਕੇਸ਼ਨ ਤੋਂ ਧਿਆਨ ਚੁੱਕ ਕੇਂ ਉਹਦੇ ਵੱਲ ਸਰਸਰੀ ਵੇਖਕੇ ਕਿਹਾ।

ਸਰਸਰੀ ਨਜ਼ਰ ਨਾਲ ਦੇਖਣ ਵਾਲੀ ਕੋਈ ਡੌਲ ਨਹੀਂ ਸੀ ਉਹ। ਕਾਸ਼ ਮੈਂ ਕਾਲੀਆਂ ਐਨਕਾਂ ਲਾਈਆਂ ਹੁੰਦੀਆਂ। ਨਜ਼ਰ ਦੀਆਂ ਐਨਕਾਂ ਨਾਲ ਕਿੱਥੇ ਤੁਸੀਂ ਸਾਰਾ ਕੁਝ ਦੇਖ ਸਕਦੇ ਹੋ?ਗੋਲ ਮਟੋਲ ਫੁੱਲ, ਤਿੱਖੇ ਤਰਾਸ਼ੇ ਬੂਟੇ, ਉੱਚੇ ਨੀਵੇਂ ਪਹਾੜ,ਪਹਾੜਾਂ ਵਿਚਲੀ ਸਿਲ੍ਹੀ ਸਿਲ੍ਹੀ ਡੰਡੀ,ਰੇਗਿਸਤਾਨ ਵਿਚ ਆਏ ਤੂਫਾਨ ਤੋਂ ਬਾਅਦ ਵਾਲੀ ਸ਼ਾਂਤੀ ਨਾਲ ਸੁਸਤਾਉਂਦੀ ਕੱਕੀ ਕੱਕੀ ਰੇਤ ਕਿਤੋਂ ਉੱਚੀ ਕਿਤੋਂ ਨੀਵੀਂ ਪਰ ਹਰ ਪਾਸਿਉਂ ਮੁਲਾਇਮ ਜਿਸਨੂੰ ਛੋਹਣ ਨੂੰ ਦਿਲ ਕਰਦਾ ਹੈ, ਸਰਦੀ ਰੁੱਤੇ ਪੈਂਦੀ ਸਭਤੋਂ ਪਹਿਲੀ ਸਨੋਅ ਜੋ ਕਿਤੇ ਖਹਿ ਕੇ ਕਦੇ ਅੜ ਜਾਂਦੀ ਹੈ ਜਾਂ ਅੜਣ ਦਾ ਬਹਾਨਾ ਕਰਦੀ ਹੈ,ਇਹਨਾਂ ਸਭਨੂੰ ਐਨਕਾਂ ਤੋਂ ਬਗੈਰ ਹੀ ਵੇਖਣਾ ਬਣਦਾ ਹੈ ਪਰ ਸੋਹਬਤ ਤੋਂ ਬਿਨਾਂ ਐਨਕਾਂ ਕਿੱਥੇ ਖਹਿੜਾ ਛਡਦੀਆਂ ਹਨ। ਮੈਂ ਪੌਣਾ ਕੁ ਹੀ ਦੇਖ ਸਕਿਆ, ਜਿੰਨੇ ਦੀ ਇਜਾਜ਼ਤ ਸੀ।

ਐਪਲੀਕੇਸ਼ਨ ਵੇਖਕੇ ਮੇਰਾ ਕੁਝ ਮਖੌਲ ਕਰਨ ਨੂੰ ਜੀਅ ਕੀਤਾ ਪਰ ਆਪਣੇ ਜੀਅ ਦਾ ਗਲਾ ਘੁੱਟ ਕੇ ਇਤਨਾ ਹੀ ਪੁੱਛਿਆ। " ਮਿਸਜ਼ ਗਿੱਲ, ਐਜੂਕੇਸ਼ਨ?"

"ਜੀ ਯੈਸ"

"ਸ਼ਿਫਟ ਵਰਕ ਕਰੋਗੇ?"

"ਜੀ ਹਾਂ"

"ਕਾਰ ਹੈ?"

"ਜੀ ਨਹੀਂ"

"ਯੂ ਆਰ ਹਾਇਰਡ। ਮਿਸਜ਼ ਹਰੀ ਗਿੱਲ।" ਮੈਂ ਐਪਲੀਕੇਸ਼ਨ 'ਤੇ ਨੋਟ ਲਿਖਕੇ ਪਰੇ ਰੱਖ ਦਿੱਤੀ।

"ਮੁਬਾਰਕ।" ਮੇਰੇ ਅੰਦਰਲੇ ਮੁੰਡੇ ਨੇ ਹੱਥ ਮਿਲਾਉਣ ਲਈ ਅੱਗੇ ਵਧਾਇਆ। ਹਰੀ ਨੇ ਝਕਦੇ ਝਕਦੇ ਮੇਰੇ ਨਾਲ ਹੱਥ ਮਿਲਾਇਆ। ਉਸ ਦਿਨ ਮੈਂ ਪੰਜ ਮੁੰਡੇ ਤੇ ਚਾਰ ਕੁੜੀਆਂ ਹਾਇਰ ਕੀਤੀਆਂ ਪਰ ਹੱਥ ਮੈਂ ਹੋਰ ਕਿਸੇ ਨਾਲ ਨਹੀਂ ਮਿਲਾਇਆ। ਸਾਰਿਆਂ ਨੂੰ ਸੇਫਟੀ ਸ਼ੂ ਲੈਕੇ ਆਉਣ ਦੀ ਤਾਕੀਦ ਕਰਕੇ ਉਹਨਾਂ ਦੀਆਂ ਸ਼ਿਫਟਾਂ ਅਲਾਟ ਕਰ ਦਿਤੀਆਂ।

ਅਗਲੇ ਦਿਨ ਮੈਂ ਕੰਮ ਤੇ ਪੰਦਰਾਂ ਮਿੰਟ ਪਹਿਲਾਂ ਪਹੁੰਚ ਗਿਆ। ਹਰੀ ਇੱਕ ਦਰਸ਼ਨੀ ਨੌਜਵਾਨ ਨਾਲ ਐਂਟਰੈਸ ਕੋਲ ਖੜ੍ਹੀ ਸੀ। ਇਹ ਫੈਸਲਾ ਕਰਨਾ ਔਖਾ ਸੀ ਕਿ ਦੋਵਾਂ ਵਿਚੋਂ ਜ਼ਿਆਦਾ ਸੋਹਣਾ ਕੌਣ ਹੈ। ਮੈਨੂੰ ਵੇਖਕੇ ਹੰਸ ਮੇਰੇ ਕੋਲ ਆ ਗਏ।

"ਇਹ ਮੇਰ ਹਸਬੈਂਡ ਹਨ ਪਰਮਿੰਦਰ ਤੇ ਪਰਮਿੰਦਰ ਇਹ ਹਨ ਸਾਡੇ ਫੋਰਮੈਨ ਗੋਪੀ ਜੀ।" ਹਰੀ ਨੇ ਹਲਕਾ ਜਿਹਾ ਮੁਸਕਰਾ ਕੇ ਚਿਹਰੇ ਦੇ ਖੇੜੇ ਨੂੰ ਸਵਾਇਆ ਕਰਦਿਆਂ ਕਿਹਾ। ਮੈਂ ਪਰਮਿੰਦਰ ਨਾਲ ਹੱਥ ਮਿਲਾਉਂਦਿਆਂ ਆਪਣੇ ਅੰਦਰਲੇ ਮੁੰਡੇ ਨੂੰ ਛੋਟਾ ਛੋਟਾ ਮਹਿਸੂਸ ਕੀਤਾ। ਮੇਰੀ ਕਰੜ ਬਰੜ ਫਰੈਂਚ ਕੱਟ ਦਾੜ੍ਹੀ ਵਿਚ ਮਾਮੂਲੀ ਜਿਹੀ ਖੁਰਕ ਹੋਈ ਜਿਸਨੂੰ ਮੈਂ ਨਜ਼ਰ ਅੰਦਾਜ਼ ਕਰਨਾ ਚਾਹਿਆ। ਬਹੁਤ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਮੈਨੂੰ ਲੁਕਵੇਂ ਢੰਗ ਨਾਲ ਥੋੜ੍ਹੀ ਜਿਹੀ ਖੁਰਕ ਕਰਨੀ ਹੀ ਪਈ।

"ਜੀ ਹਰੀ ਦਾ ਖਿਆਲ ਰੱਖਿਉ। ਅਜੇ ਹੁਣੇ ਹੀ ਇੰਡੀਆ ਤੋਂ ਆਈ ਹੈ ਕਿਤੇ ਉਦਾਸ ਨਾ ਜਾਏ। ਮੈਂ ਤੇ ਕਹਿੰਦਾ ਸੀ ਕੰਮ ਨਾ ਕਰ, ਪੜ੍ਹਾਈ ਕਰ ਲੈ ਪਰ ਇਹਨੂੰ ਕਮਾਈ ਕਰਨ ਦਾ ਚਾਅ ਚੜ੍ਹਿਆ ਹੈ।"

"ਜੀ ਤੁਸੀਂ ਫਿਕਰ ਨਾ ਕਰੋ, ਮੇਰੀ ਛੋਟੀ ਭੈਣ ਵਾਂਗ ਹੈ। ਮੈਂ ਉਦਾਸ ਨਹੀਂ ਹੋਣ ਦਿੰਦਾ।" ਮੈਂ ਕੁਫ਼ਰ ਤੋਲਦਿਆਂ ਪਰਮਿੰਦਰ ਦੀਆਂ ਸਾਰੀਆਂ ਚਿੰਤਾਵਾਂ ਤੋਂ ਉਸਨੂੰ ਮੁਕਤ ਕਰ ਦਿੱਤਾ। ਹਰੀ ਦੀਆਂ ਅੱਖਾਂ ਵਿਚ ਵੀ ਨਿਸਚਿੰਤਤਾ ਆ ਗਈ। ਉਸਦੀਆਂ ਭਾਵਨਾਵਾਂ ਨਾਲ ਮੇਰੇ ਵੱਲ ਤਕਦੀਆਂ ਗੋਲ ਮਟੋਲ ਅੱਖਾਂ, ਮੈਨੂੰ ਹੋਰ ਵੀ ਸੈਕਸੀ ਲੱਗੀਆਂ।

"ਅੱਜ ਤੁਹਾਡੇ ਸਾਰਿਆਂ ਦੇ ਇਨ ਟਾਇਮ ਮੈਂ ਹੱਥ ਨਾਲ ਲਿਖਾਂਗਾ। ਆਊਟ ਟਾਇਮ ਲਈ ਤੁਸੀਂ ਦਿੱਤੇ ਕਾਰਡ ਆਪ ਸਵਾਈਪ ਕਰਨੇ ਹਨ ਤੇ ਕਲ ਤੋਂ ਇਨ ਤੇ ਆਊਟ ਟਾਇਮ ਤੁਸੀਂ ਆਪ ਕਰਨੇ ਹਨ।" ਮੈ ਸਾਰਿਆਂ ਨੂੰ ਸਵਾਈਪ ਕਾਰਡ ਫੜਾਉਂਦਿਆਂ ਕਿਹਾ। ਪਹਿਲੀ ਘੰਟੀ ਤੋਂ ਪਹਿਲਾਂ ਇਨ ਕਾਰਡ ਸਵਾਈਪ ਹੋਣਾ ਚਾਹੀਦਾ ਹੈ। ਸ਼ਿਫਟ ਖਤਮ ਹੋਣ ਵੇਲੇ ਪਹਿਲੀ ਬੈੱਲ ਹੋਣ 'ਤੇ ਹੀ ਵਰਕ ਪਲੇਸ ਤੋਂ ਹਿਲਣਾ ਹੈ। ਪਹਿਲੀ ਤੇ ਦੂਸਰੀ ਬੈੱਲ ਦਾ ਵਿਚਕਾਰਲਾ ਟਾਇਮ ਤੁਹਾਡੀ ਸਾਫ਼ ਸਫਾਈ ਦਾ ਹੈ। ਜਿੰਨਾ ਚਿਰ ਦੂਸਰਾ ਉਪਰੇਟਰ ਆ ਨਾ ਜਾਏ ਮਸ਼ੀਨ ਨੂੰ ਉਪਰੇਟ ਕਰਨਾ ਬੰਦਾ ਨਹੀਂ ਕਰਨਾ। ਖਾਸ ਕਰਕੇ ਕਰਿਸਟਲ ਪਲਾਸਟਕ ਤੇ ਠੰਡਾ ਹੋਣ ਨੂੰ ਵਕਤ ਹੀ ਨਹੀਂ ਲਾਉਂਦਾ। ਬਰੇਕ ਟਾਇਮ ਤੇ ਤੁਹਾਨੂੰ ਰਿਲੀਵਰ ਰਿਲੀਵ ਕਰੇਗਾ। ਬਰੇਕ ਟਾਇਮ ਕੋਈ ਪੱਕਾ ਨਹੀਂ ਹੈ। ਐਨੀ ਕੁਅਸਚਨ?" ਮੈਂ ਸਾਰਾ ਕੁਝ ਸਮਝਾ ਕੇ ਆਖਰੀ ਗੱਲ ਕਹੀ।

"ਹਾਂ ਤੇ ਕੋਸ਼ਿਸ਼ ਕਰੋ, ਵਾਸ਼ਰੂਮ ਨਾ ਜਾਣਾ ਪਵੇ ਤੇ ਜੇ ਜਰੂਰਤ ਪੈ ਹੀ ਜਾਵੇ ਤਾਂ ਹੈਲਪ ਬਟਨ ਨੱਪੋ, ਕੋਈ ਨਾ ਕੋਈ ਤੁਹਾਡੀ ਸਹਾਇਤਾ ਲਈ ਆ ਜਾਇਗਾ।"

ਮੈਂ ਕਹਿ ਤੇ ਦਿੱਤਾ ਪਰ ਹੈਲਪ ਦੇ ਨਾਮ 'ਤੇ ਮੇਰੇ ਕੋਲ ਸਿਰਫ਼ ਦੋ ਹੀ ਕਾਮੇ ਸਨ। ਇੱਕ ਰੀਟਾ ਤੇ ਇੱਕ ਮਾਰੀਆ। ਮਾਰੀਆ ਤੇ ਭਰੋਸੇਮੰਦ ਸੀ, ਭੰਬੀਰੀ ਵਾਂਗ ਘੁੰਮਦੀ ਰਹਿੰਦੀ। ਬਰੇਕ ਟਾਇਮ ਤੋਂ

ਪਹਿਲਾਂ ਹੀ ਪੂਰੀ ਤਿਆਰੀ ਕਰ ਲੈਂਦੀ ਪਰ ਰੀਟਾ ਪਲਾਂਟ ਮੈਨੇਜਰ ਨਾਲ ਕੁਝ ਜ਼ਿਆਦਾ ਹੀ ਘੁਲੀ ਮਿਲੀ ਸੀ। ਕਹਿਣ ਨੂੰ ਤੇ ਜ਼ਾਹਰਾ ਤੌਰ 'ਤੇ ਕੁਝ ਵੀ ਨਹੀਂ ਸੀ ਪਰ ਲੋਕੀਂ ਮੈਨੇਜਰ ਦੀ ਕਿਰਪਾ ਦ੍ਰਿਸ਼ਟੀ ਨੂੰ ਹੋਰ ਹੀ ਤੰਦ ਨਾਲ ਬੰਨ੍ਹਕੇ ਆਪਣੇ ਸੁਆਦ ਦਾ ਮੱਕੂ ਠੱਪਦੇ ਰਹਿੰਦੇ। ਪਰੋਗਰੈਸ ਚਾਰਟ ਬਣਾਉਣ ਲਈ ਜੇ ਸੱਜੇ ਹੱਥ ਵਿਚ ਪੈੱਨ ਹੁੰਦਾ ਤੇ ਖੱਬੇ ਹੱਥ ਵਿਚ ਲਿਪਸਟਿਕ ਘੁੱਟੀ ਰਖਦੀ। ਉਸਨੂੰ ਮਸ਼ੀਨ 'ਤੇ ਉਪਰੇਟਰ ਲਾਉਣਾ ਮੇਰੇ ਵੱਸ ਵਿਚ ਨਹੀਂ ਸੀ। ਪਤਾ ਨਹੀਂ ਸਵੇਰੇ ਸਵੇਰੇ ਉੱਠਕੇ ਇਤਨਾ ਮੇਕਅੱਪ ਕਿਸ ਤਰ੍ਹਾਂ ਕਰ ਲੈਂਦੀ? ਸਮਝ ਤੇ ਇਹ ਵੀ ਨਹੀਂ ਆਉਂਦੀ ਕਿ ਇਤਨਾ ਹਸੂੰ ਹਸੂੰ ਕਰਦੀ ਦਾ ਡਾਇਵੋਰਸ ਕਿਸ ਤਰ੍ਹਾਂ ਹੋ ਗਿਆ। ਆਪਣੇ ਹੋਏ ਤੇ ਬੀਤ ਰਹੇ ਡਾਇਵੋਰਸ ਦਾ ਉਸਨੂੰ ਭੋਰਾ ਵੀ ਅਫਸੋਸ ਨਹੀਂ ਸੀ। ਯਾਰਾਂ ਸਾਲ ਦੇ ਮੁੰਡੇ ਦਾ ਉਸਨੂੰ ਕੋਈ ਖਿਆਲ ਨਹੀਂ ਸੀ। ਪਤਾ ਨਹੀਂ ਚਾਰ ਸਾਲ ਵਿਚ ਉਸਦੀਆਂ ਅੱਖਾਂ ਇਤਨੀਆਂ ਛੋਟੀਆਂ ਕਿਵੇਂ ਹੋ ਗਈਆਂ?ਸ਼ਾਇਦ ਦੂਰ ਤਕ ਦੇਖਣ ਦੀ ਤਮੰਨਾ ਹੀ ਨਹੀਂ ਸੀ ਰਹੀ ਉਸਦੀ। ਬਰੇਕਾਂ ਦਿੰਦੀ ਇਸ ਤਰ੍ਹਾਂ ਵਿਹਾਰ ਕਰਦੀ ਜਿਵੇਂ ਉਨ੍ਹਾਂ 'ਤੇ ਅਹਿਸਾਨ ਕਰ ਰਹੀ ਹੋਵੇ। ਪਰ ਇਕ ਫਾਇਦਾ ਵੀ ਸੀ ਉਹਦਾ ਰਿਲੀਵ ਕੀਤਾ ਉਪਰੇਟਰ ਕਦੇ ਵੀ ਲੇਟ ਨਹੀਂ ਸੀ ਹੋ ਸਕਦਾ।

ਉਸ ਦਿਨ ਮੱਖਣ ਸਿੰਘ ਮਟੀਰਿਅਲ ਹੈਂਡਲਰ ਛੁੱਟੀ 'ਤੇ ਸੀ। ਫਰੈਂਕ ਮਕੈਨਿਕ ਮੱਖਣ ਸਿੰਘ ਦੀ ਜੌਬ ਕਰਨ ਲਗ ਪਿਆ ਤੇ ਮੈਂ ਫਰੈਂਕ ਦੀ ਜਗ੍ਹਾ ਮੋਲਡ ਚੇਂਜ ਕਰਨ ਵਿਚ ਰੁੱਝ ਗਿਆ। ਮਸ਼ੀਨ ਨੰਬਰ ਸੱਤ ਦਾ ਮੋਲਡ ਚੇਂਜ ਕਰਕੇ ਮੈਂ ਮਸ਼ੀਨ ਚਾਲੂ ਕਰ ਦਿੱਤੀ। ਸੱਤ ਸੌ ਪੀਸ ਪੂਰੇ ਕਰਨ ਤੋਂ ਬਾਅਦ ਮਸ਼ੀਨ ਨੰਬਰ ਪੰਜ ਦਾ ਮੋਲਡ ਵੀ ਚੇਂਜ ਕਰਨਾ ਸੀ ਜਿੱਥੇ ਹਰੀ ਕੰਮ ਕਰ ਰਹੀ ਸੀ। ਸੱਤ ਸੌ ਪੀਸ ਬਣਨ ਨੂੰ ਅਜੇ ਦੋ ਘੰਟੇ ਲੱਗਣੇ ਸਨ।

ਮੋਲਡ ਚੇਂਜ ਕਰਨ ਲੱਗਿਆਂ ਮੈਂ ਹਰੀ ਨੂੰ ਕਿਹਾ, "ਹੀਰੀ, ਆ ਜ਼ਰਾ ਲੌਂਗ ਨੋਜ਼ ਪਲਾਇਰ ਫੜਾਈਂ। ਇਕ ਫੀਮੇਲ ਪੀਸ ਮੋਲਡ ਵਿਚ ਫਸਿਆ ਪਿਆ ਹੈ। ਮੇਲ ਪੀਸ ਕਦੇ ਵੀ ਮੋਲਡ ਵਿਚ ਨਹੀਂ ਫਸਦੇ।" ਮੇਰੀ ਗੁੱਟਰਗੂੰ ਨੂੰ ਸੁਣਕੇ ਹਰੀ ਨੇ ਹੈਰਾਨੀ ਨਾਲ ਮੇਰੇ ਵੱਲ ਵੇਖਿਆ ਤੇ ਪਲਾਇਰ ਫੜਾ ਦਿੱਤਾ। ਮੈਨੂੰ ਪਤਾ ਸੀ ਹਰੀ ਨੂੰ ਹੀਰੀ ਦਾ ਨਾਮ ਦੇਣਾ ਕਿਸੇ ਮੈਸਜ ਦਾ ਸੰਕੇਤ ਹੈ ਪਰ ਇਹ ਮੈਂ ਜਾਣ ਬੁੱਝ ਕੇ ਨਹੀਂ ਕਿਹਾ ਸੀ। ਪਤਾ ਨਹੀਂ ਕਿਸਤਰ੍ਹਾਂ ਕਹਿ ਹੋ ਗਿਆ। ਪਰ ਹਰੀ ਅਜੇ ਸ਼ਸ਼ੋਪੰਜ ਵਿਚ ਹੀ ਸੀ। ਉਹ ਕੀ ਸੋਚਦੀ ਸੀ ਜਾਂ ਸੋਚਦੀ ਵੀ ਸੀ ਜਾਂ ਨਹੀਂ। ਮੈਂ ਇਹ ਸੋਚਦਿਆਂ ਮੋਲਡ ਦੇ ਨੱਟ ਖੋਲ੍ਹ ਰਿਹਾ ਸੀ।

ਆਖਰੀ ਨਟ ਖੋਲ੍ਹਣ ਲੱਗਿਆਂ ਮੈਂ ਹੀਰੀ ਵੱਲ ਵੇਖਿਆ। ਹਰੀ ਮੇਰੇ ਵੱਲ ਵੇਖ ਰਹੀ ਸੀ। ਮੈਂ ਆਪਣੇ ਮੋਟੇ ਸ਼ੀਸ਼ੇ ਵਾਲੀਆਂ ਐਨਕਾਂ ਲਾਹ ਲਈਆਂ। ਸ਼ਾਇਦ ਇਹ ਸੋਚਕੇ ਕਿ ਮੇਰੀਆਂ ਨੰਗੀਆਂ ਅੱਖਾਂ ਦੇ ਸੱਚ ਦੀ ਇੱਕ ਝਲਕ ਹਰੀ ਵੀ ਵੇਖ ਲਵੇ ਤੇ ਜੰਮੀ ਹੋਈ ਬਰਫ਼ ਦਾ ਇੱਕ ਤੁਪਕਾ ਅਛੋਪਲੇ ਜਿਹੇ ਉਸ ਫ਼ਰਸ਼ 'ਤੇ ਡਿੱਗ ਪਵੇ ਜਿਸ ਤੋਂ ਕੁਝ ਹੀ ਦੂਰੀ 'ਤੇ ਹੀਰੀ ਆਪਣੇ ਪੈਰਾਂ ਉੱਤੇ ਖਲੋਤੀ ਹੋਈ ਸੀ। ਹਰੀ ਦੇ ਪੈਰ ਭਾਰੇ ਸੇਫਟੀ ਸ਼ੂ ਵਿਚ ਕੈਦ ਸਨ। ਉਹ ਸ਼ੂ ਜੋ ਉਸਨੂੰ ਉਸਦੇ ਪਤੀ ਪਰਮੇਸ਼ਰ ਨੇ ਖਰੀਦਕੇ ਦਿੱਤੇ ਹੋਏ ਸਨ। ਸੇਫਟੀ ਸ਼ੂਜ਼ ਨੇ ਹਰੀ ਦਾ ਸਾਰਾ ਸਮਾਨ ਚੁੱਕਿਆ ਹੋਇਆ ਸੀ। ਉਸਦਾ ਸਾਰਾ ਸਮਾਨ ਸਲੀਕੇ ਨਾਲ ਸਜਿਆ ਹੋਇਆ ਸੀ। ਸਜਾਵਟ ਵਿਚ ਕੋਈ ਬਨਾਵਟ ਨਹੀਂ ਸੀ। ਹਰ ਚੀਜ਼ ਆਪਣੀ ਪੂਰੀ ਠੁਕ ਨਾਲ ਥਾਂ ਟਿਕਾਣੇ ਸੀ। ਠਾਠਾਂ ਮਾਰਦੇ ਜੋਬਨ ਦੇ ਸ਼ੋਰ ਵਿਚ ਜੇ ਕੋਈ ਗ਼ਾਇਬ ਵਸਤੂ ਸੀ ਤਾਂ ਉਹ ਸਨ ਉਸਦੇ ਨਿੱਕੇ ਨਿੱਕੇ ਸੁਪਨੇ। ਸੋਨੇ ਚਾਂਦੀ ਦੀ ਕੋਈ ਵੀ ਚੀਜ਼ ਉਸਦੇ ਹੱਥਾਂ ਕੰਨਾਂ ਵਿਚ ਨਹੀਂ ਸੀ। ਉਸਦੀਆਂ ਅੱਖਾਂ ਦੀ ਸੁਲਝਣ ਕਿਸੇ ਤਲਾਸ਼ ਵਿਚ ਦਿਸਦੀ ਸੀ। ਇੰਝ ਲਗਦਾ ਸੀ ਕਿ ਉਹ ਆਪਣੀ ਰੂਹ ਦੀ ਖੁਸ਼ਬੋ ਨੂੰ ਢੂੰਡਦੀ, ਆਪਣੇ ਹੀ ਸਿਰਜੇ ਸੰਸਾਰ ਦਾ ਨਿੱਘ ਮਾਨਣ ਤੋਂ ਵਾਂਝੀ ਇੱਕ ਪਲਾਸਟਿਕ ਡੌਲ ਵਾਂਗ ਤੁਰੀ ਫਿਰਦੀ ਹੈ।

ਹੋ ਸਕਦਾ ਹੈ ਇਹ ਮੇਰਾ ਵਹਿਮ ਹੀ ਹੋਵੇ ਜਾਂ ਇਹ ਵੀ ਹੋ ਸਕਦਾ ਹੈ ਕਿ ਮੈਂ ਹੀ ਇਹ ਚਾਹੁੰਦਾ ਹੋਵਾਂ ਕਿ ਐਸਾ ਹੀ ਹੋਵੇ। ਇਹ ਨਿੱਘ ਤਾਂ ਬਚਪਨ ਹੰਢਾਉਂਦਾ ਹੈ। ਇਹ ਨਿੱਘ ਤਾਂ ਹੌਲੀ ਹੌਲੀ ਗਰਮਾਉਂਦਾ ਹੈ। ਇਹ ਨਿੱਘ ਤਾਂ ਕੁਝ ਤਲਾਸ਼ਦਾ ਹੈ। ਇਸ ਤਲਾਸ਼ ਦੇ ਸਰੋਕਾਰ ਹੀ ਹਰੀ ਨੂੰ ਹੀਰੀ ਬਣਾਉਂਦੇ ਹਨ। ਮੇਰੀਆਂ ਬਾਰ ਬਾਰ ਤਿਲਕਦੀਆਂ ਅੱਖਾਂ ਨੇ ਹੀਰੀ ਦੀ ਵਿਹੂਣੀ ਨਜ਼ਰ ਪੜ੍ਹਨ ਦੀ ਕੋਸ਼ਿਸ਼ ਕੀਤੀ। ਮੈਂ ਧੋਖਾ

ਖਾ ਗਿਆ, ਸਾਰਾ ਕੁਝ ਭਾਰ ਰਹਿਤ ਨਹੀਂ ਹੁੰਦਾ ਤੇ ਮੈਨੂੰ ਪਤਾ ਹੀ ਨਹੀਂ ਲੱਗਾ ਕਦੋਂ ਦੋ ਸੌ ਕਿਲੋ ਦਾ ਮੋਲਡ ਆਪਣੀਆਂ ਰੋਕਾਂ ਟੋਕਾਂ ਤੋਂ ਖਿਸਕਕੇ ਮੇਰੇ ਪੈਰਾਂ 'ਤੇ ਡਿੱਗ ਪਿਆ। ਇਕ ਜ਼ੋਰਦਾਰ ਆਵਾਜ਼ ਨਾਲ ਮੇਰੀ ਚੀਕ ਵੀ ਰਲ ਗਈ। ਸੇਫਟੀ ਸ਼ੂ ਮਿੱਧਦਾ ਹੋਇਆ ਭਾਰਾ ਮੋਲਡ ਮੇਰੇ ਪੈਰ ਦੀਆਂ ਦੋ ਉਂਗਲਾਂ ਨੂੰ ਵੀ ਮਿੱਧ ਗਿਆ।

ਮੇਰੇ ਕੰਨਾਂ ਨੇ ਹਰੀ ਦੀ ਚੀਕ ਸੁਣੀ। ਇਹ ਚੀਕ ਕੋਈ ਓਪਰੀ ਨਹੀਂ ਸੀ, ਆਪਣੀ ਸੀ। ਉਸਦੀਆਂ ਮੋਟੀਆਂ ਗੋਲ ਮਟੋਲ ਅੱਖਾਂ ਵਿਚ ਇਕਦਮ ਤੈਰੇ ਅੱਥਰੂ ਵੇਖਕੇ ਮੇਰੇ ਅੰਦਰ ਇੱਕ ਭੰਨਤੋੜ ਹੋਈ। ਇਸ ਭੰਨਤੋੜ ਨੂੰ ਮੈਂ ਅਹਿਸਾਸ ਦਾ ਨਾਮ ਨਹੀਂ ਦੇ ਸਕਦਾ। ਤਰੇਲੀਓ ਤਰੇਲੀ ਹੋਇਆ ਪੀਲਾ ਭੂਕ ਚਿਹਰਾ, ਇਕੱਲੀ ਪੀੜ ਨਾਲ ਹੀ ਭਰਿਆ ਹੋਇਆ ਨਹੀਂ ਸੀ। ਖੂਨ ਨਾਲ ਲੱਥਪੱਥ ਮੇਰੇ ਬੂਟਾਂ ਦੇ ਤਸਮੇਂ ਹਰੀ ਖ੍ਹੋਲ ਰਹੀ ਸੀ। ਇੱਕ ਨਿੱਘ, ਨਿਰਵਿਘਨ ਮੇਰੀ ਰੂਹ ਨੂੰ ਛੋਹ ਰਿਹਾ ਸੀ। ਰੂਹ ਦੀ ਹੂਕ ਨੂੰ ਜਲਦੀ ਜਲਦੀ ਕੋਈ ਨਾਮ ਦਿੱਤਾ ਵੀ ਨਹੀਂ ਜਾ ਸਕਦਾ। ਇਹ ਤਾਂ ਇਨਸਾਨੀਅਤ ਦੀ ਇੱਕ ਗਲਵਕੜੀ ਸੀ। ਜਿਸ ਦਾ ਮੇਰੇ ਅੰਦਰਲੇ ਮੁੰਡੇ ਨਾਲ ਕੋਈ ਲੈਣਾ ਦੇਣਾ ਨਹੀਂ ਸੀ। ਹਰੀ ਨੇ ਭੱਜਕੇ ਪਾਣੀ ਦਾ ਗਲਾਸ ਲਿਆਂਦਾ। ਮੈਨਜਮੈਂਟ ਦੀ ਭੀੜ ਨੂੰ ਧੂਸ ਨਾਲ ਚੀਰਦੀ ਹਰੀ, ਇਸ ਕਾਇਨਾਤ ਦੀ ਮਾਲਕ ਲੱਗ ਰਹੀ ਸੀ।

ਫੈਕਟਰੀ ਤੇ ਇਸਦੇ ਸਿਸਟਮ ਨੂੰ ਨਿਗੂਣਾ ਸਮਝਦੇ ਹੋਏ ਉਸਨੇ ਪਾਣੀ ਦਾ ਗਲਾਸ ਮੇਰੇ ਮੂੰਹ ਨੂੰ ਲਗਾਇਆ। ਮੈਂ ਕਦੇ ਕਦੇ ਆਪਣੀ ਇਕੱਲਤਾ ਨਾਲ ਗੱਲਾਂ ਕਰਦਿਆਂ ਸੋਚਿਆ ਕਰਦਾ ਸੀ ਕਿ ਇਨਸਾਨ ਸਾਰੀ ਜ਼ਿੰਦਗੀ ਵਿਚਰਦਾ ਮਾਂ-ਬਾਪ, ਭੈਣ-ਭਰਾ, ਪਰਿਵਾਰ, ਸਮਾਜ ਨਾਲ ਰਹਿੰਦਿਆਂ ਇਕ ਵੀ ਇਨਸਾਨ ਦੀ ਕਮਾਈ ਨਹੀਂ ਕਰਦਾ ਜਿਸ ਨਾਲ ਉਹ ਸਾਰੇ ਦੁਖ ਸੁਖ ਸਾਂਝੇ ਕਰ ਸਕੇ। ਅਪਣੇ ਸਾਰੇ ਪਾਪ-ਪੁੰਨ ਸਾਂਝੇ ਕਰ ਸਕੇ। ਕਿਸੇ ਨਾਲ ਕਿਸੇ ਗੱਲ ਦਾ ਲੁਕੋ ਤੇ ਕਿਸੇ ਨਾਲ ਕਿਸੇ ਹੋਰ ਗੱਲ ਦਾ ਲੁਕੋ। ਸ਼ਰਮਸਾਰ ਕਰਨ ਵਾਲੀਆਂ ਗੱਲਾਂ ਨੂੰ ਸਾਂਝਾ ਕਰਨ ਲਈ ਵੀ ਕੋਈ ਚਾਹੀਦਾ ਹੈ। ਕੋਈ ਮਿਲਣਾ ਚਾਹੀਦਾ ਹੈ। ਪਰ ਲਾਟਰੀ ਨਿਕਲਣ ਦਾ ਚਾਂਸ ਹੈ ਪਰ ਐਸਾ ਸੁਰਖਾਬ ਮਿਲਣ ਦਾ ਕੋਈ ਚਾਂਸ ਨਹੀਂ। ਸਾਰੀ ਜ਼ਿੰਦਗੀ ਵਿਚ ਐਸਾ ਨਿਰਛੱਲ ਇਨਸਾਨ ਤਾਂ ਉਹ ਹੀ ਹੋ ਸਕਦਾ ਹੈ ਜਿਸ ਨਾਲ ਤੁਹਾਡਾ ਕੋਈ ਨਾਤਾ ਨਾ ਹੋਵੇ, ਤੁਹਾਨੂੰ ਛੱਲਣ ਨਾਲ ਉਸਦਾ ਕੋਈ ਵੀ ਫਾਇਦਾ ਜੁੜਿਆ ਹੋਇਆ ਨਾ ਹੋਵੇ। ਇਹ ਵੀ ਤੇ ਇੱਕ ਸਤ-ਸੁਪਨਾ ਹੈ,ਤੇਰੇ ਦੁੱਧ ਦੇ ਗਲਾਸ ਵਿਚ ਮੱਖਣਾ ਮੈਂ ਰਲ ਜਾਵਾਂ ਖੰਡ ਬਣਕੇ। ਨਾਤੇ ਤਾਂ ਪਰਦਾ ਭਾਲਦੇ ਹਨ। ਉਹ ਤੁਹਾਡੀ ਮਾਂ ਨਾ ਹੋਵੇ ਪਤਨੀ ਤਾਂ ਬਿਲਕੁਲ ਨਾ ਹੋਵੇ ਇਥੋਂ ਤਕ ਕਿ ਤੁਹਾਡਾ ਦੋਸਤ ਵੀ ਨਾ ਹੋਵੇ। ਕਨਫੈਸ਼ਨ ਨੂੰ ਸਮਝਣ ਵਾਲਾ ਕੋਈ ਸਿਆਣਾ ਵੀ ਨਾ ਹੋਵੇ। ਇਥੋਂ ਤਕ ਕਿ ਬੰਦੇ ਦਾ ਬਣਾਇਆ ਰੱਬ ਵੀ ਨਾ ਹੋਵੇ। ਰੱਬ ਤਾਂ ਤੁਹਾਡੀ ਕਹੀ ਹੋਈ ਗੱਲ ਨੂੰ ਕਨਫੈਸ਼ਨ ਸਮਝਕੇ, ਕੋਈ ਰੂਪ ਦੇ ਦੇਵੇਗਾ। ਇੱਕੋ ਹੀ ਸਦਾਚਾਰੀ ਖਿੜਕੀ ਖੋਲ੍ਹੇਗਾ। ਆਪਣੇ ਪਰਛਾਂਵੇਂ ਵਿਚ ਲੈਕੇ ਤੁਹਾਡੀ ਧੁੱਪ ਖੋਹ ਲਵੇਗਾ। ਬੰਦੇ ਦਾ ਸਿਰਜਿਆ ਕੰਮਪਿਊਟਰੀ-ਰੱਬ, ਸੱਚ ਕਦੋਂ ਬੋਲਦਾ ਹੈ? ਰੱਬ ਤਾਂ ਇਨਸਾਨ ਦੇ ਪਿੱਛੇ ਹੀ ਪਿਆ ਰਹਿੰਦਾ ਹੈ। ਉਹ ਕਦੋਂ ਖੁਸ਼ਬੋਆਂ ਦੀ ਗੱਲ ਕਰਨ ਦਿੰਦਾ ਹੈ? ਪਰ ਰੱਬ ਵੀ ਕੀ ਕਰੇ, ਸਵੀਕਾਰੇ ਰੱਬ ਵਿਚ ਅਸੀਂ ਖੁਸ਼ਬੋ ਬੀਜਦੇ ਹੀ ਕਦੋਂ ਹਾਂ?

ਐਮਬੂਲੈਂਸ ਵਿਚ ਸਟਰੇਚਰ 'ਤੇ ਸੁਆਰ ਹੁੰਦਿਆਂ ਅਥਾਹ ਪੀੜ ਨੂੰ ਸਹਾਰਦਿਆਂ, ਹਰੀ ਦੀਆਂ ਅੱਖਾਂ ਵਿਚਲੀ ਨਮੀਂ ਨੇ ਇੱਕ ਵੱਖਰੇ ਅੰਦਾਜ਼ ਤੋਂ ਸੋਚਣ ਲਈ ਮਜਬੂਰ ਕਰ ਦਿੱਤਾ।

ਦੋ ਮਹੀਨੇ ਦੀਆਂ ਛੁੱਟੀਆਂ, ਬਸ ਮੌਜਾਂ ਹੀ ਮੌਜਾਂ। ਕੋਈ ਫਿਕਰ ਨਹੀਂ, ਕੋਈ ਪਰੋਡਕਸ਼ਨ, ਕੋਈ ਪਰੋਗਰੈਸ ਚਾਰਟ, ਕੋਈ ਸਵੇਰੇ ਉੱਠਣ ਦੀ ਕਾਹਲ ਨਹੀਂ। ਬਸ ਥੋੜ੍ਹਾ ਜਿਹਾ ਲੰਗੜਾਉਣਾ ਤੇ ਔਖੇ ਜਿਹੇ ਹੋ ਕੇ ਬੈਠਣਾ ਤੇ ਲੇਟਣਾ। ਇਹ ਤੇ ਕੁਝ ਵੀ ਨਹੀਂ ਸੀ। ਬਸ ਥੋੜ੍ਹੀ ਜਿਹੀ ਤਕਲੀਫ਼ ਟਾਇਲਟ 'ਤੇ ਬੈਠਣ ਲੱਗਿਆਂ ਜ਼ਿਆਦਾ ਹੁੰਦੀ ਸੀ, ਫ਼ਿਰ ਵੀ ਮੈਂ ਖੁਸ਼ ਸੀ। ਫੈਕਟਰੀ ਵਾਲਿਆਂ ਇਹਨਾਂ ਦੋ ਮਹੀਨਿਆਂ ਵਿਚ ਮੇਰੀ ਜਗ੍ਹਾ ਰੀਟਾ ਨੂੰ ਦੇ ਦਿੱਤੀ। ਰੀਟਾ ਦੇ ਮੇਕਅੱਪ ਦਾ ਖਰਚਾ ਵਧ ਗਿਆ ਤੇ ਵਰਕਰ ਡਾਹਢੇ ਔਖੇ ਹੋ ਗਏ।

ਇੱਕ ਦਿਨ ਡੋਰ-ਬੈੱਲ ਹੋਈ। ਮੈਂ ਲੱਤਾਂ ਘੜੀਸ ਕੇ ਆਪਣੀਆਂ ਫੌਹੜੀਆਂ ਚੁੱਕੀਆਂ ਤੇ ਦਰਵਾਜ਼ਾ

ਖੋਲ੍ਹਿਆ। ਹਰੀ ਤੇ ਪਰਮਿੰਦਰ ਬਾਹਰ ਖੜ੍ਹੇ ਸਨ।

"ਸਤਿ ਸ੍ਰੀ ਅਕਾਲ ਭਾਅ ਜੀ।" ਹਰੀ ਨੇ ਕਿਹਾ, ਤੇ ਪਰਮਿੰਦਰ ਨੇ ਮੇਰੇ ਨਾਲ ਹੱਥ ਮਿਲਾਇਆ।

ਸਤਿ ਸ੍ਰੀ ਅਕਾਲ ਤੋਂ ਬਾਅਦ ਹਰੀ ਰਸੋਈ ਵਿਚ ਚਾਹ ਬਣਾਉਣ ਚਲੇ ਗਈ। ਚਾਹ ਪੀਂਦਿਆਂ ਅਸੀਂ ਇਧਰ ਉਧਰ ਦੀਆਂ ਗੱਲਾਂ ਮਾਰਕੇ, ਹੀਰੀ ਰਸੋਈ ਵਿਚ ਚਾਹ ਬਣਾਉਣ ਚਲੇ ਗਈ। ਚਾਹ ਪੀਂਦਿਆਂ ਅਸੀਂ ਇਧਰ ਉਧਰ ਦੀਆਂ ਗੱਲਾਂ ਮਾਰਕੇ, ਤਿੰਨਾਂ ਨੇ ਰੱਜ ਕੇ ਚੁਗਲੀ ਨਿੰਦਾ ਕੀਤੀ। ਖਾਸ ਤੌਰ 'ਤੇ ਰੀਟਾ ਦੀ ਤੇ ਤਹਿ ਹੀ ਲਾ ਦਿੱਤੀ। ਪਰਮਿੰਦਰ ਅੱਜਕਲ ਦੋ ਜੌਬਾਂ ਕਰ ਰਿਹਾ ਸੀ। ਸੱਤੇ ਦਿਨ ਕੰਮ ਕਰਦੇ ਪਰਮਿੰਦਰ ਦੇ ਆਪਣੇ ਮਨਸੂਬੇ ਸਨ ਤੇ ਇਨ੍ਹਾਂ ਮਨਸੂਬਿਆਂ ਵਿਚੋਂ ਹਰੀ ਗ਼ਾਇਬ ਸੀ। ਹਰੀ ਦੀਆਂ ਕੀਤੀਆਂ ਗੱਲਾਂ ਵਿਚ ਉਣਪੁਣੇ ਦੀ ਭਰਪੂਰਤਾ ਸੀ। ਮੈਨੂੰ ਮਹਿਸੂਸ ਹੋਇਆ ਜੋ ਮੈਂ ਸੋਚਦਾ ਸੀ ਉਹ ਮੇਰੇ ਚੇਤਿਆਂ ਦੀ ਨਿਰੀਪੁਰੀ ਗੱਪ ਨਹੀਂ ਸੀ। ਉਹ ਕੋਈ ਮੇਰਾ ਨਿੱਜ ਵੀ ਨਹੀਂ ਸੀ। ਇਹ ਇੱਕ ਹੋਰ ਹੋਣੀ ਦੇ ਮੁਸਾਫਰ ਸਨ। ਹਰੀ, ਪਰਮਿੰਦਰ ਦੇ ਸੋਚੇ ਜਾ ਰਹੇ ਪੈਸੇ ਨਾਲ ਭੁਰਨ ਵਾਲੀ ਸ਼ੈਅ ਨਹੀਂ ਸੀ। ਉਹ ਇੱਕ ਦੂਜੇ ਦਾ ਹੁੰਗਾਰਾ ਭਰਦੇ ਹੱਸਦੇ ਵੀ ਸਨ। ਇੱਕ ਦੂਜੇ ਨਾਲ ਭਿੱਜੇ ਹੋਏ ਵੀ ਸਨ ਬਿਲਕੁਲ ਉਸਤਰਾਂ ਜਿਵੇਂ ਮਹਿੰਗੇ ਸੂਟ ਨਾਲ ਮਹਿੰਗੀ ਟਾਈ ਲਾਈ ਹੋਵੇ ਪਰ ਉਹ ਸੂਟ ਨਾਲ ਮੈਚ ਨਾ ਕਰਦੀ ਹੋਵੇ ਜਾਂ ਕਰਦੀ ਵੀ ਹੋਵੇ ਤਾਂ ਉਹ ਮੈਚ ਕਰਦੀ ਲੱਗੇ ਨਾ। ਹਲਵਾਈ ਦੇ ਦੁੱਧ ਦੇ ਕੜਾਹੇ ਵਾਂਗ। ਮੋਟੀ ਮਲਾਈ ਵੱਖਰੀ ਤੇ ਪਤਲਾ ਦੁੱਧ ਵੱਖਰਾ। ਬੜੀ ਹੀ ਸੌਖੀ ਤਰ੍ਹਾਂ ਬਿਨਾਂ ਦੁੱਧ ਨੂੰ ਤਕਲੀਫ਼ ਦਿੱਤਿਆਂ ਜਦੋਂ ਮਰਜ਼ੀ ਮਲਾਈ ਲਾਹ ਲਵੋ। ਮੈਂ ਵੀ ਉਨ੍ਹਾਂ ਦੇ ਮਹਿੰਗੇ ਕਪੜਿਆਂ ਤੋਂ ਪ੍ਰਭਾਵਤ ਨਹੀਂ ਸੀ, ਹਾਂ ਮਲਾਈ ਦੀ ਹੋਰ ਗੱਲ ਹੈ। ਗੋਲਗੱਪੇ ਵਿਚ ਪਾਈ ਕਾਂਜੀ ਜੇ ਗੋਲਗੱਪੇ ਨੂੰ ਤੋੜ ਵੀ ਦੇਵੇ ਤਾਂ ਵੀ ਉਸਦਾ ਸੁਆਦ ਨਹੀਂ ਗੁਆਚਦਾ ਪਰ ਇੱਥੇ ਤਾਂ ਕਾਂਜੀ ਵਧੀਆਂ ਬੋਤਲਾਂ ਵਿਚ ਪਾਈ ਹੋਈ ਸੀ। ਇਹ ਗੱਲਾਂ ਉਦੋਂ ਤੇ ਮੈਨੂੰ ਐਵੇਂ ਕੈਵੇਂ ਹੀ ਲੱਗੀਆਂ, ਐਵੇਂ ਆਪਣੇ ਹੀ ਖਿਆਲਾਂ ਦਾ ਫਤੂਰ ਪਰ ਵਕਤ ਬੀਤਣ ਨਾਲ ਇਹ ਗੱਲ ਨਿੱਤਰ ਗਈ ਕਿ ਮੇਰੇ ਖਿਆਲਾਂ ਵਿਚ ਐਵੇਂ ਹੀ ਫਿਰੀ ਤਾਰ ਜਿਹੀ ਗ਼ਲਤ ਨਹੀਂ ਸੀ। ਪਰਮਿੰਦਰ ਹੱਦ ਦਰਜੇ ਦਾ ਵਸਤੂਵਾਦੀ ਸੀ।

ਘੰਟਾ ਕੁ ਬੈਠਕੇ ਉਹ ਮੇਰਾ ਫੋਨ ਨੰਬਰ ਲੈਕੇ ਚਲੇ ਗਏ। ਉਨ੍ਹਾਂ ਦੇ ਜਾਣ ਤੋਂ ਬਾਅਦ ਮੈਂ ਸੋਫੇ ਦੀ ਗੱਦੀ ਦੇ ਥੱਲੇ ਪਈ ਮਧੋਲੀ, ਅੱਧਪੜ੍ਹੀ ਅਖਬਾਰੀ ਅਪਰਾਧ ਕਥਾ ਨੂੰ ਦੁਬਾਰਾ ਪੜ੍ਹਨ ਲੱਗ ਪਿਆ। ਸੁਨੀਤਾ ਆਪਣੇ ਨਿਆਣਿਆਂ ਨੂੰ ਛੱਡਕੇ ਆਪਣੇ ਪ੍ਰੇਮੀ ਨਾਲ ਦੌੜ ਚੁੱਕੀ ਸੀ। ਅੱਧੇ ਕੁ ਸਫ਼ੇ ਬਾਅਦ ਹੀ ਉਹ ਦੁਖੀ ਹੋਕੇ ਨਿਆਣੇ ਯਾਦ ਕਰਨ ਲੱਗ ਪਈ। ਅੰਤ ਵਿਚ ਉਹੋ ਕੁਝ ਹੋਇਆ ਜੋ ਮੈਂ ਸੋਚਿਆ ਸੀ। ਅਖਬਾਰ ਪਰ੍ਹੇ ਰੱਖਕੇ ਮੈਂ ਸੋਚਣਾ ਸ਼ੁਰੂ ਕੀਤਾ ਕਿ ਮੈਂ ਐਸਾ ਕਿਉਂ ਸੋਚਿਆ ਸੀ ਜੋ ਕਹਾਣੀ ਦੇ ਅੰਤ ਵਿਚ ਹੋਇਆ ਹੈ। ਇਸ ਅੰਤ ਤੋਂ ਸੁਨੀਤਾ ਕਿਵੇਂ ਬਚ ਸਕਦੀ ਸੀ। ਸੁਨੀਤਾ ਹੀ ਕਿਉਂ ਮੈਂ ਇਸ ਅੰਤ ਤੋਂ ਵੱਖਰਾ ਕਿਉਂ ਕੁਝ ਹੋਰ ਤਸੱਵਰ ਨਹੀਂ ਕਰ ਸਕਦਾ ਸੀ? ਇਸ ਵੱਖਰੇ ਸੋਚਣ ਦੇ ਢੰਗ ਬਾਰੇ ਸੋਚਦਿਆਂ, ਇਹ ਹਰੀ ਦਾ ਚਿਹਰਾ ਕਿਉਂ ਧੁੰਧਲਾ ਧੁੰਦਲਾ ਮੇਰੇ ਜ਼ਿਹਨ ਵਿਚ ਚੱਕਰ ਕੱਟ ਰਿਹਾ ਹੈ?

ਅਗਲੇ ਦਿਨ ਲੰਘੇ ਵਾਹ ਝਿਝਕੂੰ ਝਿਝਕੂੰ ਕਰਦਿਆਂ, ਮੈਂ ਚਾਹ ਬਣਾਕੇ ਹਟਿਆ ਹੀ ਸੀ ਜਦੋਂ ਫੋਨ ਦੀ ਘੰਟੀ ਵੱਜੀ।

ਫੋਨ 'ਤੇ ਹਰੀ ਸੀ, "ਗੋਪੀ ਭਾਅ ਜੀ ਕੀ ਹਾਲ ਹੈ ਤੁਹਾਡਾ?" ਮੇਰੇ ਤੋਂ ਵੀਹ ਸਾਲ ਛੋਟੀ ਹਰੀ, ਮੈਨੂੰ ਆਪਣੇ ਹਾਣ ਦੀ ਜਾਪੀ।

"ਬਸ ਠੀਕ ਹੈ, ਤੇਰੇ ਫੋਨ ਆਏ ਤੋਂ ਇਹੋ ਸੋਚਦਾ ਹਾਂ ਕਿ ਕਾਸ਼ ਦਸ ਸਾਲ ਬਾਅਦ ਜੰਮਿਆ ਹੁੰਦਾ।"

"ਨਾ ਭਲਾ ਇਹ ਕੀ ਗੱਲ ਹੋਈ।"ਹਰੀ ਦਾ ਹਾਸਾ ਛਣਕਿਆ।

"ਜਾਂ ਫਿਰ ਤੂੰ ਦਸ ਸਾਲ ਪਹਿਲਾਂ ਜੰਮੀ ਹੁੰਦੀ।" ਮੈਂ ਪੂਰੇ ਵਿਸ਼ਵਾਸ ਨਾਲ ਕਿਹਾ।

"ਕਿਉਂ ਇਸਤਰ੍ਹਾਂ ਕਿਉਂ ਹੁੰਦਾ?"

"ਫੇਰ ਤੈਨੂੰ ਭਾਅ ਜੀ ਨਾ ਕਹਿਣਾ ਪੈਂਦਾ।" ਉਹ ਬੋਲੀ ਤੇ ਕੁਝ ਨਹੀਂ ਪਰ ਹੱਸਣ ਲੱਗ ਪਈ। ਉਸਦੇ ਹਾਸੇ ਨੇ ਕੋਈ ਸੁਆਲ ਖੜ੍ਹਾ ਕਰ ਦਿੱਤਾ। ਉਸਦੇ ਹੱਸੇ ਸੁਆਲ ਦਾ, ਮੇਰੇ ਕੋਲ ਕੋਈ ਘੜਿਆ ਘੜਾਇਆ ਜੁਆਬ ਨਹੀਂ ਸੀ ਪਰ ਇਕ ਗੱਲ ਪੱਕੀ ਹੈ ਕਿ ਮੈਂ ਪਜ਼ੈਸਿਵਨੈਸ ਮਹਿਸੂਸਿਆ ਨਹੀਂ। ਇਕ

ਤਲਾਸ਼ ਦੀ ਡਗਰ 'ਤੇ ਪਹਿਲਾ ਕਦਮ ਧਰਿਆ ਲੱਗਿਆ।

"ਭਾਅ ਜੀ ਸ਼ਬਦ ਵਿਚ ਇਕ ਵਲਗਣ ਹੈ। ਇਕ ਲਿਮਟ, ਬੱਸ ਇਕ ਹੱਦ ਤਕ ਤੇ ਉਸਤੋਂ ਬਾਅਦ ਤੁਹਾਡਾ ਧਰਮ ਖਤਰੇ ਵਿਚ। ਕੀ ਤੂੰ ਨਹੀਂ ਚਾਹੁੰਦੀ ਇਸ ਲਿਮਟ ਨੂੰ ਅਨਲਿਮਟਿਡ ਕਰ ਦਿੱਤਾ ਜਾਵੇ ਜਾਂ ਤੈਨੂੰ ਮੇਰੇ 'ਤੇ ਵਿਸ਼ਵਾਸ ਨਹੀਂ?" ਹਰੀ ਫੋਨ 'ਤੇ ਫੇਰ ਹੱਸ ਪਈ।

"ਨਾ ਹੱਸਦੀ ਕਿਉਂ ਹੈਂ?" ਮੈਂ ਪਉੜੀ ਦੇ ਦੂਸਰੇ ਡੰਡੇ 'ਤੇ ਪੈਰ ਧਰਦਿਆਂ ਕਿਹਾ।

"ਮੈਂ ਆ ਰਹੀ ਹਾਂ ਤੁਹਾਡੇ ਕੋਲ। ਅੱਜ ਤੋਂ ਬਾਅਦ ਹਰ ਸ਼ਾਮ ਤੁਹਾਡੀ ਰੋਟੀ ਲੈ ਕੇ ਆਇਆ ਕਰਾਂਗੀ ਜਿੰਨਾ ਚਿਰ ਭਾਬੀ ਜੀ ਨਹੀਂ ਇੰਡੀਆ ਤੋਂ ਮੁੜਦੇ।"

"ਇਸ ਵਿਚ ਖੇਚਲ ਕਾਹਦੀ। ਦੋ ਰੋਟੀਆਂ ਥੱਪਣ ਵਿਚ ਕਾਹਦੀ ਤਕਲੀਫ਼। ਬਸ ਸਰ ਐਵੇਂ ਤੁਸੀਂ ਮਜ਼ਾਕ ਕਰਦੇ ਹੋ। ਇਸ ਕਰਕੇ ਹੱਸਦੀ ਹਾਂ।" ਕਾਫੀ ਟੇਬਲ ਤੇ ਖਾਣਾ ਲਗਾ ਕੇ ਉਹ ਸੋਫੇ 'ਤੇ ਬੈਠ ਗਈ। ਉਸਨੇ ਭਾਅ ਜੀ ਦੀ ਬਜਾਏ ਮੈਨੂੰ ਸਰ ਕਿਹਾ।

"ਮੈਂ ਮਜ਼ਾਕ ਨਹੀਂ ਕਰ ਰਿਹਾ। ਮਜ਼ਾਕ ਤਾਂ ਇਹ ਹੁੰਦਾ ਜੇ ਮੈਂ ਕਹਿੰਦਾ ਕਿ ਹੀਰੀ ਰੋਟੀ ਨਹੀਂ ਮੈਨੂੰ ਭੱਤਾ ਚਾਹੀਦਾ ਹੈ। ਮੈਂ ਤਾਂ ਜ਼ਿੰਦਗੀ ਨਾਲ ਗੱਲਾਂ ਕਰ ਰਿਹਾ ਹਾਂ।" ਹਰੀ ਚੁੱਪ ਹੋ ਗਈ, ਸਿਰਫ਼ ਕੁਝ ਹੋਰ ਸੁਣਨ ਲਈ।

"ਤੇਰੀ ਇਕਾਗਰਤਾ ਦਾ ਕੀ ਜੁਆਬ ਦਿਆਂ। ਬੱਸ ਤੇਰੀਆਂ ਅੱਖਾਂ ਵਿਚਲੀ ਉਦਾਸੀ ਵੇਖੀ ਹੈ। ਤੂੰ ਜ਼ਿੰਦਗੀ ਤੋਂ ਖੁਸ਼ ਨਹੀਂ ਹੈਂ। ਇਤਨੀ ਸੁਆਦ ਰੋਟੀ, ਇਤਨੀ ਸੋਹਣੀ ਕੁੜੀ ਤੇ ਇਤਨੀਆਂ ਵਿਰਾਨ ਅੱਖਾਂ ਮੇਰੀ ਜ਼ਿੰਦਗੀ ਮੌਤ ਦੇ ਪਲ ਵਿਚ ਤੇਰੇ ਪਾਣੀ ਦੇ ਗਲਾਸ ਨੇ ਮੂੰਹੋਂ ਬੋਲਕੇ ਕਿਹਾ ਹੈ ਕਿ ਮੈਂ ਤੇਰਾ ਖੇੜਾ ਚਾਹਾਂ। ਬਸ ਇਤਨੀ ਕੁ ਹੀ ਗੱਲ ਹੈ, ਮੇਰੇ ਦੋਸਤ।"

"ਮੈਂ ਡਰਦੀ ਹਾਂ ਸਰ।" ਹਰੀ ਦੇ ਬੋਲ ਭਿੱਜੇ ਹੋਏ ਸਨ।

"ਭਾਅ ਜੀ ਨਾਲੋਂ ਸਰ ਚੰਗਾ ਪਰ ਜੇ ਤੂੰ ਚਾਹੇਂ ਤਾਂ ਸਰ ਕਹਿਣਾ ਵੀ ਛੱਡ ਸਕਦੀ ਹੈਂ। ਮੈਨੂੰ ਖੁਸ਼ੀ ਹੋਵੇਗੀ।"

"ਕੀ ਕਹਾਂ?" ਹਰੀ ਦੇ ਭਿੱਜੇ ਹੋਏ ਬੋਲ ਕੁਝ ਨਿੱਖਰ ਰਹੇ ਸਨ।

"ਮੈਂ ਨਹੀਂ ਕਹਿੰਦਾ ਮੈਨੂੰ ਡਾਰਲਿੰਗ ਕਹਿ ਪਰ ਕੋਈ ਹਰਜ ਵੀ ਨਹੀਂ ਪਰ ਉਹ ਤੇ ਤੇਰਾ ਪਰਮਿੰਦਰ ਹੈ ਹੀ। ਬਸ ਵਿਚ ਵਿਚਾਲੇ ਕੁਝ ਕਹਿ ਲੈ।"

"ਤੁਸੀਂ ਹੀ ਦੱਸੋ, ਕੀ ਕਹਾਂ?" ਹਰੀ ਚਾਂਭਲੀ ਜਿਹੀ ਕਹਿ ਰਹੀ ਸੀ।

"ਮੈਨੂੰ ਨਹੀਂ ਪਤਾ। ਜੋ ਮਰਜ਼ੀ ਕਹਿ, ਪਰ ਨਾ ਭਾਅ ਜੀ ਨਾ ਸਰ। ਕੁਝ ਆਪਣਾ ਜਿਹਾ। ਪਰਾਏਪਨ ਤੋਂ ਬਗ਼ੈਰ। ਕੁਝ ਵੀ, ਕੋਈ ਵੀ ਨਾਮ, ਦੋਸਤ, ਮਿੱਤਰ, ਸਹੇਲੀ, ਦੁਸ਼ਮਣ, ਬਦਮਾਸ਼। ਬਸ ਮੈਂ ਤਾਂ ਚਾਹੁੰਨਾਂ ਮੇਰੇ ਪੈਰ ਦੀ ਪੀੜ ਨੂੰ ਮਹਿਸੂਸਣ ਵਾਲੀ ਮੈਨੂੰ ਪਜ਼ੈਸਿਵ ਨਾ ਸਮਝੇ। ਸਿਰਫ ਆਪਣਾ ਸਮਝੇ।"

"ਓ ਕੇ, ਓ ਕੇ ਦੋਸਤ ਜੀ, ਮੈਂ ਕਲ ਨੂੰ ਦੁਪਹਿਰੇ ਫੋਨ ਕਰਕੇ ਦੱਸਾਂਗੀ ਕਿ ਕੀ ਕਿਹਾ ਜਾਵੇ ਤੁਹਾਨੂੰ।" ਹਰੀ ਨੇ ਭਾਂਡੇ ਟੀਂਡੇ ਸੰਭਾਲ ਕੇ ਥਾਉਂ ਥਾਂਈਂ ਟਿਕਾ ਦਿੱਤੇ ਤੇ ਚਲੇ ਗਈ।

ਹਰ ਸ਼ਾਮ ਖਾਣਾ ਲੈ ਕੇ ਆਉਂਦੀ ਹਰੀ ਜਿਵੇਂ ਇਸ ਛੋਟੇ ਜਿਹੇ ਲਿਵ-ਰੂਮ ਦਾ ਹਿੱਸਾ ਬਣ ਗਈ। ਲਾਂਡਰੀ ਕਰਦੀ ਵੈਕਿਊਮ ਕਰਦੀ ਮੇਰੇ ਆਸੇ-ਪਾਸੇ ਫਿਰਦੀ, ਨਿੱਕੀਆਂ ਨਿੱਕੀਆਂ ਗੱਲਾਂ ਕਰਦੀ, ਮੇਰੇ ਲਈ ਕਿਤਨੇ ਹੀ ਸੁਆਲ ਛੱਡ ਜਾਂਦੀ। ਉਸਦਾ ਹਰ ਸੁਆਲ ਮੇਰੇ ਲਈ ਇਮਤਿਹਾਨ ਹੁੰਦਾ। ਕਿਤੇ ਨਾ ਕਿਤੇ ਮੈਂ ਪਰੇਸ਼ਾਨ ਜ਼ਰੂਰ ਸੀ। ਕੋਈ ਤੇ ਗੱਲ ਸੀ ਜੋ ਸਾਡੇ ਵਿਚ ਵਿਚਾਲੇ ਸਾਂਝੀ ਨਹੀਂ ਸੀ। ਉਸਦਾ ਕੋਈ ਵੀ ਵਾਕ ਮੇਰੇ ਤਕ ਨਿਰਵਿਘਨ ਨਹੀਂ ਪਹੁੰਚਦਾ ਸੀ। ਉਸਦੀ ਕੋਈ ਵੀ ਗੱਲ, ਮੇਰੀ ਸੋਚ ਨੂੰ ਹੋਰ ਹੀ ਪਾਸੇ ਲੈ ਜਾਂਦੀ। ਕਿਸੇ ਵੀ ਗੱਲ ਦਾ ਸਿੱਧਾ ਪਾਸਾ ਮੇਰੇ ਲਈ ਮੁਸੀਬਤ ਬਣਦਾ ਜਾ ਰਿਹਾ ਸੀ। ਉਸਦੇ ਕਹੇ ਸ਼ਬਦਾਂ ਦੇ ਕੀ ਮਤਲਬ ਹਨ, ਉਨ੍ਹਾਂ ਅਰਥਾਂ ਦਾ ਮੈਂ ਕੀ ਜੁਆਬ ਦੇਣਾ ਹੈ? ਹੌਲੀ ਹੌਲੀ ਮੈਂ ਮਹਿਸੂਸ ਕਰਨ ਲੱਗ

ਪਿਆ ਕਿ ਇਹ ਡਰ ਮੇਰਾ ਆਪਣਾ ਹੈ। ਮੇਰਾ ਹੀ ਨਿੱਜ, ਰੁਕਾਵਟ ਹੈ। ਮੈਂ ਹੋਰ ਵੀ ਸਤਰਕ ਹੋ ਗਿਆ। ਆਪਣੇ ਪਾਣੀਆਂ ਨੂੰ ਨਿਰਮਲ ਕਰਨ ਦੇ ਮੇਰੇ ਉਪਰਾਲੇ, ਧਰਤੀ ਦੇ ਹਾਣ ਦੇ ਹੋਣ ਲੱਗੇ। ਨਿੱਕੇ ਨਿੱਕੇ ਹਾਸੇ, ਛੋਟੇ ਛੋਟੇ ਲਤੀਫੇ ਸੁਣਨ ਸੁਣਾਉਣ ਤੋਂ ਬਾਅਦ ਹਰੀ ਨੂੰ ਮਹਿਸੂਸ ਹੋ ਗਿਆ ਕਿ ਮੈਂ ਹਾਰਮਲੈੱਸ ਜੀਵ ਹਾਂ। ਔਰਤ ਤੇ ਘੜਾ ਲੈਣ ਲੱਗਿਆਂ ਵੀ ਟਣਕਾ ਕੇ ਵੇਖਦੀ ਹੈ ਪਰ ਹਰੀ ਨੇ ਮੈਨੂੰ ਟਣਕਾਉਣ ਵਿਚ ਕੁਝ ਜ਼ਿਆਦਾ ਹੀ ਵਕਤ ਲੈ ਲਿਆ ਜਾਂ ਇਹ ਸਮਝ ਲਵੋ ਕਿ ਮੇਰੇ ਹੀ ਘੜੇ ਦਾ ਸੰਗੀਤ ਲੈਅ ਵਿਚ ਆਉਣ ਲੱਗਿਆਂ ਕੁਝ ਸਮਾਂ ਲੈ ਗਿਆ। ਗੱਲਾਂ ਸੁਣਦੀ, ਗਹਿਰ ਗੰਭੀਰ ਵੀ ਹੋ ਜਾਂਦੀ ਪਰ ਪਰਨਾਲਾ ਉਥੇ ਦਾ ਉਥੇ, ਇੱਕ ਗੁੰਠੇ ਜਿਹੇ। ਫਿਰ ਇੱਕ ਦਿਨ ਮੇਰੀ ਕਹੀ ਗੱਲ ਨੇ ਉਸਦਾ ਟਣਕਾਉਣਾ ਸਮਾਪਤ ਕਰ ਦਿੱਤਾ।

ਹਰੀ ਨੇ ਫੋਨ ਕਰਕੇ ਮੈਨੂੰ ਟਿਮ ਹਾਰਟਨ ਸੱਦਿਆ ਸੀ। ਕਹਿਣ ਲੱਗੀ, "ਗੋਪੀ ਜੀ ਹਮਨੇ ਪੰਜ ਨੰਬਰ ਮਸ਼ੀਨ ਤੇ ਕੰਮ ਨਹੀਂ ਕਰਨਾ, ਮੈਂ ਨਹੀਂ ਹੋਰ ਸੀਮਾ ਨਾਲ ਕੰਮ ਕਰ ਸਕਦੀ। ਉਹ ਨਿਰੀਪੁਰੀ ਗੁਆਰ ਹੈ।" ਸੀਮਾ ਤੇ ਹਰੀ ਦੇ ਹਮੇਸ਼ਾ ਸਿੰਗ ਫਸੇ ਰਹਿੰਦੇ। ਕਦੇ ਕਦੇ ਗੱਲ ਵਧ ਵੀ ਜਾਂਦੀ।

ਮੈਂ ਕਿਹਾ, "ਪਤਾ ਹਰੀ ਤੁਹਾਡੇ ਦੋਵਾਂ ਦੀ ਲੜਾਈ ਵਿਚ ਕਸੂਰ ਕਿਸਦਾ ਹੈ?"

"ਕਿਸਦਾ?"

"ਤੇਰਾ, ਸੌ ਫੀ ਸਦੀ ਤੇਰਾ। ਤੂੰ ਉਸਨੂੰ ਬਦਲਨਾ ਚਾਹੁੰਦੀ ਹੈਂ। ਤੇਰੇ ਦਿਮਾਗ਼ ਵਿਚ ਕਿਤੇ ਨਾ ਕਿਤੇ ਇਹ ਗੱਲ ਬੈਠੀ ਹੈ ਕਿ ਉਹ ਤੇਰੇ ਵਾਂਗ ਸੋਚੇ, ਤੇਰੀ ਸੋਚ ਵਾਂਗ ਵਿਹਾਰ ਕਰੇ। ਤੇਰੇ ਵਾਂਗ ਉੱਠੇ ਬੈਠੇ। ਤੂੰ ਇਹ ਕਿਉਂ ਨਹੀਂ ਸੋਚਦੀ ਕਿ ਇਹ ਤੇਰੇ ਵਸ ਵਿਚ ਨਹੀਂ ਤੇ ਤੇਰਾ ਇਹ ਕੰਮ ਵੀ ਨਹੀਂ। ਇਨਸਾਨ ਨੂੰ ਸਮੁੱਚ ਵਿਚ ਲੈਣਾ ਚਾਹੀਦਾ ਹੈ। ਜਸਟ ਇਨ ਟੋਟੈਲਿਟੀ। ਅੱਧ ਪਚੱਧਾ ਨਹੀਂ। ਉਹ ਆਪਣੀਆਂ ਆਦਤਾਂ ਨਾਲ ਆਪਣੇ ਟੱਬਰ ਨਾਲ ਜੀਅ ਰਹੀ ਹੈ, ਬੱਚੇ ਪਾਲ ਰਹੀ ਹੈ, ਸਮਾਜ ਵਿਚ ਵਿਚਰ ਰਹੀ ਹੈ ਤੇ ਵਿਚਰਨ ਦੇ। ਉਹਦੇ ਇਰਾਦੇ ਬਦਲਣ ਦੀ ਤੈਨੂੰ ਕੀ ਜ਼ਰੂਰਤ ਹੈ। ਤੂੰ ਉਹਦੀ ਗਾਈਡ ਬਣਨ ਦੀ ਕੋਸ਼ਿਸ਼ ਨਾ ਕਰ। ਜਿਸ ਦਿਨ ਤੇਰਾ ਗਾਈਡ ਬਣਨ ਦਾ ਇਰਾਦਾ ਬਦਲ ਗਿਆ ਤੁਹਾਡੀ ਲੜਾਈ ਖ਼ਤਮ ਹੋ ਜਾਏਗੀ। ਤੇਰਾ ਕੰਮ ਅਡਜਸਟ ਕਰਨਾ ਹੈ।"

ਉਦੋਂ ਹੀ ਫੋਨ ਦੀ ਘੰਟੀ ਵੱਜੀ। ਹਰੀ ਨੇ ਫੋਨ ਖੋਲ੍ਹ ਕੇ ਹੈਲੋ ਕਿਹਾ। "ਹਾਂ ਮੈਂ ਟਿਮ ਹਾਰਟਨ ਹਾਂ, ਕਾਫੀ ਪੀਣ ਗੋਪੀ ਭਾਅ ਜੀ ਨਾਲ। ਮੈਂ ਪਹੁੰਚ ਜਾਵਾਂਗੀ।" ਹਰੀ ਨੇ ਫੋਨ ਫੋਲਡ ਕਰਕੇ ਪਰਸ ਵਿਚ ਪਾ ਲਿਆ।

"ਕੀਹਦਾ ਫੋਨ ਸੀ?"

"ਪਰਮਿੰਦਰ ਦਾ।" ਇਕ ਵਾਰੀ ਤਾਂ ਮੈਂ ਥਿੜਕ ਗਿਆ, ਸੋਚਿਆ ਕੀ ਸੋਚਦਾ ਹੋਵੇਗਾ?

"ਹਾਂ ਤੇ ਤੁਸੀਂ ਜੋ ਕਿਹਾ ਉਹੋ ਠੀਕ ਹੈ। ਹੁਣ ਮੇਰੀ ਸਮਝ ਵਿਚ ਆ ਗਿਆ ਹੈ ਸਰ ਜੀ। ਸੀਮਾ ਨਾਲ ਮੈਂ ਹੁਣ ਨਹੀਂ ਲੜਦੀ ਸਰ ਜੀ।"

"ਬਸ ਇਤਨੀ ਹੀ ਗੱਲ ਹੈ।" ਮੈਂ ਆਪਣੀ ਗੱਲ ਦੀ ਤਾਮੀਰ ਨਪਵਾ ਕੇ ਖੁਸ਼ ਹੋਇਆ।

"ਪਰ ਕੀ ਤੁਸੀਂ ਵੀ ਕਦੇ ਮੈਨੂੰ ਬਦਲਣ ਦੀ ਕੋਸ਼ਿਸ਼ ਕਰ ਸਕਦੇ ਹੋ?"

"ਹਰਗਿਜ਼ ਨਹੀਂ। ਮੈਂ ਸਮੁੱਚ ਵਿਚ ਵਿਸ਼ਵਾਸ ਰੱਖਦਾ ਹਾਂ।"

"ਪਰ ਤੁਹਾਡੇ ਸਮੁੱਚੇ ਵਿਸ਼ਵਾਸ ਦਾ ਪੁੱਠਾ ਪਾਸਾ ਵੀ ਤੇ ਹੋ ਸਕਦਾ ਹੈ।"

"ਗੱਲ ਸਿੱਧੇ ਜਾਂ ਪੁੱਠੇ ਦੀ ਨਹੀਂ। ਗੱਲ ਦੋਸਤੀ ਦੀ ਹੈ। ਹਰੀ ਦੀ ਦੋਸਤੀ ਦੀ।"

"ਤੇ ਜੇ ਹਰੀ ਤੇ ਦੋਸਤੀ ਦੋ ਗੱਲਾਂ ਹੋਣ?"

"ਫਿਰ ਵੀ ਨਹੀਂ।"

"ਸੋਚ ਲਵੋ।"

"ਹਰੀ ਇੱਕ ਗੱਲ ਦੱਸਾਂ, ਕਦੇ ਕਦੇ ਮੈਨੂੰ ਲੱਗਦਾ ਹੈ ਤੂੰ ਜਿਤਨੀ ਸੋਹਣੀ ਹੈਂ ਉਤਨੀ ਸਿਆਣੀ ਨਹੀਂ। ਪਰ ਮੈਨੂੰ ਸਿਆਣਪ ਨਾਲ ਕੋਈ ਸਰੋਕਾਰ ਨਹੀਂ। ਮੈਨੂੰ ਤੇ ਦੋਸਤੀ ਨਾਲ ਮਤਲਬ ਹੈ ਤੇ ਜਿਸਦਾ ਨਾਮ ਹਰੀ ਹੈ। ਦਰਅਸਲ ਦੋਸਤੀ ਵਿਚ ਸਿਆਣਪ ਹੋਣੀ ਹੀ ਨਹੀਂ ਚਾਹੀਦੀ।"

"ਕਦੇ ਸੋਹਣੀ ਕਦੇ ਮੋਹਣੀ, ਤੁਸੀਂ ਦੋਸਤੀ ਦੀ ਆੜ ਵਿਚ ਕਿਤੇ ਪਜ਼ੈਸਿਵ ਤੇ ਨਹੀਂ ਹੁੰਦੇ ਜਾ ਰਹੇ?"

"ਪਜ਼ੈਸਿਵ ਹੋਕੇ ਮੈਨੂੰ ਕੀ ਮਿਲੇਗਾ? ਵੱਧ ਤੋਂ ਵੱਧ ਇਕ ਪੱਪੀ ਜਾਂ ਦੋ ਜਾਂ ਤਿੰਨ। ਤਿੰਨ ਚੁੰਮੀਆਂ ਪਿੱਛੇ ਮੈਂ ਆਪਣਾ ਦੋਸਤ ਤੇ ਨਹੀਂ ਗੁਵਾਉਣ ਲੱਗਾ।"

"ਵਾਰੇ ਵਾਰੇ ਜਾਈਏ ਤੁਹਾਡੇ ਇਸ਼ਾਰਿਆਂ ਦੇ।"

"ਵਾਰੇ ਵਾਰੇ ਜਾਉ ਮੈਂ ਕਦੋਂ ਮਨ੍ਹਾਂ ਕਰਦਾ ਹਾਂ। ਬਹੁਤ ਗੁਣੀ ਗਿਆਨੀ, ਰੁੜੇ ਗੜੇ ਵੀ ਇਸ ਪਜ਼ੈਸਿਵਪੁਣੇ ਤੋਂ ਮੁਕਤ ਨਹੀਂ ਹਨ। ਕਹਿਣ ਨੂੰ ਤੇ ਜੋ ਮਰਜ਼ੀ ਕਹਿ ਲਵੋ ਪਰ ਨਬੇੜੇ ਤਾਂ ਜਾਚ ਨਾਲ ਹੀ ਹੁੰਦੇ ਹਨ। ਨੱਚਣ ਦਾ ਚੱਜ ਹੋਵੇ ਤਾਂ ਹੀ ਸੰਗੀਤ ਦੀ ਇਜ਼ਤ ਹੁੰਦੀ ਹੈ। ਇੱਕ ਕਰੈਕਟਰ ਦੀ ਗੱਲ ਤੈਨੂੰ ਸੁਣਾਉਂਦਾ ਹਾਂ।

ਉਹ ਭਲਾਮਾਣਸ ਔਰਤ ਦੀ ਇਜ਼ਤ ਹੀ ਨਹੀਂ ਕਰਦਾ ਬਲਕਿ ਔਰਤਾਂ 'ਤੇ ਹੋਣ ਵਾਲੇ ਇਨਵਿਜ਼ਿਬਲ ਜ਼ੁਲਮਾਂ ਦੀਆਂ ਕਹਾਣੀਆਂ ਵੀ ਪਾਉਂਦਾ ਹੈ। ਗਿਆਨਵਾਨ ਹੈ। ਔਰਤ ਜ਼ਾਤ ਦੀਆਂ ਨਾਇਕਾਵਾਂ ਦੀਆਂ ਕਿਤਨੀਆਂ ਹੀ ਉਦਾਹਰਣਾਂ ਹਨ ਜੋ ਪਤੀ ਦੇ ਸਾਏ ਵਿਚ ਰਹਿਕੇ ਨੱਢੀਆਂ ਹੀ ਰਹਿੰਦੀਆਂ ਹਨ ਵੱਡੀਆਂ ਨਹੀਂ ਹੁੰਦੀਆਂ। ਪਤੀ ਦੇ ਸਾਏ ਤੋਂ ਬਾਹਰ ਆ ਕੇ ਸੋਚ ਵੀ ਨਹੀਂ ਸਕਦੀਆਂ। ਆਪਣੇ ਮਰਦ ਦੀ ਇੱਜ਼ਤ ਕਰਦੀਆਂ ਕਰਦੀਆਂ ਆਪਣਾ ਵੱਖਰਾ ਸਰੂਪ ਹੀ ਗੁਆ ਬੈਠਦੀਆਂ ਹਨ। ਸਾਡੇ ਘਰ ਬੈਠਿਆਂ ਔਰਤਾਂ ਇੱਕਠੀਆਂ ਹੋ ਕੇ ਮਾਲ ਨੂੰ ਗਈਆਂ ਪਰ ਇਕ ਨਹੀਂ ਗਈ। ਜੋ ਨਹੀਂ ਗਈ ਉਹ ਮੁਕਤ ਸੀ ਆਪਣੇ ਆਪ ਤੋਂ। ਆਪਣੇ ਨਾਮ ਤੋਂ ਅਨਜਾਣ ਉਹ ਸਿਰਫ਼ ਮਿਸਿਜ਼ ਸੀ। ਪਰਮੇਸ਼ਰ ਨੇ ਰੋਟੀ ਤੋਂ ਬਾਅਦ ਦੋ ਵਜੇ ਚਾਹ ਪੀਣੀ ਸੀ। ਕੋਈ ਦੁਵਾਈ ਦਵੂਈ ਖਾਣੀ ਸੀ। ਬੇਵਕੂਫ ਤੋਂ ਬੇਵਕੂਫ਼ ਬੰਦਾ ਵੀ ਚਾਹ ਬਣਾਉਣ ਵਰਗਾ ਨਖਿੱਧ ਕੰਮ ਕਰ ਸਕਦਾ ਹੈ। ਜੋ ਚਾਹ ਵੀ ਨਹੀਂ ਬਣਾ ਸਕਦਾ ਉਸਨੂੰ ਤੇ ਵਿਆਹ ਵੀ ਨਹੀਂ ਕਰਵਾਉਣਾ ਚਾਹੀਦਾ। ਪਰ ਉਹਨਾਂ ਦੇ ਪਿਆਰ ਦੀ ਇੰਤਹਾ ਸ਼ਾਹਜਹਾਨ-ਮੁਮਤਾਜ਼ ਦੇ ਇਸ਼ਕ ਨੂੰ ਮਾਤ ਪਾ ਰਹੀ ਸੀ।"

"ਸਰ ਜੀ, ਗੁਸਤਾਖੀ ਮੁਆਫ਼ ਤੁਹਾਡੀ ਗੱਲ ਟੋਕੀ ਇਹ ਪਿਆਰ ਤੇ ਇਸ਼ਕ ਵਿਚ ਫ਼ਰਕ ਕੀ ਹੁੰਦਾ ਹੈ?"

"ਜਦੋਂ ਪਿਆਰ ਨੂੰ ਬੁਖਾਰ ਚੜ੍ਹ ਜਾਏ।ਤਾਪਮਾਨ ਵਸੋਂ ਬਾਹਰ ਜੋ ਜਾਏ। ਨਜ਼ਰ ਕਮਜ਼ੋਰ ਹੋ ਜਾਏ ਤੇ ਉਹੋ ਕੁਝ ਦਿਸੇ ਜਿਸਨੂੰ ਦੇਖਣ ਲਈ ਦਿਲ ਕਰੇ।"

"ਇਹ ਕੀ ਗੱਲ ਹੋਈ ਭਲਾ, ਹਮਨੇ ਨਹੀਂ ਸਮਝੀ?"

"ਬੱਸ ਇਹੋ ਤੇ ਗੱਲ ਹੈ। ਸਭ ਕੁਝ ਜਾਣਦਿਆਂ ਬੁਝਦਿਆਂ ਵੀ ਸੱਚ ਨਹੀਂ ਬੋਲਦੇ। ਕਬਜ਼ੇ ਨੂੰ ਹੀ ਇਸ਼ਕ ਦਾ ਨਾਮ ਦੇਈ ਜਾਂਦੇ ਹਨ। ਬੁੱਲੇ ਨੇ ਵੀ ਇਸ਼ਕ ਕੀਤਾ ਸੀ। ਉਸਦਾ ਇਸ਼ਕ ਸਾਰੇ ਜਾਣਦੇ ਹਨ।

ਦੀ ਦਲੀਲ ਦੀ ਖਿੜਕੀ ਹੋਰ ਹੁੰਦੀ ਹੈ। ਇਹਨਾਂ ਕੋਲ ਹਜ਼ਾਰਾਂ ਖਿੜਕੀਆਂ ਹੁੰਦੀਆਂ ਹਨ। ਜਿਸ ਖਿੜਕੀ ਵਿਚੋਂ ਠੰਡੀ ਹਵਾ ਆਏ, ਉਹੋ ਸੱਚ।" ਝੂਠ ਬੋਲਣ ਦੀ ਲੋੜ ਤਾਂ ਸੱਚੇ ਆਦਮੀ ਨੂੰ ਹੁੰਦੀ ਹੈ। ਝੂਠ ਤਾਂ ਉਹ ਹੁੰਦਾ ਹੈ ਜਿਸਦਾ ਪਤਾ ਹੋਵੇ ਕਿ ਉਹ ਝੂਠ ਹੈ, ਜਿਸਦਾ ਪਤਾ ਨਹੀਂ ਉਹ ਸਭ ਸੱਚ ਹੈ।"

"ਪਰ ਇਸ ਝੂਠ ਸੱਚ ਦਾ ਨਿਤਾਰਾ ਕਿਤੇ ਤਾਂ ਨਿੱਤਰਦਾ ਹੀ ਹੋਊ?" ਹੀਰੀ ਨੇ ਆਪਣੀ ਚੀਚੀ ਦੇ ਨੌਂਹ ਨੂੰ ਦੰਦਾਂ ਥੱਲੇ ਦੱਬਦਿਆਂ ਕਿਹਾ।

"ਇਸ ਕਰਕੇ ਤਾਂ ਮੈਂ ਤੈਨੂੰ ਕਹਿਨੈ ਮਿਲਦੀ ਰਿਹਾ ਕਰ।"

"ਚਲੋ ਛੱਡੋ ਪਰ੍ਹਾਂ, ਮੇਰੇ ਮਿਲਣ ਜਾਂ ਨਾ ਮਿਲਣ ਦੀ ਗੱਲ, ਤੁਸੀਂ ਸ਼ਾਹਜਹਾਨ ਬਾਰੇ ਕੁਝ ਕਹਿ ਰਹੇ ਸੀ।"

"ਹਾਂ ਤੇ ਮੈਂ ਕਿਹਾ ਸੀ ਕਿ ਸ਼ਾਹਜਹਾਨ ਨੂੰ ਚਾਹ ਬਣਾਉਣੀ ਨਹੀਂ ਆਉਂਦੀ ਸੀ।"

"ਨਹੀਂ ਨਹੀਂ ਗੋਪੀ ਜੀ, ਤੁਸੀਂ ਭੁੱਲਦੇ ਹੋ। ਤੁਸੀਂ ਕਿਹਾ ਸੀ ਕਿ ਸ਼ਾਹਜਹਾਨ ਨਖਿੱਧ ਸੀ। ਹਮਨੇ ਆਪ ਇਨ੍ਹਾਂ ਗੁਨਾਹਗਾਰ ਕੰਨਾਂ ਨਾਲ ਸੁਣਿਆ ਹੈ।"

"ਨਹੀਂ ਸ਼ਾਹਜਹਾਨ ਨਖਿੱਧ ਨਹੀਂ ਸੀ। ਜੇ ਉਹ ਇਤਨਾ ਹੀ ਨਿਕੰਮਾ ਹੁੰਦਾ ਤਾਂ ਬਾਦਸ਼ਾਹ ਕਿਵੇਂ

ਬਣਦਾ। ਮੇਰਾ ਨਹੀਂ ਖਿਆਲ ਉਹਨੇ ਕਦੇ ਵੀ ਆਪਣੀ ਮੁਮਤਾਜ਼ ਨੂੰ ਹੁਕਮ ਕਰਕੇ ਕਿਹਾ ਹੋਵੇ, ਏਹ ਜੀ ਸੋਹਣਿਉ, ਮੈਨੂੰ ਦੋ ਵਜੇ ਚਾਹ ਚਾਹੀਦੀ ਹੈ। ਢਾਈ ਵਜੇ ਮੈਂ ਦਰਬਾਰ ਲਾਉਣਾ ਹੈ। ਇਹ ਤੇ ਮਕਬਰਾ ਹੀ ਐਸਾ ਬਣਾਉਂਦੇ ਹਨ ਜੋ ਸੋਹਣਾ ਲੱਗੇ। ਮਕਬਰਾ ਕਿਸ ਤਰ੍ਹਾਂ ਬਣਿਆ, ਉਸ ਮਕਬਰੇ ਵਿਚ ਮੁਮਤਾਜ਼ ਦੀਆਂ ਕਿਤਨੀਆਂ ਖਾਹਿਸ਼ਾਂ ਦਫ਼ਨ ਹਨ? ਇਸਦਾ ਹਿਸਾਬ ਉਹਨਾਂ ਕਿਸੇ ਨੂੰ ਨਹੀਂ ਦੇਣਾ, ਨਾ ਮੁਮਤਾਜ਼ ਨੂੰ ਤੇ ਨਾ ਪਰਜਾ ਨੂੰ। ਅਸਲ ਵਿਚ ਹਕੂਮਤ ਕਰਦਿਆਂ,ਇਹ ਹਿਸਾਬ ਉਹਨਾਂ ਨੂੰ ਖੁਦ ਵੀ ਪਤਾ ਨਹੀਂ ਹੁੰਦਾ।"

"ਇਹ ਸਰ ਜੀ, ਕਮਾਲ ਦੀ ਗੱਲ ਕੀਤੀ ਤੁਸੀਂ, ਦਿਲ ਕਰਦਾ ਹਮਰੀ ਉਮਰ ਤੁਹਾਡੇ ਜਿਤਨੀ ਹੋ ਜਾਏ।"

"ਫ਼ਿਰ ਕੀ ਹੋਊ?"

"ਇਹ ਤੇ ਜੀ ਬਾਬਿਓ ਪਤਾ ਨਹੀਂ ਪਰ ਸੋਚਣ ਵਿਚ ਕੀ ਪਰਾਬਲਮ ਹੈ।"

"ਇਹ ਹਰੀ, ਤੇਰਾ ਪਰਮਿੰਦਰ ਕਿਸ ਤਰ੍ਹਾਂ ਦਾ ਹੈ? ਸ਼ਾਹਜਹਾਨ ਵਰਗਾ ਜਾਂ ਥੋੜ੍ਹਾ ਘੱਟ-ਵੱਧ?"

"ਬਹੁਤ ਚੰਗਾ ਹੈ, ਦੋਸਤ ਹੈ, ਮੇਰੇ ਸਰੀਰ ਦਾ ਮਾਲਕ ਹੈ। ਮੇਰੇ 'ਤੇ ਯਕੀਨ ਕਰਦਾ ਹੈ। ਕਦੇ ਵੀ ਦੋ ਵਜੇ ਚਾਹ ਨਹੀਂ ਮੰਗਦਾ।"

ਰਾਤ ਦੇ ਦੋ ਵਜੇ ਵੀ ਨਹੀਂ?"

"ਨਹੀਂ, ਰਾਤ ਦੇ ਦੋ ਵਜੇ ਵੀ ਨਹੀਂ।" ਹਰੀ ਨੇ ਬਹੁਤ ਹੀ ਗੰਭੀਰ ਹੋਕੇ ਕਿਹਾ। ਉਸਦੀ ਆਵਾਜ਼ ਵਿਚ ਕਹਿਰਾਂ ਦੀ ਉਦਾਸੀ ਸੀ। ਐਸੀ ਉਦਾਸੀ ਜੋ ਉਸਦੀਆਂ ਅੱਖਾਂ ਵਿਚ ਤਲਾਸ਼ ਬਣਕੇ ਸਾਰੇ ਸੰਸਾਰ ਦੀ ਖੋਜ ਕਰ ਰਹੀ ਸੀ।

"ਫਿਰ ਤੇ ਮਾੜੀ ਗੱਲ ਹੈ।" ਮੈਂ ਆਪਣੇ ਸ਼ਬਦਾਂ ਬਾਰੇ ਸੋਚਣ ਲਈ ਮਜਬੂਰ ਹੋ ਗਿਆ। ਐਸੀ ਉਦਾਸੀ ਨੂੰ ਕੋਈ ਵੀ ਅਣਤੁਲਿਆ ਸ਼ਬਦ ਬੇਮੇਚ ਹੋ ਸਕਦਾ ਸੀ।

"ਮਾੜੀ ਵਰਗੀ ਮਾੜੀ, ਮੈਂ ਤੇ ਚਾਹੁੰਦੀ ਹਾਂ ਉਹ ਮੇਰੇ ਤੋਂ ਚਾਹ ਮੰਗੇ। ਰੋਟੀ ਮੰਗੇ, ਮੈਨੂੰ ਕਹੇ ਮੇਰੇ ਬੂਟ ਪਾਲਿਸ਼ ਕਰ। ਮੈਨੂੰ ਕਹੇ ਮੇਰੇ ਪੈਰਾਂ ਦੇ ਨੌਂਹ ਕੱਟ ਜਾਂ ਕਹੇ ਜਦੋਂ ਤਕ ਮੈਂ ਕੱਪੜੇ ਪਾਵਾਂ ਬਾਹਰ ਜਾ ਕੇ ਕਾਰ ਸਟਾਰਟ ਕਰ। ਕਾਰ ਦੀ ਸਨੋਅ ਸਾਫ਼ ਕਰਨ ਦੇ ਬਹਾਨੇ ਮੈਂ ਉਸਦਾ ਕਾਰ ਵਿਚ ਪਾਇਆ ਗੰਦ ਵੀ ਸਾਫ ਕਰਾਂ। ਸ਼ਾਮ ਨੂੰ ਆਕੇ, ਸਾਫ ਕਾਰ ਦੀ ਗਾਥਾ ਪਾਉਂਦਾ ਉਹ ਮੇਰਾ ਮੂੰਹ ਚੁੰਮੇ। ਅਗਲੇ ਦਿਨ ਮੈਨੂੰ ਫਿਰ ਉਸ ਚੁੰਮੀ ਦੀ ਇੰਤਜ਼ਾਰ ਹੋਵੇ। ਇਸ ਚੁੰਮੀ ਦੀ ਖਾਤਰ ਮੈਂ ਉਸਦਾ ਘਾਹ ਕੱਟਾਂ। ਮੈਂ ਭਲਾ ਆਪਣਾ ਸਮਝਕੇ ਘਾਹ ਕਿਉਂ ਕੱਟਾਂ? ਮੈਂ ਤਾਂ ਚਾਹੁੰਦੀ ਹਾਂ, ਮੈਂ ਤਾਂ ਚਾਹੁੰਦੀ ਹਾਂ ਜਦੋਂ ਉਹ ਸ਼ਰਾਬ ਪੀਵੇ ਮੇਰੇ ਕੋਲੋਂ ਆਈਸ ਮੰਗੇ। ਕਦੇ ਕਦੇ ਗੁੱਸੇ ਵਿਚ ਆਕੇ ਨਸ਼ੇ ਦੇ ਲੋਰ ਵਿਚ ਮੇਰੇ ਥੱਪੜ ਮਾਰੇ। ਫਿਰ ਸਵੇਰੇ ਉੱਠਕੇ ਮੇਰੇ ਕੋਲੋਂ ਮੁਆਫੀ ਮੰਗੇ।" ਹਰੀ ਗੱਲਾਂ ਕਰਦੀ ਕਰਦੀ ਭਾਵਕ ਹੋਕੇ ਰੋਣ ਲੱਗ ਪਈ।

ਮੇਰੀ ਸਮਝ ਵਿਚ ਕੁਝ ਨਹੀਂ ਆ ਰਿਹਾ ਸੀ। ਅਸੀਂ ਦੋਵੇਂ ਦੋਸਤ ਨਦੀ ਦੇ ਦੋ ਕਿਨਾਰਿਆਂ ਵਾਂਗ ਬੈਠੇ ਸਾਂ। ਮੈਂ ਆਪਣੀ ਹੀ ਗੱਲ ਨੂੰ ਉਲਟਾਉਣਾ ਨਹੀਂ ਚਾਹੁੰਦਾ ਸੀ। ਦੋਸਤ ਨੂੰ ਬਦਲਣ ਦੀ ਕੋਸ਼ਿਸ਼ ਨੈਤਿਕਤਾ ਨਹੀਂ ਸੀ। ਜਿਹਨਾਂ ਮਕਬਰਿਆਂ ਦੀਆਂ ਗੱਲਾਂ ਕਰਕੇ ਮੈਂ ਹਰੀ ਨੂੰ ਖੁਸ਼ ਕਰਨ ਦਾ ਭਰਮ ਪਾਲ ਰਿਹਾ ਸੀ ਹਰੀ ਤਾਂ ਉਹਨਾਂ ਹੀ ਮਕਬਰਿਆਂ ਵਿਚ ਦਫਨ ਹੋਣ ਵਿਚ ਆਪਣੀ ਖੁਸ਼ੀ ਭਾਲ ਰਹੀ ਸੀ। ਮਕਬਰੇ ਦੇ ਭੋਰੇ ਵਿਚ ਜਾਣ ਵਾਲੀਆਂ ਪਉੜੀਆਂ ਦੀ ਤਲਾਸ਼ ਕਰਦੀ ਕੁੜੀ ਦਾ ਭੂਤ, ਨੰਗ ਮਨੰਗਾ ਸੀ ਜਾਂ ਉਸਨੇ ਕਿਸੇ ਤਰ੍ਹਾਂ ਦਾ ਕੋਈ ਮਹਿੰਗਾ ਲਿਬਾਸ ਪਾਇਆ ਹੋਇਆ ਸੀ। ਮੈਂ ਉੱਠਣਾ ਹੀ ਬਿਹਤਰ ਜਾਣਿਆਂ।

ਘਰ ਆ ਕੇ ਮੈਂ ਡੂੰਘੀ ਸੋਚ ਵਿਚ ਪੈ ਗਿਆ। ਮੈਂ ਠੀਕ ਸੀ ਜਾਂ ਹਰੀ ਠੀਕ ਸੀ ਜਾਂ ਅਸੀਂ ਦੋਵੇਂ ਠੀਕ ਸਾਂ? ਮੈਂ ਹਰੀ ਦੇ ਵਿਚਾਰਾਂ ਨੂੰ ਫਿਰ ਘੋਖਣਾ ਸ਼ੁਰੂ ਕੀਤਾ। ਗੱਲਾਂ ਵਿਚ ਲਈਆਂ ਖੁੱਲ੍ਹਾਂ ਨੂੰ ਨਾਪਿਆ ਪਰ ਮੇਰੇ ਹੱਥ ਪੱਲੇ ਕੁਝ ਨਾ ਪਿਆ। ਹਰੀ ਦੀਆਂ ਪਰਤਾਂ ਵਿਚ ਪਈ ਜੁਆਲਾਮੁਖੀ ਵਿਚ ਕਿਹੜੀ ਅੱਗ ਸੀ। ਉਸ ਅੱਗ ਦਾ ਸੇਕ ਕਿਹੋ ਜਿਹਾ ਭੋਜਨ ਚਾਹੁੰਦਾ ਹੈ? ਕਿਤਨੇ ਹੀ ਸੁਆਲਾਂ ਨੇ ਮੈਨੂੰ ਘੇਰ ਲਿਆ।

ਇਹਨਾਂ ਸੁਆਲਾਂ ਵਿਚ ਘਿਰੇ, ਮੈਨੂੰ ਹਰੀ ਦੇ ਅੰਗ ਮਘਦੇ ਦਿਸਣ ਲੱਗੇ। ਮੈਨੂੰ ਪਤਾ ਹੀ ਨਹੀਂ

ਚੱਲਿਆ ਕਦੋਂ ਮੇਰੇ ਖਿਆਲਾਂ ਵਿਚ ਹਰੀ ਦਾ ਸਰੀਰ ਅੰਗੜਾਈ ਲੈਣ ਲੱਗ। ਮੇਰੇ ਅੰਦਰ ਬੈਠਾ ਮੁੰਡਾ ਜਾਗ ਰਿਹਾ ਸੀ। ਉਸਦੀਆਂ ਮਾਰੀਆਂ ਕੂਹਣੀਆਂ ਮੈਨੂੰ ਸੁਣਾਈ ਦੇਣ ਲੱਗੀਆਂ। 'ਹਰੀ ਨੂੰ ਮਰਦ ਚਾਹੀਦਾ ਹੈ ਕਮਲਿਆ', ਮੇਰੇ ਅੰਦਰਲੇ ਮੁੰਡੇ ਨੇ ਲਲਕਾਰਾ ਮਾਰਿਆ। 'ਮੌਕਾ ਨਾ ਗਵਾ। ਔਰਤ ਸਦਾ ਤੋਂ ਮਧੋਲ ਹੋਣਾ ਪਸੰਦ ਕਰਦੀ ਆਈ ਹੈ। ਇਹੋ ਹਰੀ ਦੀ ਬਿਮਾਰੀ ਹੈ। ਕਰਦੇ ਉਹਦਾ ਇਲਾਜ। ਹੋਰ ਹਰ ਮੌਕੇ ਭੱਜੀ ਕਾਹਤੇ ਆਉਂਦੀ ਹੈ?' ਮੇਰੇ ਅੰਦਰਲੇ ਮੂਰਛਤ ਬਿੱਛੂ, ਡੰਗ ਮਾਰ ਮਾਰ ਮੈਨੂੰ ਬੇਹਾਲ ਕਰ ਰਹੇ ਸਨ।

'ਨਹੀਂ ਇਹ ਠੀਕ ਨਹੀਂ, ਮੇਰੇ ਆਪਣੇ ਵੀ ਕੁਝ ਵੇਗ ਹਨ ਕਿ ਨਹੀਂ। ਚੱਲ ਛੱਡ ਇਹਨਾਂ ਵੇਗਾਂ ਵੂਗਾਂ ਨੂੰ, ਟੋਹ ਕੇ ਤੇ ਵੇਖ।' ਮੇਰਾ ਅੰਦਰਲਾ ਆਪਾ, ਮੇਰੇ ਆਪਣੇ ਸਿਰਜੇ ਅਸੂਲਾਂ ਦੇ ਲੈਂਟਰ 'ਤੇ ਮਣਾਂ ਮੂੰਹੀਂ ਭਾਰ ਸੁੱਟ ਰਿਹਾ ਸੀ। ਆਖਰ ਲੈਂਟਰ ਵਿਚ ਤਰੇੜ ਆ ਹੀ ਗਈ ਤੇ ਮੈਂ ਕੁਝ ਸੋਚ ਲਿਆ। ਬੰਦੇ ਦੇ ਬਣਾਏ ਰੱਬ ਨੇ ਮੈਨੂੰ ਕਿਹਾ, ਜੋੜੀਆਂ ਤਾਂ ਰੱਬ ਬਣਾਉਂਦਾ ਹੈ, ਧਰਤੀ 'ਤੇ ਤਾਂ ਸਿਰਫ਼ ਜਸ਼ਨ ਹੁੰਦਾ ਹੈ।

ਅੱਜ ਹੀਰੀ ਨੂੰ ਫੋਨ ਕਰਦਿਆਂ ਮੇਰਾ ਦਿਲ ਘਬਰਾ ਰਿਹਾ ਸੀ। ਸਿਆਣੀ ਕੁੜੀ ਹੈ, ਨਾਂਹ ਵੀ ਕਰੇਗੀ ਤਾਂ ਸਿਆਣਪ ਨਾਲ ਹੀ ਕਰੇਗੀ। ਵੈਸੇ ਐਸਾ ਮੌਕਾ ਨਾ ਹੀ ਆਵੇ ਤਾਂ ਚੰਗਾ। ਆਰ ਜਾਂ ਪਾਰ।

"ਜੀ ਸਰ ਜੀ।" ਹੀਰੀ ਨੇ ਫੋਨ ਚੁੱਕ ਲਿਆ। ਮੈਂ ਕੁਝ ਵੀ ਨਾ ਬੋਲ ਸਕਿਆ।

" ਹੈਲੋ ਹੈਲੋ ਆਵਾਜ਼ ਨਹੀਂ ਆ ਰਹੀ ਸਰ ਜੀ।"

ਸਰ ਬੋਲੂ ਤਾਂ ਆਵਾਜ਼ ਆਊ ਐਵੇਂ ਕਿਵੇਂ ਆਵਾਜ਼ ਆਊ।

"ਹੀਰੀ ਅੱਜ ਸ਼ਾਮ ਨੂੰ ਚਿੱਟਾ ਸੂਟ ਪਾ ਕੇ ਟਿਮ ਹਾਰਟਨ ਪਹੁੰਚ ਜਾਵੀਂ। ਨੋ ਜੀਨਜ਼ ਪਲੀਜ਼।"

ਹਰੀ ਹੱਸਣ ਲੱਗ ਪਈ। " ਓ ਕੇ ਸਰ ਜੀ, ਹਮਨੇ ਅੱਜ ਜੀਨ ਨਹੀਂ ਪਾਉਣੀ, ਮੈਂ ਆ ਜਾਵਾਂਗੀ।"

ਸ਼ਾਮ ਨੂੰ ਹਰੀ ਹਰੇ ਸੂਟ ਵਿਚ ਕਾਰ ਵਿਚੋਂ ਉੱਤਰਕੇ ਟਿਮ ਹਾਰਟਨ ਵੱਲ ਆ ਰਹੀ ਸੀ। ਆਉਂਦਿਆਂ ਹੀ ਹੱਸਣ ਲੱਗ ਪਈ।

" ਇਹ ਚਿੱਟੇ ਸੂਟ ਦੀ ਕੀ ਕਹਾਣੀ ਹੈ?" ਉਹ ਆਉਂਦਿਆਂ ਹੀ ਬੋਲੀ।

" ਬੱਸ ਐਵੇਂ ਹੀ, ਅੱਜ ਸ਼ਾਂਤੀ ਵਾਲਾ ਦਿਨ ਹੈ। ਜਵਾਹਰ ਲਾਲ ਨਹਿਰੂ ਦਾ ਜਨਮ ਦਿਨ। ਮੈਂ ਸੋਚਿਆ ਸ਼ਾਂਤੀ ਦੇ ਦਰਸ਼ਨ ਕਰ ਲਈਏ। ਪਰ ਤੂੰ ਪਾਇਆ ਕਿਉਂ ਨਹੀਂ?"

" ਮੈਂ ਸੋਚਿਆ, ਸਰ ਜੀ ਐਵੇਂ ਮਜ਼ਾਕ ਕਰਦੇ ਹਨ। ਪਰਮਿੰਦਰ ਵੀ ਸੁਣਕੇ ਬਹੁਤ ਹੱਸਿਆ।

" ਕੀ ਪਰਮਿੰਦਰ ਨੂੰ ਵੀ ਦੱਸਿਆ ਤੂੰ?"

"ਹੋਰ ਕੀ ਤੁਹਾਡੇ ਤੋਂ ਬਾਅਦ ਉਹਦਾ ਫੋਨ ਆ ਗਿਆ। ਪੁੱਛਦਾ ਸੀ, ਕੀ ਕਰਦੀ ਹੈਂ? ਮੈਂ ਕਿਹਾ ਚਿੱਟਾ ਸੂਟ ਲੱਭਦੀ ਹਾਂ ਸਰ ਜੀ ਦੀ ਫਰਮਾਇਸ਼ ਹੈ। ਕਹਿੰਦਾ ਚਿੱਟਾ ਸੂਟ ਨਾ ਪਾਈਂ, ਉਹ ਪਤਲਾ ਬੜਾ, ਐਵੇਂ ਡਲਕਾਂ ਮਾਰੇਗੀ ਅੱਗੇ ਪਿੱਛੇ।"

ਮੈਂ ਪਾਣੀਓਂ ਪਤਲਾ ਹੋਈ ਜਾਂਦਾ ਸੀ। ਸੋਚ ਰਿਹਾ ਸੀ, ਘਬਰਾ ਰਿਹਾ ਸੀ। ਦਿਲ ਕਰਦਾ ਸੀ ਹੋਏ ਬੀਤੇ ਨੂੰ ਰੀਵਾਈਂਡ ਕਰ ਦਿਆਂ। ਨਿਕਲੇ ਤੀਰ ਨੂੰ ਪਿੱਛੇ ਮੋੜ ਲਵਾਂ। ਸੋਚ ਰਿਹਾ ਸੀ ਮਿੱਟੀ ਪਾਉਣ ਲਈ ਕੀ ਕਰਾਂ? ਹਲਕੀ ਜਹੀ ਟਰਾਈ ਐਵੇਂ ਹੀ ਭਾਰੀ ਹੋ ਗਈ ਸੀ। ਪਰ ਹਰੀ ਦੇ ਵਿਵਹਾਰ ਵਿਚ ਕੋਈ ਡਾਵਾਂ ਡੋਲੀ ਨਹੀਂ ਸੀ। ਹੋਈ ਬੀਤੀ ਨੂੰ ਬਾਅਦ ਵਿਚ ਸੋਚਣ ਦੇ ਡੱਬੇ ਵਿਚ ਬੰਦ ਕਰਕੇ ਮੈਂ ਕਾਫੀ ਸਿਪ ਕੀਤੀ।

"ਹਰੀ ਇਕ ਗੱਲ ਤੇ ਦੱਸ।"

"ਪੁੱਛੋ ਜੀ।"

"ਤੂੰ ਜਦੋਂ ਵੀ ਇੱਥੇ ਕਾਫ਼ੀ ਪੀਣ ਆਉਂਦੀ ਹੈਂ ਮੈਂ ਇੱਥੇ ਹੁੰਦਾ ਹਾਂ, ਕਦੇ ਪਰਮਿੰਦਰ ਨੇ ਕੋਈ ਸ਼ੱਕ ਨਹੀਂ ਕੀਤਾ?ਕਦੇ ਗੁੱਸਾ ਨਹੀਂ ਕੀਤਾ?"

" ਜੀ ਪਿਆਰਿਉ, ਮੈਂ ਤਾਂ ਤਰਸ ਗਈ ਹਾਂ ਕਿ ਉਹ ਸ਼ੱਕ ਕਰੇ। ਮੇਰਾ ਪਿੱਛਾ ਕਰੇ, ਪਰ ਉਹਨੂੰ ਪੈਸੇ ਕਮਾਉਣ 'ਚੋਂ ਫੁਰਸਤ ਮਿਲੇ ਤਾਂ ਉਹ ਸ਼ੱਕ ਕਰੇ। ਸ਼ੱਕ ਕਰਨ ਲਈ ਟਾਇਮ ਚਾਹੀਦਾ ਹੈ ਤੇ ਟਾਇਮ ਜਨਾਬ ਕੋਲ ਹੈ ਕੋਈ ਨਹੀਂ। ਵੈਸੇ ਵੀ ਤੁਸੀਂ ਦੇਖਣ ਪਾਖਣ ਨੂੰ ਮੇਰੇ ਅੰਕਲ ਲਗਦੇ ਹੋ ਤੇ ਅੰਕਲ ਜੀ ਤੇ

ਕਾਹਦਾ ਸ਼ੱਕ।" ਹਰੀ ਹੱਸਣ ਲੱਗ ਪਈ।

" ਗੱਲ ਹੱਸਣ ਦੀ ਨਹੀਂ।"

" ਹਾਂ ਗੱਲ ਹੱਸਣ ਦੀ ਨਹੀਂ ਰੋਣ ਦੀ ਹੈ।" ਹਰੀ ਸੀਰੀਅਸ ਹੋ ਗਈ। "ਮੈਂ ਤਾਂ ਚਾਹੁੰਦੀ ਹਾਂ,ਉਹ ਮੇਰੇ ਤੇ ਸ਼ੱਕ ਕਰੇ। ਮੈਨੂੰ ਸਾਂਭ ਸਾਂਭ ਰੱਖੇ। ਮੇਰੇ ਤੇ ਪੂਰਾ ਕਬਜ਼ਾ ਜਮਾਏ। ਜਿਵੇਂ ਮੇਰੇ ਬਾਪ ਨੇ ਮੇਰੀ ਮਾਂ 'ਤੇ ਕੀਤਾ ਹੈ। ਮੈਨੂੰ ਥੱਪੜ ਮਾਰੇ। ਪਤਾ ਮੇਰਾ ਬਾਪ ਮੇਰੀ ਮਾਂ ਨੂੰ ਕਦੋਂ ਥੱਪੜ ਮਾਰਦਾ ਸੀ? ਜਦੋਂ ਉਸਦਾ ਬਾਹਰ ਕਿਸੇ ਨਾਲ ਪੰਗਾ ਹੁੰਦਾ ਸੀ ਤੇ ਉਹ ਬਾਹਰ ਹੌਲਾ ਪੈ ਜਾਂਦਾ ਸੀ। ਮੇਰੀ ਮਾਂ ਨੂੰ ਪਤਾ ਹੁੰਦਾ ਸੀ ਅੱਜ ਫਿਰ ਸਰਦਾਰ ਜੀ ਦੁਖੀ ਹਨ।

'ਇਹ ਦੁਨੀਆਂ ਵੀ ਕਿਤਨੀ ਜ਼ਾਲਮ ਹੈ।' ਮੇਰੀ ਮਾਂ ਦੇ ਇਹ ਆਖਰੀ ਸ਼ਬਦ ਹੁੰਦੇ ਸਨ। ਮੈਂ ਤਾਂ ਚਾਹੁੰਦੀ ਹਾਂ ਉਹ ਮੈਨੂੰ ਘਰੋਂ ਕੱਢਣ ਦੀ ਧਮਕੀ ਦੇਵੇ ਤੇ ਬਾਅਦ ਵਿਚ ਗੁੱਸਾ ਲੱਥਣ ਤੋਂ ਬਾਅਦ ਦੰਦ ਕੱਢਣ ਲੱਗ ਪਵੇ। ਮੈਂ ਡਰਦੇ ਮਾਰੇ ਉਸਦੀ ਰੋਟੀ ਪਕਾਵਾਂ। ਲੂਣ ਮਿਰਚਾਂ ਉਹਦੀ ਮਰਜ਼ੀ ਮੁਤਾਬਕ ਪਾਵਾਂ। ਕਦੇ ਘੱਟ ਕਦੇ ਵੱਧ। ਉਹਨੂੰ ਸੁਆਦੀ ਖਾਣਾ ਖੁਆ ਕੇ ਖੁਸ਼ ਹੋਵਾਂ। ਪਰ ਉਹ ਐਸਾ ਨਹੀਂ ਹੈ। ਇਸ ਗੱਲ ਦਾ ਮੈਨੂੰ ਅਫਸੋਸ ਹੈ, ਬਹੁਤ ਅਫਸੋਸ ਹੈ। ਮੈਨੂੰ ਤੇ ਲਗਦਾ ਉਹ ਮੈਨੂੰ ਆਪਣੀ ਪਤਨੀ ਨਹੀਂ ਸਮਝਦਾ, ਸਿਰਫ਼ ਇੱਕ ਔਰਤ ਸਮਝਦੈ।"

" ਇਹ ਤਾਂ ਸਗੋਂ ਚੰਗੀ ਗੱਲ ਹੈ। ਔਰਤਾਂ ਤੇ ਤਰਸਦੀਆਂ ਹਨ ਐਸੇ ਮਾਹੌਲ ਨੂੰ। ਔਰਤ ਤੇ ਆਪਣੇ ਆਪ ਨੂੰ ਆਜ਼ਾਦੀ ਦਿਵਾਨ ਲਈ ਜੱਦੋ-ਜਹਿਦ ਕਰ ਰਹੀ ਹੈ ਤੇ ਤੁਸੀਂ ਪਿਆਰਿਓ ਉਲਟੀ ਗੰਗਾ ਵੱਲ ਮੇਰਾ ਮਤਲਬ ਗੰਗੋਤਰੀ ਵੱਲ ਤੁਰੇ ਜਾ ਰਹੇ ਹੋ? ਤੁਹਾਡਾ ਦਿਮਾਗ ਤੇ ਠੀਕ ਹੈ?"

" ਸਰ ਜੀ ਮੈਨੂੰ ਬਦਲਣ ਦੀ ਕੋਸ਼ਿਸ਼ ਨਾ ਕਰੋ। ਇਹ ਤੁਹਾਡੀ ਆਪਣੀ ਫਿਲਾਸਫੀ ਹੈ। ਯਾਦ ਆਇਆ ਕੁਝ? ਕੀ ਤੁਸੀਂ ਵੀ ਉਹਨਾਂ ਲੱਖਾਂ ਵਿਚੋਂ ਹੀ ਹੋ? ਨਹੀਂ ਨਹੀਂ ਜੇ ਹੋ ਤਾਂ ਦੱਸ ਦਿਉ, ਹਮਨੇ ਤੇ ਇੱਥੇ ਆਕੇ ਗਲਤੀ ਕਰ ਲਈ। ਅਜੇ ਤਾਂ ਮੈਂ ਹੋਰ ਬਹੁਤ ਕੁਝ ਸਾਂਝਾ ਕਰਨ ਨੂੰ ਫਿਰਦੀ ਸੀ। ਪਤਾ ਤਾਂ ਲੱਗੇ ਤੁਹਾਡਾ। ਨਹੀਂ ਤਾਂ ਛੇਤੀ ਛੁਟਕਾਰਾ ਹੋਊ, ਤੁਹਾਡੇ ਤੋਂ ਵੀ।" ਹਰੀ ਨੇ ਮੇਰੀ ਭੰਬੀਰੀ ਘੁੰਮਾ ਦਿੱਤੀ ਸੀ। ਮੈਂ ਚੁੱਪ ਰਿਹਾ ਜਿਤਨਾ ਚਿਰ ਭੰਬੀਰੀ ਘੁੰਮਦੀ ਰਹੀ।

"ਮੇਰੀ ਮਾਂ ਕੋਲ ਝੁਮਕੇ ਸਨ। ਲਿਸ਼ ਲਿਸ਼ ਕਰਦੇ। ਨੱਕ ਵਿਚ ਨੱਥਣੀ, ਹੱਥਾਂ 'ਚ ਚੂੜੀਆਂ,ਪੈਰਾਂ 'ਚ ਪਜ਼ੇਬਾਂ,ਪੈਰਾਂ ਦੀਆਂ ਉਂਗਲਾਂ 'ਚ ਕਚੀਲਾਂ, ਮੱਥੇ 'ਤੇ ਟਿੱਕਾ, ਗਲੇ ਵਿਚ ਮੰਗਲ ਸੂਤਰ, ਮੱਥੇ ਦੇ ਐਨ ਵਿਚਕਾਰ ਲਾਈ ਬਿੰਦੀ । ਇਹਨਾਂ ਵਿਚੋਂ ਕੁਝ ਸੋਨੇ ਦੇ ਤੇ ਕੁਝ ਸੋਨੇ ਦੇ ਨਹੀਂ। ਮੱਥੇ ਦਾ ਟਿੱਕਾ ਸੋਨੇ ਦਾ ਨਹੀਂ ਸੀ ਪਹਿਲੇ, ਪਰ ਫਿਰ ਇੱਕ ਦਿਨ ਮੇਰੇ ਬਾਪ ਨੇ ਆਪਣੇ ਹੱਥੀਂ ਸੋਨੇ ਦਾ ਟਿੱਕਾ ਲਿਆਕੇ ਮੇਰੀ ਮਾਂ ਦਾ ਮੱਥਾ ਸੋਨੇ ਰੰਗਾ ਕਰ ਦਿੱਤਾ। ਮੇਰੇ ਕੋਲ ਤੇ ਕੁਝ ਵੀ ਨਹੀਂ। ਝੁਮਕਿਆਂ ਨੂੰ ਛੱਡਕੇ ਬਾਕੀ ਸਾਰਾ ਕੁਝ ਕਈ ਵਾਰੀ ਬਾਪ ਨੇ ਵੇਚਿਆ ਤੇ ਕਈ ਵਾਰੀ ਖਰੀਦਿਆ ਪਰ ਪਰਮਿੰਦਰ ਨੇ ਤੇ ਕਦੇ ਕੁਝ ਖਰੀਦਿਆ ਨਹੀਂ ਕਦੇ ਕੁਝ ਵੇਚਿਆ ਨਹੀਂ।"

"ਪਰ ਔਰਤ ਦੇ ਇਹ ਗਹਿਣੇ ਤਾਂ ਕਹਿੰਦੇ ਹਨ ਗੁਲਾਮੀ ਦੀ ਨਿਸ਼ਾਨੀ ਹਨ। ਇਕ ਪਸ਼ੂਪੁਣੇ ਦੀ ਪਛਾਣ ਮਾਤਰ। ਅੱਜਕਲ ਜ਼ਮਾਨਾ ਬਦਲ ਗਿਆ ਹੈ। ਔਰਤ ਮਰਦ ਬਰਾਬਰ ਖਲੋਤੇ ਹਨ। ਸਮਾਂ ਬਦਲ ਗਿਆ ਹੈ, ਸਮਾਂ ਬਦਲ ਰਿਹਾ ਹੈ।"

" ਕੁਝ ਨਹੀਂ ਬਦਲਿਆ, ਸਗੋਂ ਔਰਤ ਦੀ ਸਰਦਾਰੀ ਖੁੱਸ ਰਹੀ ਹੈ। ਪਰਿਵਾਰ 'ਤੇ ਭੀੜ ਆ ਜਾਵੇ ਤਾਂ ਔਰਤ ਕੀ ਕਰ ਸਕਦੀ ਹੈ? ਕੀਹਦੇ ਅੱਗੇ ਹਾੜ੍ਹੇ ਕੱਢੇਗਾ ਬੰਦਾ ਜੇ ਬੰਦੀ ਦੇ ਪੱਲੇ ਹੀ ਕੁਝ ਨਹੀਂ।"

"ਔਰਤ ਕੋਲ ਬੈਂਕ-ਬੈਲੰਸ ਹੈ। ਡਾਲਰ ਕਮਾਉਣ ਦੀ ਸਮਰੱਥਾ ਹੈ।" ਮੈਂ ਛਿੱਥਾ ਪੈ ਗਿਆ।

" ਸਭ ਬਕਵਾਸ ਜੇ ਔਰਤ ਕੋਲ ਆਤਮ-ਸਨਮਾਨ ਹੀ ਨਹੀਂ ਰਿਹਾ, ਬੈਂਕ ਬੈਲੰਸ ਨੂੰ ਕਿਸੇ ਕੀ ਕਰਨਾ। ਰੂਹ ਦਾ ਰੱਜ ਤਾਂ ਝੁਮਕੇ ਪਾਉਣ ਵਿਚ ਹੈ, ਝੁਮਕੇ ਕੋਈ ਕਪੜੇ ਨਹੀਂ ਹਨ, ਔਰਤ ਦੇ ਜਿਸਮ ਦਾ ਹਿੱਸਾ ਹਨ। ਔਰਤ ਦਾ ਕੱਜ ਹਨ। ਔਰਤ ਦਾ ਸੁਆਦ ਹੈ।"

ਮੈਂ ਕੁੱਚਜਾ ਜਿਹਾ ਮੁਸਕਰਾਇਆ। ਮੇਰੀ ਭੰਬੀਰੀ ਮੂਧੇ ਮੂੰਹ ਡਿਗੀ ਪਈ ਸੀ। "ਹਰੀ ਛੋਟੇ

ਹੁੰਦੇ ਗਾਣਾ ਸੁਣਦੇ ਹੁੰਦੇ ਸੀ, ਝੁਮਕਾ ਗਿਰਾ ਰੇ ਬਰੇਲੀ ਕੇ ਬਾਜ਼ਾਰ ਮੇਂ! ਮੈਨੂੰ ਇਹ ਗਾਣਾ ਬੜਾ ਛਛੋਰਾ ਲਗਦਾ ਸੀ ਐਵੇਂ ਫੁਕਰਾ ਜਿਹਾ, ਸਸਤੇ ਜਿਹੇ ਡਾਂਸ ਵਾਲਾ, ਪਰ ਤੇਰੀਆਂ ਗੱਲਾਂ ਨਾਲ ਹੁਣ ਸਮਝ ਆ ਰਿਹਾ ਹੈ ਕਿ ਬਰੇਲੀ ਦੇ ਬਾਜ਼ਾਰ ਵਿਚ ਡਿੱਗਿਆ ਝੁਮਕਾ ਕੋਈ ਮਾਮੂਲੀ ਨਹੀਂ ਸੀ। ਉਸਦਾ ਲੱਭਣਾ ਬਹੁਤ ਜ਼ਰੂਰੀ ਸੀ। ਮੈਂ ਹਫਤੇ ਕੁ ਤਕ ਜਾਣਾ ਹੈ ਇੰਡੀਆ। ਮਾਰੂੰਗਾ ਚੱਕਰ ਬਰੇਲੀ ਵੀ ਜੇ ਲੱਭ ਪਿਆ ਤਾ ਤੈਨੂੰ ਫੋਨ ਕਰੂੰਗਾ। ਜੇ ਨਾ ਵੀ ਲੱਭਾ ਤਾਂ ਤੈਨੂੰ ਫੋਨ ਕਰਕੇ ਦੱਸੂੰਗਾ ਕਿ ਉਹ ਬਰੇਲੀ ਵਾਲਾ ਨਹੀਂ ਲੱਭਣਾ, ਜੇ ਹੋਰ ਕੋਈ ਲੱਭਣਾ ਹੈ ਤਾਂ ਦੱਸ।"

"ਜ਼ਰੂਰ ਦੱਸਾਂਗੀ। ਝੁਮਕਿਆਂ ਦੀ ਸਾਈ ਦੇ ਦਿੱਤੀ ਹੈ, ਸ਼ਾਇਦ ਤੁਹਾਡੇ ਆਉਣ ਤਕ ਤਿਆਰ ਹੋ ਜਾਣ।" ਹਰੀ ਮੁਸਕਰਾ ਰਹੀ ਸੀ। ਉਸਦੀਆਂ ਅੱਖਾਂ ਦੀ ਤੱਕਣੀ ਵਿਚ ਲੋਹੜੇ ਦਾ ਸ਼ੋਰ ਸੀ।

"ਹਰੀ ਮੇਰੀ ਇਕ ਸਮੱਸਿਆ ਹੈ। ਸ਼ਾਇਦ ਤੇਰੀ ਮਦਦ ਦੀ ਲੋੜ ਪਵੇ।"

"ਹੁਕਮ ਜਨਾਬ।" ਹਰੀ ਹੁਣ ਚਾਂਭਲੀ ਹੋਈ ਸੀ।

"ਗੱਲ ਸੀਰੀਅਸ ਹੈ। ਮੈਂ ਸੋਚਦਾ ਹਾਂ ਕਿ ਤੇਰੇ ਨਾਲ ਗੱਲ ਕਰਾਂ ਜਾਂ ਨਾ।"

"ਜੇ ਤੁਹਾਨੂੰ ਸੋਚਣਾ ਪੈ ਰਿਹਾ ਹੈ, ਤਾਂ ਬਹੁਤ ਹੀ ਮਾੜੀ ਗੱਲ ਹੈ। ਅਜੇ ਵੀ ਜੇ ਤੁਸੀਂ ਕੋਈ ਗੱਲ ਕਹਿਣ ਲਈ ਸੋਚਦੇ ਹੋ ਤਾਂ ਲਾਹਣਤ ਹੈ ਆਪਣੇ ਦੋਵਾਂ 'ਤੇ।"

"ਗੱਲ ਜੇ ਤੇਰੇ ਇਕੱਲੇ ਦੀ ਹੁੰਦੀ ਤਾਂ ਸ਼ਾਇਦ ਇਤਨਾ ਨਾ ਸੋਚਦਾ। ਪਰਮਿੰਦਰ ਨੂੰ ਵੀ ਵਿਸ਼ਵਾਸ ਵਿਚ ਲੈਣਾ ਪਵੇਗਾ।"

"ਇਹ ਗੱਲ ਤਾਂ ਵਾਕਈ ਮੈਂ ਸੋਚੀ ਹੀ ਨਹੀਂ ਕਿ ਕਦੇ ਤੁਾਹਡੀ ਗੱਲ ਮੋੜਨ ਲਈ ਪਰਮਿੰਦਰ ਵੀ ਕਿਤੇ ਹੋਵੇਗਾ।"

" ਗੱਲ ਇਸ ਤਰ੍ਹਾਂ ਹੈ ਕਿ ਸਾਡੀ ਜਾਇਦਾਦ ਦਾ ਕੋਈ ਰੌਲਾ ਹੈ ਤੇ ਮੇਰੀ ਛੋਟੀ ਭੈਣ ਸਾਈਨ ਕਰਨ ਨੂੰ ਮੰਨਦੀ ਨਹੀਂ। ਉਸਦਾ ਪ੍ਰਾਹੁਣਾ ਮੰਨਦਾ ਹੈ ਪਰ ਉਹ ਆਪਣੀ ਹੀ ਦੁਨੀਆਂ ਵਿਚ ਰਹਿੰਦੀ ਹੈ ਕਿ ਇਹ ਤੇ ਪਿਉ ਵੇਚਣ ਵਾਲੀ ਗੱਲ ਹੈ। ਉਸ ਕਮਲੀ ਨੂੰ ਦੁਨੀਆਂਦਾਰੀ ਦੀ ਇਤਨੀ ਸਮਝ ਨਹੀਂ। ਜੇ ਵਕਤ ਸਿਰ ਕੁਝ ਨਾ ਕੀਤਾ ਤਾਂ ਸ਼ਰੀਕਾਂ ਨੇ ਕਿਹੜੀ ਘੱਟ ਕਰਨੀ ਹੈ। ਮੈਂ ਚਾਹੁੰਣਾ ਕਿ ਜੇ ਲੋੜ ਪਈ ਤਾਂ ਉਸਦੀ ਜਗ੍ਹਾ ਤੈਨੂੰ ਖੜ੍ਹਾ ਕਰ ਦੇਈਏ। ਸਾਰਾ ਇੰਤਜ਼ਾਮ ਬਾਕੀ ਠੀਕ ਠਾਕ ਹੈ। ਤੇਰੀ ਤੇ ਉਹਦੀ ਉਮਰ ਇੱਕੋ ਜੇਹੀ ਹੈ।"

"ਇਹਦੇ ਵਿਚ ਸੋਚਣ ਵਾਲੀ ਕਿਹੜੀ ਗੱਲ ਹੈ। ਜਿਸਤਰ੍ਹਾਂ ਤੁਸੀਂ ਠੀਕ ਸਮਝਦੇ ਹੋ, ਕਰ ਲਿਉ। ਇਸੇ ਬਹਾਨੇ ਮੈਂ ਵੀ ਇੰਡੀਆ ਗੇੜਾ ਮਾਰ ਲਵਾਂਗੀ।"

ਉਸਤੋਂ ਬਾਅਦ ਮੈਂ ਇੰਡੀਆ ਚਲੇ ਗਿਆ। ਆਖਰੀ ਮੌਕੇ ਛੋਟੀ ਵੀ ਮੰਨਕੇ ਇੰਡੀਆ ਆ ਗਈ ਸੀ। ਇੱਕ ਮਹੀਨਾ ਮੈਨੂੰ ਹਰੀ ਚੇਤੇ ਵੀ ਨਾ ਰਹੀ। ਜਦੋਂ ਮੈਂ ਆਇਆ ਤਾਂ ਹਰੀ ਮੈਨੂੰ ਫੈਕਟਰੀ ਵਿਚ ਧਾਹ ਕੇ ਮਿਲੀ। ਉਸਦੀਆਂ ਅੱਖਾਂ ਦੇ ਸ਼ੋਰ ਵਿਚ ਇੱਕ ਅਜੀਬ ਸੱਖਣਾਪਨ ਸੀ। ਦਿਲ ਵਿਚ ਕੋਈ ਗੱਲ ਛੁਪਾਈ ਆਪਣੇ ਕੰਮ ਵਿਚ ਰੁੱਝੀ ਰਹੀ।

" ਇਹ ਠੀਕ ਨਹੀਂ।" ਮੈਂ ਸਾਰੀ ਗੱਲ ਸੁਣਕੇ ਕਿਹਾ।

" ਤੁਸੀਂ ਕੌਣ ਹੁੰਦੇ ਹੋ ਇਹ ਫੈਸਲਾ ਕਰਨ ਵਾਲੇ ਕਿ ਕੀ ਠੀਕ ਹੈ ਤੇ ਕੀ ਗ਼ਲਤ। ਮੇਰੀ ਆਪਣੀ ਮਰਜ਼ੀ ਹੈ, ਮੇਰੀ ਆਪਣੀ ਸੋਚ ਹੈ। ਮੇਰੀ ਹੋਂਦ ਨੂੰ ਠੀਕ ਤੇ ਗ਼ਲਤ ਦੇ ਦੋ ਹਿੱਸਿਆਂ ਵਿਚ ਵੰਡਣਾ ਤਾਂ ਵੈਸੇ ਵੀ ਤੁਹਾਡੇ ਆਪਣੇ ਸਿਰਜੇ ਅਸੂਲਾਂ ਦੇ ਖਿਲਾਫ਼ ਹੈ।"

" ਪਰ ਹੱਦੋਂ ਵੱਧ ਗੱਲ ਨੂੰ ਠੀਕ ਸੇਧ ਦੇਣੀ ਵੀ ਤੇ ਮੇਰਾ ਫ਼ਰਜ਼ ਹੈ। ਮੈਂ ਮੰਨਦਾ ਸ਼ਰਮਸਾਰੀ ਵਾਲੀਆਂ ਗੱਲਾਂ ਹਰ ਇੱਕ ਨਾਲ ਸਾਂਝੀਆਂ ਕਰਨੀਆਂ ਮੁਮਕਿਨ ਨਹੀਂ। ਮੈਂ ਮਾਣ ਮਹਿਸੂਸ ਕਰ ਰਿਹੈਂ ਕਿ

"ਪਰ ਪੁਰ ਕੋਈ ਨਹੀਂ। ਇਸ ਵਿਚ ਕੋਈ ਸ਼ਰਮ ਵਾਲੀ ਗੱਲ ਹਮਕੋ ਨਹੀਂ ਦਿਸਦੀ। ਇਹੀ ਹਮਰੀ ਜ਼ਿੰਦਗੀ ਦਾ ਸੱਚ ਹੈ। ਜੋ ਮੈਂ ਤੁਹਾਡੇ ਅੱਗੇ ਨੰਗਾ ਕੀਤਾ ਹੈ।"

"ਹਰੀ ਤੈਨੂੰ ਝੁਮਕਿਆਂ ਦਾ ਓਬਸੈਸ਼ਨ ਹੋ ਗਿਆ ਹੈ।"

" ਨਹੀਂ ਨਹੀਂ, ਇਹ ਕੋਈ ਓਬਸੈਸ਼ਨ ਨਹੀਂ, ਇਹ ਤੇ ਮੇਰੀ ਉਮਰ ਦੇ ਨਾਲ ਨਾਲ ਵੱਡਾ ਹੋਇਆ ਹੈ, ਫਿਰ ਓਬਸੈਸ਼ਨ ਕਾਹਦਾ।"

" ਪਰ ਪਰਮਿੰਦਰ ?"

"ਕੀ ਪਰਮਿੰਦਰ ਜੇ ਮੈਂ ਉਸਨੂੰ ਕਹਾਂ ਮੈਨੂੰ ਝੁਮਕੇ ਚਾਹੀਦੇ ਹਨ ਤਾਂ ਉਹ ਕਹੇਗਾ ਕਾਰਡ 'ਤੇ ਖਰੀਦ ਲਿਆ। ਐਸੇ ਝੁਮਕੇ ਤਾਂ ਮੇਰੇ ਕੰਨਾਂ ਨੂੰ ਕੀੜੀਆਂ ਵਾਂਗ ਚੰਬੜ ਜਾਣਗੇ। ਮੈਨੂੰ ਝੁਮਕੇ ਚਾਹੀਦੇ ਹਨ ਕੀੜੀਆਂ ਨਹੀਂ।"

" ਪਰ ਹਰੀ "

" ਵੇਖੋ ਸਰ ਜੀ ਹਮਸੇ ਹੋ ਗਈ ਖੁਨਾਮੀਂ। ਤੁਹਾਨੂੰ ਦੱਸਕੇ। ਤੁਹਾਡੀਆਂ ਗੱਲਾਂ ਵਿਚ ਆਕੇ ਮੈਂ ਸੋਚਿਆ ਸੀ ਸਾਰੇ ਮਰਦ ਇਕੋ ਜਿਹੇ ਨਹੀਂ ਹੁੰਦੇ। ਪਰ ਕਈਆਂ ਨੇ ਸ਼ੇਰ ਦੀ ਖੱਲ ਪਾਈ ਹੁੰਦੀ ਹੈ। ਖੱਲ ਲਾਹ ਦਿਉ ਵਿਚੋਂ ਨਿਕਲਣਗੇ ਖੋਤੇ ਦੇ ਖੋਤੇ। ਮੈਨੂੰ ਲਗਦਾ ਸੀ ਤੁਸੀਂ ਖੋਤੇ ਨਹੀਂ ਹੋ। ਕਿਉਂਕਿ ਤੁਹਾਡੀਆਂ ਗੱਲਾਂ ਖੋਤਿਆਂ ਨਾਲੋਂ ਵੱਖਰੀਆਂ ਸਨ। ਅਖੇ ਕਿਸੇ ਨੂੰ ਬਦਲੀਦਾ ਨਹੀਂ, ਸਮੁੱਚਤਾ ਵਿਚ ਲਈਦਾ ਹੈ ਤੇ ਇਹ ਹੈ ਤੁਹਾਡੀ ਸਮੁੱਚਤਾ? ਤੇ ਜਦੋਂ ਹਮਨੇ ਦੱਸਿਆ ਆਪਣਾ ਸੱਚ, ਤੁਸੀਂ ਵੀ ਲੱਗ ਪਏ ਹਿਣਕਣ। ਕੀ ਲੋੜ ਸੀ ਮੈਨੂੰ ਵਰਗਲਾਉਣ ਦੀ। ਮੈਂ ਕੋਈ ਕਨਫ਼ੈਸ਼ਨ ਨਹੀਂ ਕਰ ਰਹੀ ਤੁਹਾਡੇ ਅੱਗੇ ਤੇ ਨਾ ਤੁਹਾਨੂੰ ਲਗਾਮ ਪਾਉਣ ਦੇਵਾਂਗੀ ਆਪਣੀ ਸੋਚ 'ਤੇ। ਜਿੰਨਾ ਨਾਹਤੀ ਓਨਾ ਪੁੰਨ।"

"ਉਹ ਬਾਬਿਓ ਗ਼ਲਤੀ ਹੋ ਗਈ ਮੁਆਫ ਕਰ ਦੇ। ਚਲ ਮੈਨੂੰ ਵੀ ਇਕ ਪੱਪੀ ਦੇ ਦੇ।"

" ਪੱਪੀ ਛੱਡਕੇ ਜੋ ਮਰਜ਼ੀ ਕਰ ਲਵੋ ਖੋਤਾ ਸਰ ਜੀ ਪਰ ਉਸਤੋਂ ਬਾਅਦ ਮੈਨੂੰ ਬੁਲਾਇਉ ਨਾ। ਤੁਹਾਡਾ ਹਮਰਾ ਮੇਲ ਮਿਲਾਪ ਖ਼ਤਮ। ਜਿੱਥੇ ਇਕ ਉੱਥੇ ਦੋ ਪਰ ਲਾਹਣਤ ਹੈ ਇਸ ਜੀਣ 'ਤੇ। ਉਸਤੋਂ ਬਾਅਦ।"

"ਮੇਰੇ 'ਤੇ ਕਿਉਂ ਮੈਂ ਤੇ ਕੁਝ ਨਹੀਂ ਕਿਹਾ।"

" ਕਿਹਾ ਤੇ ਪਰਮਿੰਦਰ ਨੇ ਵੀ ਕੁਝ ਨਹੀਂ। ਨਾ ਉਹਨੇ ਉਹ ਕੀਤਾ ਜੋ ਮੈਨੂੰ ਚਾਹੀਦਾ ਸੀ ਤੇ ਨਾ ਤੁਸੀਂ ਖਰੇ ਉੱਤਰੇ।"

" ਮੈਂ ਭਲਾ ਕਿਉਂ?"

"ਹਮਕੋ ਨਸੀਹਤਾਂ ਨਹੀਂ ਚਾਹੀਦੀਆਂ, ਸਮਝੇ? ਤੁਸੀਂ ਦੋਸਤ ਹੋ, ਦੋਸਤ ਹੀ ਰਹੋ, ਗਾਈਡ ਨਾ ਬਣੋ।"

"ਚਲ ਮੇਰੀ ਛੱਡ, ਪਰਮਿੰਦਰ ਦਾ ਕੀ ਕਸੂਰ ਹੈ ਤੇਰੀ ਨਜ਼ਰ ਵਿਚ? ਮੈਂ ਕਈ ਕੁਝ ਜਾਣਦਾ ਹਾਂ ਪਰ ਤੇਰਾ ਵਿਚਾਰ ਜਾਣਨਾ ਚਾਹੁੰਣਾ, ਸ਼ਾਇਦ ਔਰਤ ਦੀਆਂ ਭਾਵਨਾਵਾਂ ਦੀ ਕੋਈ ਪਰਤ ਸਮਝ ਸਕਾਂ।"

" ਪਰਮਿੰਦਰ ਨੇ ਮੇਰੇ ਨਾਲ ਵਿਆਹ ਨਹੀਂ ਕੀਤਾ, ਇਕ ਔਰਤ ਦੇ ਗੋਸ਼ਤ ਨਾਲ ਵਿਆਹ ਕੀਤਾ ਹੈ।"

" ਪਰ ਵਧੀਆ ਗੋਸ਼ਤ ਨਾਲ ਵਿਆਹ ਕੀਤਾ ਹੈ।" ਮੈਂ ਸੰਜੀਦਗੀ ਨੂੰ ਪੇਤਲਾ ਕਰਨ ਲਈ ਇੱਕ ਘਟੀਆ ਜਿਹਾ ਫ਼ਿਕਰਾ ਬੋਲਿਆ ਜਿਸਦਾ ਮੈਨੂੰ ਵੀ ਅਫਸੋਸ ਹੋਇਆ ਤੇ ਹਰੀ ਨੇ ਵੀ ਕੋਈ ਨੋਟਿਸ ਨਾ ਲਿਆ। ਮੈਂ ਸੰਜੀਦਗੀ ਨੂੰ ਬਰਕਰਾਰ ਰੱਖਣ ਲਈ ਕਿਹਾ, " ਪਰ ਤੂੰ ਉਹਦੇ ਵਿਚੋਂ ਆਪਣੇ ਬਾਪ ਨੂੰ ਕਿਉਂ ਢੂੰਡ ਰਹੀ ਹੈਂ? ਤੂੰ ਕਿਉਂ ਚਾਹੁੰਦੀ ਹੈਂ ਕਿ ਉਹ ਤੈਨੂੰ ਆਪਣੀ ਜਾਇਦਾਦ ਸਮਝੇ। ਉਹਦੇ ਕਪੜੇ ਟੰਗਣ ਵਾਲੀ ਕਿੱਲੀ ਬਣਕੇ ਤੇਰਾ ਕਿਹੜਾ ਸਕੂਨ ਸ਼ਾਂਤ ਹੋਣ ਵਾਲਾ ਹੈ? ਉਹ ਤੈਨੂੰ ਥੱਪੜ ਮਾਰੇ ਤੇ ਫਿਰ ਮੁਆਫੀ ਮੰਗੇ?"

"ਤੈਨੂੰ ਨਹੀਂ ਪਤਾ ਸਰ ਜੀ, ਆਦਮੀ ਸਾਰਾ ਦਿਨ ਖਪਿਆ ਕ੍ਰਿਝਿਆ ਦੁਨੀਆਂ ਨਾਲ ਲੜਦਾ, ਹਾਰਦਾ ਜਦੋਂ ਘਰ ਆਉਂਦਾ ਹੈ ਤੇ ਉਹਨੂੰ ਆਪਣਾ ਗੁੱਸਾ ਉਤਾਰਨ ਲਈ ਕੋਈ ਆਪਣਾ ਚਾਹੀਦਾ ਹੈ ਜਿਸਤੇ ਉਹ ਆਪਣੀ ਹਕੂਮਤ ਕਰ ਸਕੇ ਤੇ ਉਸਦੀ ਉਹ ਹਕੂਮਤ ਹੈ ਉਸਦੀ ਬੀਵੀ। ਉਹ ਪੀ ਕੇ ਜਦੋਂ ਖੁਸ਼ ਹੁੰਦਾ ਹੈ ਤਾਂ ਬੀਵੀ ਦੇ ਕੰਨਾਂ ਦੁਆਲੇ ਲਮਕੇ ਝੁਮਕਿਆਂ ਨਾਲ ਖੇਡਦਾ ਹੈ। ਮੇਰੀ ਮਾਂ ਮੇਰੇ ਬਾਪ ਦੇ ਖਿਝਣ 'ਤੇ ਖੁਸ਼

ਹੁੰਦੀ ਸੀ। ਉਸਨੂੰ ਖੁਸ਼ ਕਰਨ ਨਾਲ ਉਸਦੀ ਤ੍ਰਿਪਤੀ ਹੁੰਦੀ ਸੀ। ਤੂੰ ਸਮਝਦਾ ਹੈਂ ਨਾ ਤ੍ਰਿਪਤੀ ਕਿਸ ਕਹਿੰਦੇ ਹਨ? ਨਹੀਂ ਮੇਰਾ ਨਹੀਂ ਖਿਆਲ ਤੈਨੂੰ ਇਸਦਾ ਇਲਮ ਹੈ। ਤ੍ਰਿਪਤੀ ਜੋ ਔਰਤ ਦੀ ਤਲਾਸ਼ ਹੈ। ਮੇਰੀ ਮਾਂ ਦੀ ਇੱਕ ਤ੍ਰਿਸ਼ਨਾ ਹੁੰਦੀ ਸੀ ਕਿ ਸਵੇਰੇ ਜਾਣ ਲੱਗਿਆਂ ਮੇਰਾ ਬਾਪ ਹੌਲਾ ਫੁੱਲ ਹੋ ਕੇ ਕੰਮ ਜਾਵੇ, ਖਿਝਣ ਖਿਝਾਉਣ ਦੀ ਦੁਨੀਆਂ ਵਿਚ। ਸਾਲ ਵਿਚ ਇੱਕ ਵਾਰ ਮੇਰੀ ਮਾਂ ਸਾਰੇ ਗਹਿਣੇ ਪਾਕੇ ਮੇ ਬਾਪ ਦੀ ਇੰਤਜ਼ਾਰ ਕਰਦੀ ਸੀ, ਆਪਣੀ ਸਾਰੀ ਗੁਲਾਮੀ ਦੇ ਸਮਰਪਣ ਨਾਲ। ਇਹ ਦਿਨ ਸੀ ਉਹਨਾਂ ਵਿਆਹ ਦੀ ਵਰ੍ਹੇ-ਗੰਢ। ਇਸ ਦਿਨ ਕਦੇ ਵੀ ਉਹਨਾਂ ਦੀ ਲੜਾਈ ਨਹੀਂ ਹੋਈ ਸੀ। ਮੇਰੀ ਮਾਂ ਆਪਣੇ ਪੈਰ ਦੀਆਂ ਕਲੀਚੀਆਂ ਸਮੇਤ ਤੁਰੀ ਫਿਰਦੀ ਮੈਨੂੰ ਬਹੁਤ ਚੰਗੀ ਲਗਦੀ ਸੀ। ਪਰ ਸਰ ਜੀ ਇਹ ਸਾਰਾ ਕੁਝ ਮੈਨੂੰ ਕਿਉਂ ਨਹੀਂ ਮਿਲਿਆ?"

"ਪਰ ਇਤਨੀ ਰੂੜ੍ਹੀਵਾਦੀ ਹੋ ਕੇ ਇਹ ਤੂੰ ਕੀ ਕਰਨ ਲੱਗੀ ਹੈ?"

"ਉਹ ਆਇਆ ਸੀ ਟਰਾਂਟੋ ਸਾਡੇ ਘਰ। ਮੈਂ ਤੇ ਭੁੱਲ ਭੁਲਾ ਗਈ ਸੀ। ਪਰ ਪਤਾ ਨਹੀਂ ਕਿਉਂ ਕਿਵੇਂ ਉਹਨੇ ਪਰਮਿੰਦਰ ਨਾਲ ਦੋਸਤੀ ਪਾ ਲਈ। ਉਹਨੂੰ ਦੇਖਦਿਆਂ ਪਹਿਲਾਂ ਤਾਂ ਮੈਨੂੰ ਅੱਗ ਹੀ ਲੱਗ ਗਈ ਪਰ ਫਿਰ ਇਹ ਅੱਗ ਹੌਲੀ ਹੌਲੀ ਮੱਠੀ ਪੈਂਦੀ ਹੋਰ ਹੀ ਰੂਪ ਅਖਤਿਆਰ ਕਰਕੇ ਹਮਕੋ ਮੱਠਾ ਮੱਠਾ ਸੇਕ ਦਿੰਦੀ ਨਿੱਘ ਦੇਣ ਲੱਗ ਪਈ। ਉਸਦਾ ਫਿੱਕਾ ਜਿਹਾ ਚਿਹਰਾ।"

" ਕਿਤਨਾ ਕੁ ਫਿੱਕਾ?"

" ਬਸ ਸਰ ਜੀ ਇਹ ਸਮਝ ਲਵੋ, ਉਹ ਇੱਕ ਸਾਇਆ ਸੀ। ਕਾਲੇ ਰੰਗ ਦਾ। ਜਿਸਦਾ ਸਿਰਫ਼ ਕਲਬੂਤ ਦਿਸਦਾ ਸੀ। ਇੱਕ ਝਾਉਲਾ ਜਿਹਾ। ਤੁਰੇ ਜਾਂਦੇ ਦਾ ਕੋਈ ਖੜਾਕ ਨਹੀਂ। ਸਾਹ ਦੀ ਕੋਈ ਆਵਾਜ਼ ਨਹੀਂ। ਮੈਂ ਉਸਨੂੰ ਭੂਤ ਤੇ ਨਹੀਂ ਕਹਿੰਦੀ ਕਿਉਂਕਿ ਉਹਦੇ ਕੋਲੋਂ ਮੈਨੂੰ ਕੋਈ ਡਰ ਨਹੀਂ ਆਉਂਦਾ ਸੀ। ਉਸਦੇ ਪ੍ਰਛਾਵੇਂ ਨੇ ਦਸਤਾਨੇ ਪਾਏ ਹੋਏ ਸਨ ਜਾਂ ਉਸਦੇ ਹੱਥ ਨੰਗੇ ਸਨ, ਇਸ ਚੀਜ਼ ਦੇ ਅਹਿਸਾਸ ਨਾਲ ਵੀ ਮੈਨੂੰ ਕੋਈ ਮਤਲਬ ਨਹੀਂ ਸੀ।

ਪਰ ਫਿਰ ਇੱਕ ਦਿਨ ਅਚਾਨਕ ਮੈਨੂੰ ਉਸਦੇ ਹੱਥ ਨੰਗੇ ਦਿਸੇ। ਹਮਰਾ ਯਕੀਨ ਬੱਝ ਗਿਆ ਕਿ ਉਸਦੇ ਹੱਥਾਂ 'ਤੇ ਕੋਈ ਦਸਤਾਨੇ ਨਹੀਂ ਸਨ। ਉਹ ਫਾਇਰ ਪਲੇਸ 'ਤੇ ਪਈ ਨਟਰਾਜ ਦੀ ਦੇਵੀ ਨੂੰ ਛੂਹ ਰਿਹਾ ਸੀ। ਉਸਨੇ ਮੇਰੇ ਕੋਲੋਂ ਗਿੱਲਾ ਕੱਪੜਾ ਮੰਗਿਆ। ਕਪੜੇ ਨਾਲ ਨਟਰਾਜ ਦੀ ਮੂਰਤੀ ਨੂੰ ਸਾਫ਼ ਕੀਤਾ। ਕੱਪੜਾ ਮੈਲਾ ਹੋ ਗਿਆ। ਮੈਨੂੰ ਬਹੁਤ ਸ਼ਰਮ ਆਈ। ਪਤਾ ਨਹੀਂ ਮੇਰੀ ਆਈ ਸ਼ਰਮ ਨੂੰ ਉਸਨੇ ਕਿਸ ਤਰ੍ਹਾਂ ਮਹਿਸੂਸ ਕੀਤਾ ਪਰ ਹਮਕੋ ਉਸਦਾ ਚਿਹਰਾ ਕੁਝ ਕੁਝ ਦਿਸਣ ਲੱਗ ਪਿਆ। ਉਸਦਾ ਨੱਕ ਪਹਿਲਾਂ ਵਾਂਗ ਹੀ ਤਿੱਖਾ ਤੇ ਲੰਬਾ ਸੀ। ਬਿਲਕੁਲ ਉਸੇ ਤਰ੍ਹਾਂ ਦਾ ਜਿਵੇਂ ਦਾ ਹੋਣਾ ਚਾਹੀਦਾ ਹੈ। ਕੁਝ ਕੁਝ ਮੇਰੀ ਮਾਂ ਵਰਗਾ।"

"ਤੁਸੀਂ ਮਾੜਾ ਨਾ ਮਹਿਸੂਸ ਕਰੋ ਇਹ ਨਟਰਾਜ ਦਾ ਧਾਤੂ ਹੀ ਐਸਾ ਹੈ, ਪਤਾ ਹੀ ਨਹੀਂ ਲਗਦਾ ਕਿੱਥੋਂ ਕਿਤਨਾ ਕੁ ਮੈਲਾ ਹੈ। ਲਵੋ ਹੁਣ ਇਹ ਬਿਲਕੁਲ ਸਾਫ਼ ਹੈ। ਲਾਗੇ ਪਾਸੇ ਤੋਂ ਆਈ ਨਿੱਕੀ ਤੋਂ ਨਿੱਕੀ ਮਿੱਟੀ ਦੀ ਕਣੀ ਵੀ ਇਹ ਆਪਣੇ ਵੱਲ ਸਰਕਾ ਲੈਂਦਾ ਹੈ। ਬੱਸ ਇਹ ਸਮਝ ਲਵੋ ਇਹ ਇਸਦਾ ਸ਼ੌਕ ਹੈ। ਸਾਡੇ ਘਰ ਵੀ ਹੈ ਐਸੀ ਮੂਰਤੀ। ਮੈਂ ਉਸਦੀ ਦਿਹਾੜੀ ਵਿਚ ਦੋ ਵਾਰੀ ਸਫ਼ਾਈ ਕਰਦਾ ਹਾਂ। ਇਨ ਫੈਕਟ ਮੈਂ ਤਾਂ ਉਸ ਮੂਰਤੀ ਨੂੰ ਹੋਰ ਵੀ ਸਜਾਇਆ ਹੋਇਆ ਹੈ। ਉਸਦੇ ਕੰਨਾਂ ਨੂੰ ਵਿੰਨ੍ਹਕੇ ਖਰੇ ਸੋਨੇ ਦੇ ਝੁਮਕੇ ਵੀ ਪਾਏ ਹੋਏ ਹਨ।"

" ਬਸ ਵੱਜ ਗਿਆ ਵਾਜਾ।" ਮੈਂ ਕੁਝ ਜ਼ੋਰ ਦੀ ਬੋਲ ਪਿਆ।

"ਕਿਹੜਾ ਵਾਜਾ? ਪੂਰੀ ਗੱਲ ਤੇ ਸੁਣੋ।"

"ਹਰੀ ਮੈਂ ਕੋਈ ਕਨਫੈਸ਼ਨ ਬੌਕਸ ਵਿਚ ਖੜ੍ਹਾ ਪਾਦਰੀ ਨਹੀਂ ਹਾਂ। ਮੈਂ ਤੈਨੂੰ ਦੇਖ ਸਕਦਾ ਹਾਂ। ਫਾਦਰ ਦੇ ਰਟੇ ਰਟਾਏ ਡਾਇਲੌਗ ਕੁਝ ਕਮਿਸ਼ਨ ਹੁੰਦੇ ਤੇ ਕੁਝ ਓਮਿਸ਼ਨ। ਕੁਝ ਕਰੋ ਤੇ ਕੁਝ ਨਾ ਕਰੋ। ਬੀਬੇ ਰਾਣੇ ਲੋਕ ਸੁਣਦੇ ਹਨ ਤੇ ਚਲੇ ਜਾਂਦੇ ਹਨ।"

"ਪਰ ਸਰ ਜੀ ਮੈਂ ਤੇ ਕਨਫੈਸ਼ਨ ਕਰ ਹੀ ਨਹੀਂ ਰਹੀ। ਇਹ ਤੇ ਮੇਰੀ ਸੁਭਾਵਕ ਤੋਰ ਹੈ।"

"ਚੱਲ ਅੱਗੇ ਸੁਣਾ।" ਮੈਂ ਹਾਰ ਰਹੀ ਕੁੜੀ ਦੀ ਉਗਾਈ ਪਹਿਲੀ ਡੋਡੀ ਨੂੰ ਦੇਖਣਾ ਚਾਹੁੰਦਾ ਸੀ। ਇਹ ਡੋਡੀ ਫੁੱਲ ਨਹੀਂ ਸੀ, ਇਹ ਮੇਰੀ ਸਮਝ ਸੀ ਤੇ ਇਹ ਜ਼ਹਿਰ ਨਹੀਂ ਸੀ, ਇਹ ਹਰੀ ਦਾ ਭਰਮ ਸੀ।

"ਨਟਰਾਜ ਦੀ ਮੂਰਤੀ ਦੇ ਕੰਨਾਂ ਵਿਚ ਪਾਏ ਝੁਮਕਿਆਂ ਦੀ ਕਥਾ ਸੁਣਦਿਆਂ ਹਮਰਾ ਸੂਰਜ ਉਦੈ ਹੋ ਗਿਆ। ਅੱਖਾਂ ਵਿਚ ਅੱਖਾਂ ਪਾ ਕੇ ਗੱਲ ਕਰਨ ਦੀ ਉਸਦੀ ਮਾੜੀ ਆਦਤ, ਮੇਰੀ ਲੋੜ ਬਣ ਗਈ। ਖਰੇ ਸੋਨੇ ਦੇ ਝੁਮਕਿਆਂ ਨਾਲ ਆਪਣੇ ਕੰਨਾਂ ਨੂੰ ਸਜਾਉਣ ਦੀ ਖਿਚ, ਮੇਰੀ ਰੂਹ ਦੀ ਲੋੜ ਬਣ ਗਈ।"

" ਪਰ ਇਹ ਤੇ ਨਾਜਾਇਜ਼ ਕਬਜ਼ਾ ਹੈ।"

"ਮੇਰੀ ਸੱਖਣੀ ਰੂਹ, ਇਸਨੂੰ ਕਬਜ਼ਾ ਨਹੀਂ ਸਮਝਦੀ। ਮੈਂ ਮਘ ਪਈ ਸੀ। ਦੋ ਰਾਤਾਂ ਰਿਹਾ ਸਿਰਫ਼ ਮੇਰਾ ਸੈੱਲ ਫੋਨ ਲੈਣ ਖਾਤਰ। ਤੀਸਰੇ ਦਿਨ ਅਸੀਂ ਉਸਨੂੰ ਛੱਡਣ ਬਫਲੋ ਗਏ। ਰਸਤੇ ਵਿਚ ਲੱਗ ਪਿਆ ਉਹੋ ਰਾਗ ਅਲਾਪਣ ਜੋ ਹਮਰੀ ਕਮਜ਼ੋਰੀ ਹੈ। ਜ਼ਿੰਦਗੀ ਐਸੀ ਹੈ, ਜ਼ਿੰਦਗੀ ਵੈਸੀ ਹੈ। ਫਲਾਣਾ ਰਾਗ ਫਲਾਣੇ ਮੌਸਮ ਵਿਚ ਛੇੜਿਆ ਜਾਂਦਾ ਹੈ ਤੇ ਫਿਰ ਉਹਨੇ ਕਹਿਕੇ ਰਸਤੇ ਵਿਚ ਕਾਰ ਖਲਿਆਰ ਲਈ। ਚਾਰੇ ਪਾਸੇ ਦਰਖ਼ਤ ਸਨ। ਇੱਕ ਦੂਜੇ ਦੀ ਥੋੜ੍ਹੀ ਵਿੱਥ 'ਤੇ ਖਲੋਤੇ ਦਰਖ਼ਤ। ਕਹਿੰਦੇ ਦੇਖੋ ਇਹਨਾਂ ਦਰਖਤਾਂ ਦੀ ਦੁਨੀਆਂ ਨੂੰ। ਅਡੋਲ ਖੜ੍ਹੇ ਤੁਹਾਨੂੰ ਬੇਜਾਨ ਲੱਗਣਗੇ ਪਰ ਇਹਨਾਂ ਦੀਆਂ ਆਪਸ ਵਿਚ ਰਿਸ਼ਤੇਦਾਰੀਆਂ ਹਨ। ਅੰਤ ਦੇ ਮੌਸਮ ਵਿਚ ਇਹ ਇੱਕ ਦੂਜੇ ਦਾ ਸਾਥ ਦਿੰਦੇ ਹਨ। ਰਾਤ ਦੇ ਹਨੇਰੇ ਵਿਚ ਇਹਨਾਂ ਦੀਆਂ ਮਹਿਫ਼ਲਾਂ ਸਜਦੀਆਂ ਹਨ। ਪੱਤੇ ਆਪਣਾ ਸਰੂਪ ਵਟਾਉਂਦੇ ਹਨ। ਇਹਨਾਂ ਦੇ ਵਿਆਹ ਵੀ ਹੁੰਦੇ ਹਨ। ਕਿਸੇ ਦਾ ਪਰਾਗ ਕੋਈ ਆਪਣੇ ਗਰਭ ਵਿਚ ਪਾਲਦਾ ਹੈ ਤੇ ਕਿਸੇ ਦਾ ਗਰਭ ਕਿਸੇ ਦਾ ਪਰਾਗ ਢੂੰਡਣ ਲਈ ਪਉਣਾਂ ਨੂੰ ਆਵਾਜ਼ ਮਾਰਦਾ ਹੈ। ਪਉਣਾਂ ਦੀ ਸ਼ਿੱਦਤ ਮਾਣਨੀ ਹੋਵੇ ਤਾਂ ਦਰਖਤਾਂ ਤੋਂ ਉੱਤਮ ਹੋਰ ਕੋਈ ਧਰਮ ਨਹੀਂ। ਹੋਰ ਕਿਤਨਾ ਹੀ ਕੁਝ ਉਸਨੇ ਕਿਹਾ ਜੋ ਹਮਕੋ ਯਾਦ ਨਹੀਂ ਪਰ ਮੇਰੇ ਜ਼ਿਹਨ ਵਿਚ ਵਸਿਆ ਹੋਇਆ ਹੈ। ਯਾਦ ਹੈ ਤੇ ਸਿਰਫ ਉਹਦੀ ਫੋਨ ਕਾਲ।"

"ਬੜਾ ਫੁੰਕਾਰ ਬੰਦਾ ਹੈ।" ਮੈਂ ਹੌਲੀ ਜਿਹੀ ਪਰ ਹਰੀ ਨੂੰ ਸੁਣਾਕੇ ਕਿਹਾ।

"ਜੋ ਮਰਜ਼ੀ ਕਹੋ ਹਮਕੋ ਤਾਂ ਉਸਦੀ ਇੱਕੋ ਗੱਲ ਨੇ ਖਰੀਦ ਲਿਆ। ਕਹਿੰਦਾ ਸੀ ਹਰੀ ਅਮਰੀਕਾ ਆਕੇ ਨਟਰਾਜ ਦੀ ਮੂਰਤੀ ਨੂੰ ਝੁਮਕਿਆਂ ਤੋਂ ਮੁਕਤ ਕਰ ਦੇ। ਤੁਸੀਂ ਦੱਸੋ ਸਰ ਜੀ ਮੈਂ ਹੁਣ ਕੀ ਕਰਾਂ? ਇਹ ਨਾ ਕਹਿਣਾ ਫਰਗੇਟ ਇੱਟ। ਇਹ ਦੱਸੋ ਕਦੋਂ ਤੇ ਕਿਸ ਤਰ੍ਹਾਂ ਜਾਵਾਂ ਤੇ ਤੁਸੀਂ ਹਮਰੀ ਕੀ ਮਦਦ ਕਰ ਸਕਦੇ ਹੋ? ਮੈਨੂੰ ਉਹ ਝੁਮਕੇ ਚਾਹੀਦੇ ਹਨ।"

" ਹਰੀ ਇਹਨਾਂ ਗੱਲਾਂ ਦੀ ਗਹਿਰਾਈ ਦੀਆਂ ਜੜ੍ਹਾਂ ਨਹੀਂ ਹੁੰਦੀਆਂ ਤੇ ਜੜ੍ਹਾਂ ਤੋਂ ਬਗੈਰ ਅਸੀਂ ਜ਼ੋਰਦਾਰ ਭੱਜੇ ਜਾਂਦੇ ਪਾਣੀ ਦੇ ਧੱਕੇ ਉਹ ਪੱਥਰ ਹਾਂ ਜਿਹਨਾਂ ਦੀ ਆਪਣੀ ਕੋਈ ਝੁੱਗੀ ਨਹੀਂ ਹੁੰਦੀ। ਮੈਂ ਵੀ ਰਿੜ੍ਹਿਆ ਹਾਂ। ਇਕ ਕਥਾ ਮੇਰੀ ਵੀ ਹੈ। ਇਸੇ ਲਈ ਮੈਂ ਤੈਨੂੰ ਸੁਝਾਅ ਹੀ ਦੇ ਸਕਦਾ ਹਾਂ ਕਿ ਇਹ ਸਭ ਭਟਕਣ ਹੈ। ਇਸ ਰੋਗ ਦਾ ਇਲਾਜ ਬਹੁਤ ਮੁਸ਼ਕਲ ਹੈ। ਲੈ ਮੇਰੀ ਵੀ ਕਥਾ ਸੁਣ।"

"ਸਰ ਜੀ ਮੈਂ ਤੇ ਤੁਹਾਨੂੰ ਸ਼ਰੀਫ ਸਮਝਦੀ ਸੀ ਪਰ ਤੁਸੀਂ ਤੇ ਪੂਰੇ ਕਮੀਣੇ ਨਿਕਲੇ, ਤੁਹਾਡੇ ਵਰਗੇ ਹਲਕਾਏ ਕੁੱਤੇ ਨੂੰ ਤੇ ਗੋਲੀ ਮਾਰ ਦੇਣੀ ਚਾਹੀਦੀ ਹੈ। ਲਾਹਣਤ ਹੈ ਤੁਹਾਡੇ 'ਤੇ, ਫਿਰ ਕੀ ਹੋਇਆ?"

"ਹੋਣਾ ਕੀ ਹੈ ਤੇ ਰੋਣਾ ਕੀ ਹੈ। ਭਟਕਣ ਨੂੰ ਜਿੰਨਾ ਮਰਜ਼ੀ ਵਧਾਈ ਜਾਉ।"

"ਹਮਰੇ ਮੰਨਣ ਵਿਚ ਨਹੀਂ ਆਉਂਦੀ ਤੁਹਾਡੀ ਸੁਣੀ ਗੱਲ, ਕੋਈ ਇਤਨਾ ਵੀ ਗਿਰ ਸਕਦਾ ਹੈ?"

"ਤਾਂ ਹੀ ਤੇ ਮੈਂ ਕਹਿੰਦਾ ਹਾਂ, ਇਹ ਦਿਲਾਂ ਦੇ ਕਹਿਣੇ,ਰੂਹ ਦੇ ਗਹਿਣੇ ਨਹੀਂ ਹੁੰਦੇ। ਲਗਦੇ ਹਨ ਪਰ ਹੁੰਦੇ ਨਹੀਂ।"

"ਸਰ ਜੀ ਮੈਨੂੰ ਤੁਹਾਡਾ ਡੈਬਿਟ ਕਾਰਡ ਤੇ ਉਸਦਾ ਪਿੰਨ ਨੰਬਰ ਚਾਹੀਦਾ ਹੈ। ਪਰਸੋਂ ਸਵੇਰੇ ਮੈਨੂੰ ਆਪਣੇ ਕਰੈਡਿਟ ਕਾਰਡ ਤੇ ਕਾਰ ਰੈਂਟ ਕਰਕੇ ਦੇਵੋ। ਤੜਕੇ ਛੇ ਵਜੇ ਮੈਂ ਚੱਲਣਾ ਹੈ, ਅੱਠ ਵਜੇ ਤੋਂ ਪਹਿਲਾਂ ਪਹਿਲ ਮੈਂ ਅਮਰੀਕਾ ਦਾ ਬਾਰਡਰ ਕਰਾਸ ਕਰਨਾ ਹੈ। ਤੁਸੀਂ ਮੇਰਾ ਕਾਰਡ ਸਵਾਈਪ ਇਨ ਤੇ ਸਵਾਈਪ ਆਊਟ ਕਰਨਾ ਹੈ। ਮੇਰਾ ਘਰੋਂ ਕੋਈ ਫੋਨ ਆਵੇ ਤਾਂ ਗੱਲ ਨੂੰ ਸੰਭਾਲਣਾ ਹੈ। ਪੂਰੇ ਦੋ ਵਜੇ ਹਮਨੇ

ਕੈਨੇਡਾ ਦਾ ਬਾਰਡਰ ਕਰਾਸ ਕਰ, ਚਾਰ ਵਜੇ ਤੋਂ ਪਹਿਲਾਂ ਰੈਂਟਲ ਕਾਰ ਵਾਪਸ ਕਰਕੇ, ਝੁਮਕਿਆਂ ਸਮੇਤ ਘਰ ਜਾਣਾ ਹੈ ਤੇ ਫੇਰ ਤੁਹਾਨੂੰ ਫੋਨ ਕਰਾਂਗੀ।"

" ਤੇ ਜੇ ਕਾਰ ਰਸਤੇ ਵਿਚ ਪੰਕਚਰ ਹੋ ਗਈ ਫੇਰ?"

"ਜੇ ਤੁਸੀਂ ਚਾਹੁੰਦੇ ਹੋ ਕਾਰ ਪੰਕਚਰ ਨਾ ਹੋਵੇ ਤਾਂ ਨਹੀਂ ਹੋਵੇਗੀ।"

"ਤੂੰ ਟਲਣਾ ਨਹੀਂ। ਕਾਰ ਤੇ ਪੰਕਚਰ ਨਹੀਂ ਹੋਵੇਗੀ ਪਰ ਤੇਰੀ ਕੋਈ ਗਾਰੰਟੀ ਨਹੀਂ। ਮੈਨੂੰ ਪਤਾ ਹੈ ਤੂੰ ਆ ਕੇ ਮੈਨੂੰ ਕੁਝ ਨਹੀਂ ਦੱਸਣਾ। ਕਿਉਂਕਿ ਦੱਸਣ ਲਈ ਤੇਰੇ ਕੋਲ ਕੁਝ ਰਹਿਣਾ ਹੀ ਨਹੀਂ।"

"ਅਜੇ ਮੈਂ ਕੁਝ ਨਹੀਂ ਕਹਿ ਸਕਦੀ।"

" ਪਰ ਜੇ ਤੂੰ ਕਹੇਂ ਤਾਂ ਮੈਂ ਕੋਰੇ ਕਾਗਜ਼ 'ਤੇ ਲਿਖਕੇ ਲੌਕਰ ਵਿਚ ਰੱਖ ਦਿੰਦਾ ਹਾਂ ਕਿ ਤੇਰੇ ਨਾਲ ਕੀ ਬੀਤਣ ਵਾਲੀ ਹੈ। ਆਕੇ ਪੜ੍ਹ ਲਵੀਂ। ਜੇ ਇੰਨ ਬਿੰਨ ਗੱਲ ਸੱਚ ਨਾ ਨਿਕਲੇ ਤਾਂ ਮੈਨੂੰ ਸਰ ਜੀ ਕਹਿਣਾ ਛੱਡ ਦੇਵੀਂ।" ਅੱਜ ਫੇਰ ਮੈਨੂੰ ਪੁਰਾਣੀ ਅਪਰਾਧ ਕਥਾ ਯਾਦ ਆ ਰਹੀ ਸੀ। ਸੁਨੀਤਾ ਦੋ ਮਹੀਨੇ ਬਾਅਦ ਵਾਪਸ ਆ ਗਈ ਸੀ। ਨਾ ਪ੍ਰੇਮੀ ਰਿਹਾ ਤੇ ਨਾ ਪਤੀ। ਨਾ ਸੁਨੀਤਾ ਪਤਨੀ ਬਣੀ ਨਾ ਬੇਟੀ ਨਾ ਮਾਂ ਨਾ ਪ੍ਰੇਮਿਕਾ। ਬੱਸ ਇੱਕ ਮਾਸ ਦਾ ਲੋਥੜਾ। ਮੈਂ ਚਾਹੁੰਦਾ ਸੀ ਹਰੀ ਨਾਲ ਐਸਾ ਨਾ ਹੋਵੇ। ਇਸੇ ਕਰਕੇ ਹੀ ਮੈਂ ਉਸਦੀ ਮਦਦ ਕਰ ਰਿਹਾ ਸੀ। ਮੇਰੇ ਕੋਲ ਉਸਦੀ ਬਿਹਤਰੀ ਦਾ ਹੋਰ ਕੋਈ ਹੱਲ ਵੀ ਨਹੀਂ ਸੀ। ਮੇਰੀ ਜ਼ਰਾ ਜਿਤਨੀ ਸਿਆਣਪ ਉਸਦੀ ਜ਼ਿੰਦਗੀ ਤਬਾਹ ਕਰ ਸਕਦੀ ਸੀ। ਤਿਲਕਦੇ ਪੱਥਰ ਨੂੰ ਕੌਣ ਰੋਕ ਸਕਦਾ ਹੈ?ਮੈਂ ਤਾਂ ਚਾਹੁੰਦਾ ਸੀ ਕਿ ਇਹ ਤਿਲਕਦਾ ਪੱਥਰ ਆਪਣੇ ਖੇਤ ਤੋਂ ਲਾਂਭੇ ਨਾ ਜਾ ਪਵੇ। ਅਸੀਂ ਦੁਆ ਹੀ ਕਰ ਸਕਦੇ ਹਾਂ ਕਿ ਤਿਲਕਦਾ ਪੱਥਰ ਕਿਸੇ ਜੀਂਦੇ ਜਾਗਦੇ ਇਨਸਾਨ 'ਤੇ ਨਾ ਡਿੱਗੇ।

ਅੱਜ ਦੀ ਰਾਤ ਮੇਰੇ ਲਈ ਕਹਿਰ ਦੀ ਰਾਤ ਸੀ। ਸਵੇਰੇ ਹਰੀ ਨੇ ਜਾਣਾ ਸੀ। ਅਮਰੀਕਾ ਵਿਚ ਬੈਠਾ ਮੈਂ ਉਸਦਾ ਇੰਤਜ਼ਾਰ ਕਰ ਰਿਹਾ ਸੀ। ਅਮਰੀਕਾ ਵਿਚ ਬੈਠਾ ਮੈਂ ਹਰੀ ਦੇ ਸਰੀਰ ਦਾ ਇੰਤਜ਼ਾਰ ਕਰ ਰਿਹਾ ਸੀ। ਮੈਂ ਬਹੁਤ ਝੂਠ ਬੋਲ ਚੁੱਕਿਆ ਸੀ। ਚੰਗੇ ਤੋਂ ਚੰਗੇ ਸ਼ਬਦਾਂ ਨੂੰ ਚੁਰਾਇਆ ਸੀ ਮੈਂ। ਮੈਂ ਹਰੀ ਨੂੰ ਪ੍ਰਭਾਵਤ ਕਰਨ ਲਈ ਉਸਦੀਆਂ ਕਮਜ਼ੋਰੀਆਂ ਨੂੰ ਲੱਭਿਆ ਸੀ। ਉਸਦੀ ਬੀਤ ਰਹੀ ਜ਼ਿੰਦਗੀ ਨੂੰ ਮਜ਼ਲੂਮ ਸਾਬਤ ਕਰਨ ਲਈ ਕੋਸ਼ਿਸ਼ਾਂ ਕੀਤੀਆਂ ਸਨ। ਔਰਤ ਕੋਈ ਵਸਤੂ ਨਹੀਂ ਹੈ, ਔਰਤ ਕੋਈ ਗੁਲਾਮ ਨਹੀਂ ਹੈ। ਅੱਜ ਦੇ ਯੁੱਗ ਦੀ ਔਰਤ ਚੰਦ ਤਾਰਿਆਂ 'ਤੇ ਪਹੁੰਚ ਰਹੀ ਹੈ। ਹਵਾਈ ਜਹਾਜ਼ ਉਡਾ ਰਹੀ ਹੈ ਤੇ ਤੂੰ ਅਜੇ ਤਕ ਸਿਰਫ਼ ਆਪਣੇ ਪਤੀ ਨਾਲ ਰਹਿ ਰਹੀਂ ਹੈਂ? ਹੁਣ ਔਰਤ ਦੇ ਜਾਗਣ ਦਾ ਸਮਾਂ ਹੈ। ਬਹੁਤ ਗੁਲਾਮੀ ਝੇਲ ਲਈ ਸਮਾਜ ਦੀ। ਚੱਲ ਉੱਠ ਤੇ ਆ ਜਾ ਮੇਰੀਆਂ ਬਾਹਵਾਂ ਵਿਚ। ਮੈਂ ਤੈਨੂੰ ਆਜ਼ਾਦੀ ਦੇਵਾਂਗਾ। ਤੇਰੇ ਕੁਆਰੇ ਸੰਕਲਪਾਂ ਨੂੰ ਨਵਿਆਵਾਂਗਾ। ਛੋਟੇ ਜਿਹੇ ਖੂਬਸੂਰਤ ਪੱਥਰ ਨੂੰ ਮੇਰੇ ਪਾਣੀਆਂ ਦੀਆਂ ਛੱਲਾਂ ਨੇ ਆਪਣੀ ਜਗ੍ਹਾ ਤੋਂ ਸਰਕਾ ਦਿੱਤਾ ਸੀ। ਪੱਥਰ ਹਿੱਲ ਪਿਆ। ਆਪਣੀ ਜਗ੍ਹਾ ਤੋਂ ਥੋੜ੍ਹਾ ਜਿਹਾ ਸਰਕਿਆ।

ਉਸਦੇ ਥੋੜ੍ਹੇ ਜਿਹੇ ਸਰਕਣ ਤੋਂ ਬਾਅਦ ਮੈਂ ਚਾਹੁੰਦਾ ਸੀ ਉਹ ਦੁਬਾਰਾ ਆਪਣੀ ਜਗ੍ਹਾ 'ਤੇ ਫਿੱਟ ਹੋ ਜਾਏ। ਪਰ ਕਿੱਥੇ ਉਹ ਤੇ ਕਈਆਂ ਨੂੰ ਮਿੱਧਦਾ, ਰੋਲਦਾ, ਤੁਰਿਆ ਹੀ ਜਾ ਰਿਹਾ ਸੀ। ਉਸਦੀ ਚਾਲ ਹੁਣ ਮਟਕ ਵਾਲੀ ਨਹੀਂ ਸੀ। ਜਿਸ ਤਰ੍ਹਾਂ ਮੈਂ ਮਿਥ ਲਈ ਸੀ। ਬਖ਼ਸ਼ ਲਈਂ ਰੱਬਾ।

ਸਵੇਰੇ ਪੰਜ ਵਜੇ ਮੈਂ ਘਰੋਂ ਚੱਲ ਪਿਆ। ਕਾਰ ਰੈਂਟ ਕਰਦਿਆਂ ਮੈਂ ਅਜੀਬ ਤੱਕਣੀ ਨਾਲ ਪੱਥਰ ਵੱਲ ਵੇਖਿਆ। ਹਰੀ ਦੇ ਕੰਨ ਸੁੰਨੇ ਸਨ। ਹਮੇਸ਼ਾ ਲਟਕਦੀਆਂ ਵਾਲੀਆਂ ਉਹ ਘਰ ਰੱਖ ਆਈ ਸੀ। ਅੱਜ ਸ਼ਾਮ ਜਦੋਂ ਹਰੀ ਪਰਤੇਗੀ ਤਾਂ ਇਹਦੇ ਕੰਨਾਂ ਵਿਚ ਝੁਮਕੇ ਹੋਣਗੇ ਜਾਂ ਨਹੀਂ। ਕੀ ਕੱਲ ਇਹ ਕੰਮ 'ਤੇ ਵਾਲੀਆਂ ਪਹਿਨਕੇ ਆਵੇਗੀ ਜਾਂ ਝੁਮਕੇ। ਹਰੀ ਸਮਝਦੀ ਸੀ ਕਿ ਉਹ ਝੁਮਕੇ ਹੀ ਪਹਿਨੇਗੀ। ਵਾਲੀਆਂ ਤੇ ਝੁਮਕਿਆਂ ਦੀ ਦੋਹਰੀ ਜ਼ਿੰਦਗੀ ਜੀਣ ਲਈ ਬੇਤਾਬ ਹਰੀ, ਖ਼ੁਸ਼ ਦਿਸ ਰਹੀ ਸੀ। ਹਰੀ ਚਲੇ ਗਈ। ਲੈਫਟ ਟਰਨ ਲੈਕੇ ਹਰੀ ਨੇ ਰੈਂਟਲ ਕਾਰ ਨੂੰ ਅੱਖੋਂ ਉਹਲੇ ਕਰ ਲਿਆ।

ਮੈਂ ਅਮਰੀਕਾ ਉਸਦਾ ਇੰਤਜ਼ਾਰ ਕਰ ਰਿਹਾ ਸੀ। ਅੱਜ ਮੈਂ ਜਿੱਤਣਾ ਸੀ। ਇਸ ਜਿੱਤ ਲਈ ਮੈਂ ਕਾਫੀ ਮਿਹਨਤ ਕੀਤੀ ਸੀ। ਮੇਰੇ ਤਿੱਖੇ ਜ਼ਹਿਰੀਲੇ ਡੰਗ ਮੈਨੂੰ ਸੁਆਦ ਦੇ ਰਹੇ ਸਨ। ਸਾਬਤ ਸਬੂਤ ਹਰੀ

ਮੇਰੇ ਸਾਹਮਣੇ ਸੀ। ਪੱਥਰ, ਫੁੱਲਾਂ ਦੀ ਵਰਖਾ ਕਰ ਰਿਹਾ ਸੀ। ਰਿਮਝਿਮ, ਰਿਮਝਿਮ, ਨਿੱਕੀ ਨਿੱਕੀ ਕਣੀ ਨਾਲ ਮੈਂ ਭਿੱਜ ਰਿਹਾ ਸੀ। ਮੇਰੇ ਅੰਦਰ ਦੇ ਸੇਕ ਨਾਲ ਇੱਕਮਿੱਕ ਹੋਈ ਇਹ ਗਰਮਾਈ ਕਣੀ ਮੈਨੂੰ ਸੁਆਦ ਦੇ ਰਹੀ ਸੀ। ਫਿਰ ਇਸ ਰਿਮ ਝਿਮ ਨਾਲ ਮੈਨੂੰ ਠੰਡ ਲੱਗਣ ਲੱਗ ਪਈ। ਠੰਡ ਵਧਦੀ ਹੀ ਜਾ ਰਹੀ ਸੀ। ਨਿੱਘ ਦੀ ਗੁੰਜਾਇਸ਼ ਖਤਮ ਹੋਈ ਜਾ ਰਹੀ ਸੀ। ਹੌਲੀ ਹੌਲੀ ਇਸ ਗੁੰਜਾਇਸ਼ ਨੇ ਆਪਣੀ ਹੋਂਦ ਸਮੇਟ ਲਈ। ਹਰੀ ਖ਼ੁਸ਼ ਸੀ। ਬਹੁਤ ਹੀ ਖ਼ੁਸ਼। ਉਸਦੀ ਰੂਹ ਨਿੱਘ ਮਾਣ ਰਹੀ ਸੀ। ਭਿੱਜਦਿਆਂ ਤੇ ਭਿੱਜਣ ਤੋਂ ਪਹਿਲਾਂ, ਮੇਰੇ ਕੀਤੇ ਕੌਲ-ਕਰਾਰ ਉਸਦਾ ਦਿਲ ਦਿਮਾਗ਼ ਮੱਲੀ ਜਾ ਰਹੇ ਸਨ। ਮੱਥੇ 'ਤੇ ਚੰਨ ਉਕਰ ਰਿਹਾ ਸੀ। ਇਸ ਤੋਂ ਪਹਿਲਾਂ ਕਿ ਇਹ ਚੰਨ ਉਦੇ ਹੋਕੇ ਹਰੀ ਦੀ ਕੋਈ ਆਸ ਜਗਾਵੇ ਮੈਂ ਇਸ ਰੌਸ਼ਨ ਹੋ ਰਹੇ ਚੰਨ ਨੂੰ ਭੰਨ ਦੇਣ ਦਾ ਫੈਸਲਾ ਕਰ ਲਿਆ। ਸ਼ਾਇਦ ਇਹ ਫੈਸਲਾ ਨਹੀਂ ਸੀ। ਇਹ ਤੇ ਮੇਰੀ ਕੋਈ ਸਾਜ਼ਿਸ਼ ਸੀ। ਚਾਰੇ ਗਨੇਰੀਆਂ ਜਿੱਤਕੇ ਮੈਂ ਸੋਫੇ 'ਤੇ ਬੈਠ ਗਿਆ। ਮੇਰੇ ਥੋੜ੍ਹੇ ਜਿਹੇ ਉਧੜੇ ਬੂਟ ਮੇਰੇ ਵੱਲ ਦੇਖ ਰਹੇ ਸਨ।

ਮੇਰੀ ਅਗਲੀ ਕੀਤੀ ਜਾਣ ਵਾਲੀ ਗੱਲ ਹਰੀ ਦੀ ਸਮਝ ਤੋਂ ਬਾਹਰ ਸੀ। ਕੁਆਰੀ ਸਨੋਅ ਨਾਲ ਹਰੀ ਦੇ ਪੈਰ ਧੋਣ ਵਾਲੀ ਗੱਲ ਮੇਰੇ ਗਲੇ ਵਿਚ ਹੀ ਅਟਕ ਗਈ।

ਹਰੀ ਮੈਂ ਚਾਹੁੰਨੈਂ ਤੇਰੇ ਪੈਰਾਂ 'ਤੇ ਲੱਗੀ ਧੂੜ ਮੈਂ ਧੋਕੇ ਤੈਨੂੰ ਪਵਿੱਤਰ ਕਰ ਦਿਆਂ। ਸ਼ਾਇਦ ਇਹ ਗੱਲ ਦੁਬਾਰਾ ਸੁਣਨ ਲਈ ਹਰੀ ਦੀਆਂ ਸਾਰੀਆਂ ਇੰਦਰੀਆਂ ਉਤਸੁਕ ਸਨ। ਹਰੀ ਨੂੰ ਤੇ ਪਤਾ ਹੀ ਨਹੀਂ ਸੀ ਕਿ ਉਹ ਬਾਜ਼ੀ ਹਾਰ ਚੁੱਕੀ ਹੈ। ਇਹ ਪਲ ਪਿਆਰ ਦੇ ਪਲ ਨਹੀਂ ਸਗੋਂ ਬਾਜ਼ੀ ਦੀ ਸਿੱਧ ਪੁੱਠ ਦੇ ਪਲ ਸਨ। ਇਹ ਪਲ ਹਰੀ ਦੇ ਲਈ ਭਰਮ ਦੇ ਪਲ ਸਨ। ਲਿਬੜੇ ਪੈਰਾਂ ਤੋਂ ਬੇਖ਼ਬਰ ਹਰੀ, ਮੇਰੀਆਂ ਅੱਖਾਂ ਵਿਚੋਂ ਕੁਝ ਲੱਭਣ ਦੀ ਕੋਸ਼ਿਸ਼ ਕਰ ਰਹੀ ਸੀ।

ਮੈਂ ਤੇ ਕਦੇ ਵੀ ਹਰੀ ਨੂੰ ਇਹ ਨਹੀਂ ਕਿਹਾ ਸੀ ਕਿ ਮੈਂ ਸਿਰਫ਼ ਤੇਰਾ ਹਾਂ। ਸ਼ਾਇਦ ਮੇਰੇ ਸ਼ਬਦਾਂ ਦੇ ਹੇਰ ਫ਼ੇਰ ਨੇ ਹਰੀ ਨੂੰ ਪਜ਼ੈਸਿਵ ਬਣਾ ਦਿੱਤਾ ਸੀ। ਮੇਰੀ ਇਕ ਸੀਮਾ ਹੈ। ਹਰੀ ਦੀ ਵੀ ਇਕ ਸੀਮਾ ਹੋਣੀ ਚਾਹੀਦੀ ਹੈ। ਫਰਕ ਸਿਰਫ ਇਹ ਹੈ ਕਿ ਮੈਨੂੰ ਆਪਣੀ ਸੀਮਾ ਦੀ ਪਛਾਣ ਹੈ ਤੇ ਹਰੀ ਇਸ ਸੀਮਾ ਤੋਂ ਬੇਪਛਾਣ ਹੈ। ਆਈ ਕੈਂਟ ਅਫੋਰਡ ਇਟ।

ਅੱਜ ਸਾਰਾ ਦਿਨ ਮੈਂ ਬਹੁਤ ਹੀ ਬੇਚੈਨ ਰਿਹਾ। ਹਰੀ ਕੀ ਕਰ ਰਹੀ ਹੋਵੇਗੀ। ਉਸਦੇ ਕੰਨਾਂ ਵਿਚ ਝੁਮਕਿਆਂ ਨੂੰ ਲਟਕਾਉਣ ਵਾਲੀ ਪਿੰਨ ਪਈ ਹੋਵੇਗੀ ਜਾਂ ਨਹੀਂ। ਕਾਸ਼ ਹਰੀ ਮੈਨੂੰ ਮੁਆਫ ਕਰ ਦੇਵੇ। ਮੈਂ ਜਾਂ ਮੇਰੇ ਵਰਗੇ ਲੋਕਾਂ ਨੇ ਹਰੀ ਨੂੰ ਜਾਂ ਉਸ ਵਰਗੇ ਹੋਰ ਲੋਕਾਂ ਨੂੰ ਬਥੇਰਾ ਖੁਆਰ ਕਰ ਲਿਆ ਹੈ। ਹਰੀ ਅੱਜ ਆ ਰਹੀ ਹੋਵੇਗੀ। ਕਾਸ਼ ਉਸ ਦੇ ਕੰਨ ਖਾਲੀ ਹੋਣ ਤੇ ਰੂਹ ਭਰੀ ਹੋਈ। ਕਾਸ਼ ਮੈਂ ਉਸਨੂੰ ਨਾ ਬਦਲਣ ਦੀ ਖਾਮੋਸ਼ ਕੋਸ਼ਿਸ਼ ਤੋਂ ਮੁੱਕਤ ਹੋ ਜਾਵਾਂ। ਕਿਤੇ ਮੈਨੂੰ ਕੁਝ ਪੁੱਛ ਹੀ ਨਾ ਲਵੇ। ਮੈਂ ਉਸਨੂੰ ਉਹਦੇ ਹਾਲ 'ਤੇ ਛੱਡ ਕੇ ਗੁਨਾਹ ਕੀਤਾ ਹੈ। ਮਸੀਂ ਚਾਰ ਵੱਜੇ ਤੇ ਫੇਰ ਛੇ ਵਜੇ ਹਰੀ ਦਾ ਫੋਨ ਆਇਆ। ਉਸਨੇ ਕਾਰ ਵਾਪਸ ਕਰ ਦਿੱਤੀ ਸੀ। ਮੈਂ ਕੁਝ ਨਾ ਪੁੱਛਿਆ।

ਅਗਲੇ ਦਿਨ ਹਰੀ ਕੰਮ 'ਤੇ ਨਾ ਆਈ। ਫਿਰ ਅਗਲੇ ਦਿਨ ਵੀ ਕੰਮ 'ਤੇ ਨਹੀਂ ਆਈ। ਮੈਨੂੰ ਫਿਕਰ ਲੱਗਾ। ਉਸਦਾ ਸਵਾਈਪ ਕਾਰਡ ਮੇਰੇ ਕੋਲ ਸੀ। ਨਾ ਕੋਈ ਫੋਨ ਨਾ ਸੁਨੇਹਾ। ਮੈਂ ਜਾਣਦਾ ਸੀ ਇਹ ਨਾਰਮਲ ਵਤੀਰਾ ਸੀ, ਇਹ ਇਸ ਤਰ੍ਹਾਂ ਹੀ ਹੋਣਾ ਸੀ। ਮੈਂ ਇਹ ਵੀ ਜਾਣਦਾ ਸੀ ਕਿ ਉਹ ਜਦੋਂ ਵੀ ਕੰਮ 'ਤੇ ਆਵੇਗੀ ਉਸਦੇ ਕੰਨ ਸੁੰਨੇ ਹੋਣਗੇ। ਬਰੇਲੀ ਦੇ ਬਾਜ਼ਾਰ ਵਿਚ ਡਿੱਗਾ ਝੁਮਕਾ ਅਜੇ ਤਕ ਕਿਸੇ ਨੂੰ ਨਹੀਂ ਲੱਭਾ ਫਿਰ ਹਰੀ ਕੀਹਦੇ ਪਾਣੀਹਾਰ ਹੈ।

ਤੀਸਰੇ ਦਿਨ ਸੁੰਨੇ ਕੰਨਾਂ ਨਾਲ ਹਰੀ ਕੰਮ 'ਤੇ ਆਈ। ਉੱਤਰਿਆ ਹੋਇਆ ਚਿਹਰਾ, ਅੱਖਾਂ ਵਿਚ ਲਾਲੀ ਤੇ ਮੂੰਹ 'ਤੇ ਕੁਝ ਕਹਿਣ ਦੀ ਕਾਹਲ ਨੇ ਉਸਦਾ ਹੁਲੀਆ ਵਿਗਾੜਿਆ ਹੋਇਆ ਸੀ। ਮੈਂ ਕੁਝ ਵੀ ਪੁੱਛਣਾ ਮੁਨਾਸਬ ਨਾ ਸਮਝਿਆ।

"ਸਰ ਜੀ ਤੁਸੀਂ ਬਹੁਤ ਖ਼ਰਾਬ ਹੋ।" ਟਿਮ ਹਾਰਟਨ ਦੀ ਨੁੱਕਰ ਵਿਚ ਬੈਠਿਆਂ ਹਰੀ ਦਾ ਪਹਿਲਾ ਵਾਕ ਮੇਰਾ ਜਾਣਾ ਪਛਾਣਿਆ ਸੀ।

"ਮੈਂ ਕੀ ਕੀਤਾ?"

"ਤੁਸੀਂ ਹਮਕੋ ਵਰਜਿਆ ਕਿਉਂ ਨਹੀਂ?"

"ਮੇਰੇ ਵਰਜਣ ਦਾ ਕੋਈ ਫਾਇਦਾ ਨਹੀਂ ਸੀ।"

"ਪਰ ਤੁਸੀਂ ਕੋਸ਼ਿਸ਼ ਵੀ ਨਹੀਂ ਕੀਤੀ।"

"ਮੈਂ ਕਿਹਾ ਨਹੀਂ ਸੀ ਕਿ ਇਹ ਠੀਕ ਨਹੀਂ? ਸ਼ਾਇਦ ਤੈਨੂੰ ਯਾਦ ਨਹੀਂ।"

"ਮੈਨੂੰ ਸਭ ਯਾਦ ਹੈ।"

"ਮੈਨੂੰ ਪਤਾ ਹੈ ਕਿ ਤੈਨੂੰ ਸਭ ਯਾਦ ਹੈ। ਮੈਨੂੰ ਇਹ ਵੀ ਪਤਾ ਸੀ ਕਿ ਤੂੰ ਗਰੈਵੀਟੇਸ਼ਨ ਤੋਂ ਪਰੇ ਜਾ ਰਹੀ ਹੈਂ। ਮੈਂ ਇਹ ਵੀ ਸਮਝਦਾ ਸੀ ਕਿ ਜੇ ਮੈਂ ਕੋਈ ਧੱਕੇ ਨਾਲ ਕੁਝ ਕਹਿਣਾ ਚਾਹਿਆ ਵੀ ਤਾਂ ਤੂੰ ਸੁਣਨਾ ਨਹੀਂ। ਉਹ ਤੇਰੇ ਛਿਣ, ਸੁਣਨ ਦੇ ਕਾਬਲ ਹੀ ਨਹੀਂ ਸਨ। ਤੂੰ ਆਪ ਹੀ ਤੇ ਕਹਿੰਦੀ ਸੀ ਮੈਂ ਕੋਈ ਪਾਦਰੀ ਨਹੀਂ ਹਾਂ। ਮੈਂ ਤੇ ਚਾਹਿਆ ਸੀ, ਪਰ ਮੇਰੇ ਚਾਹੁਣ ਨਾਲ ਕੀ ਹੁੰਦਾ ਹੈ?"

" ਹਾਂ ਕੀ ਲੋੜ ਸੀ, ਹਮ ਥੋਡੀ ਕੋਈ ਆਪਣੀ ਥੋੜ੍ਹਾ ਸੀ ਜੋ ਵਰਜਦੇ।"

" ਦੇਖ ਹਰੀ, ਨਾਤਿਆਂ ਦਾ ਵਾਸਤਾ ਨਾ ਦੇ। ਨਾਤਿਆਂ ਦੇ ਆਪਣੇ ਬੋਲ ਹੁੰਦੇ ਹਨ। ਇਹ ਬੋਲ, ਜ਼ਿੰਦਗੀ ਦੀ ਕਮਾਈ ਦੇ ਹਾਣੀ ਨਹੀਂ ਹੁੰਦੇ। ਮੈਂ ਤੇ ਸਿਰਫ ਇਹ ਚਾਹੁੰਦਾ ਸੀ ਕਿ ਘੁੱਪ ਹਨੇਰੀ ਗਲੀ ਲੰਘਦਿਆਂ ਤੇਰੇ 'ਤੇ ਕਿਸੇ ਦੀ ਰੋਸ਼ਨੀ ਨਾ ਪੈ ਜਾਵੇ। ਮੇਰੀ ਵੀ ਨਹੀਂ। "

" ਪਰ ਤੁਸੀਂ ਦੋਸਤੀ ਵੀ ਨਹੀਂ ਨਿਭਾਈ। ਚਲੋ ਠੀਕ ਅੱਜ ਮੈਂ ਕਨਫੈਸ਼ਨ ਬੌਕਸ ਵਿਚ ਖੜ੍ਹੇ ਫਾਦਰ ਨਾਲ ਮਿਲਦੀ ਹਾਂ।"

"ਪਰ ਤੇਰਾ ਤੇ ਚਿਹਰਾ ਨੰਗਾ ਹੈ, ਮੇਰਾ ਜਾਣਿਆਂ ਪਛਾਣਿਆਂ, ਤੈਨੂੰ ਨੇਕ ਸਲਾਹ ਨਹੀਂ ਦੇ ਸਕਦਾ। ਤੈਨੂੰ ਇਹ ਨਹੀਂ ਕਹਿ ਸਕਦਾ ਕਿ ਕਨਫੈਸ਼ਨ ਕਰਕੇ ਆਪਣੇ ਆਪ ਨੂੰ ਸੁਰਖ਼ਰੂ ਕਰਦੇ। ਰੱਬ ਬਖਸ਼ਣਹਾਰ ਹੈ। ਬੰਦਾ ਭੁੱਲਣਹਾਰ ਹੈ। ਬਹੁਤੇ ਸਿਆਣਿਆਂ ਵਾਂਗ ਇਹ ਵੀ ਨਹੀਂ ਕਹਿ ਸਕਦਾ ਕਿ ਆਪਣੀਆਂ ਖਾਹਸ਼ਾਂ ਨੂੰ ਦਬਾਉ ਨਹੀਂ। ਉਹਨਾਂ ਨੂੰ ਪੂਰਾ ਕਰਕੇ ਹੀ ਰੱਬੀ ਮਾਰਗ 'ਤੇ ਜਾ ਸਕਦੇ ਹੋ। ਤੈਨੂੰ ਆਪਣੇ ਹਿੱਸੇ ਦਾ ਭਟਕਣਾ ਤੇ ਪੈਣਾ ਹੀ ਹੈ। ਚੱਲ ਕਥਾ ਸੁਣਾ ਆਪਣੀ।"

"ਕਾਹਦੀ ਕਥਾ, ਇਤਨਾ ਅਪੋਲੋਜੈਟਿਕ ਤੇ ਫੈਮਨਿਸ਼ਟ ਬੰਦਾ ਮਹਿਸੂਸ ਕਰਕੇ ਮੈਨੂੰ ਤਾਂ ਉਂਦਾਂ ਹੀ ਕੋਫ਼ਤ ਹੁੰਦੀ ਹੈ। ਹਰ ਗੱਲ ਤੇ ਮੁਆਫੀ ਹਰ ਗੱਲ ਤੇ ਲੌਜਿਕ, ਇਸ ਤਰ੍ਹਾਂ ਵੀ ਕਦੇ ਹੁੰਦਾ ਹੈ? ਬੰਦਾ ਗੁਨਾਹ ਵੀ ਕਰੇ ਤਾਂ ਹਿੱਕ ਤਾਣਕੇ ਕਰਨਾ ਚਾਹੀਦਾ ਹੈ। ਰੀਂਗਦੇ ਕੀੜਿਆਂ ਵਾਂਗ ਨਹੀਂ।"

"ਫੇਰ ਤੂੰ ਦੱਸ ਕਿਸ ਤਰ੍ਹਾਂ ਹੋਣਾ ਚਾਹੀਦਾ ਹੈ?"

"ਬੰਦਾ ਕਿਤੇ ਤਾਂ ਅੜਬੀ ਹੋਵੇ। ਆਪਣੀ ਗੱਲ ਮੰਨਾਵੇ ਧੱਕੇ ਨਾਲ। ਪੂਰਨੇ ਪਾਈ ਫੱਟੀ 'ਤੇ ਹੀ ਲਿਖੀ ਜਾਣਾ, ਇਹ ਵੀ ਕੋਈ ਸਲੀਕਾ ਹੈ?"

"ਹਰੀ ਤੈਨੂੰ ਇਕ ਗੱਲ ਦੱਸਾਂ? ਤੇਰੇ ਆਪਣੇ ਬਾਰੇ।"

" ਹਾਂ ਦੱਸੋ?"

"ਤੈਨੂੰ ਡੌਮੀਨੇਸ਼ਨ ਚਾਹੀਦੀ ਹੈ ਤੇ ਇਹ ਅਰੇਂਜਡ ਇਸ਼ਕ ਵਿਚੋਂ ਨਹੀਂ ਮਿਲਦੀ।"

"ਫਿਰ ਕਿੱਥੋਂ ਮਿਲੇਗੀ?"

" ਸਿਰਫ ਪਰਮਿੰਦਰ ਕੋਲੋਂ। ਉਹਦੇ ਕੋਲ ਸਭ ਕੁਝ ਹੈ, ਤੇਰੇ ਝੁਮਕੇ ਵੀ। ਸਿਰਫ ਤੈਨੂੰ ਦਿਸਦੇ ਨਹੀਂ।"

"ਫਿਰ ਇਹ ਭਟਕਣ ਕਿਉਂ?"

" ਇਹ ਭਟਕਣ ਨਹੀਂ। ਇਹ ਕੋਈ ਇਸ਼ਕ ਉਸ਼ਕ ਨਹੀਂ। ਇਹ ਤੇ ਹਵਸ ਹੈ। ਤੇਰੀ ਆਪਣੀ ਪਾਲੀ ਤੇ ਲਾਡਾਂ ਨਾਲ ਪ੍ਰਵਾਨ ਚੜ੍ਹਾਈ, ਬਚਪਨ ਤੋਂ ਲੈਕੇ ਹੁਣ ਤਕ ਉੱਕਰੀ ਹੋਈ,ਇੱਕ ਐਸੀ ਤਮੰਨਾ, ਜਿਸਨੇ ਤੈਨੂੰ ਅੰਨ੍ਹਾ ਕੀਤਾ ਹੋਇਆ ਹੈ। ਦੁਲਹਨ ਬਣਨ ਦਾ ਪਲ, ਤੂੰ ਆਪਣੇ ਹੱਥ ਨਾਲ ਘੁੱਟਕੇ ਫੜਿਆ ਹੋਇਆ ਹੈ। ਤੂੰ ਆਪਣੇ ਆਪ ਨੂੰ ਸਜਾਕੇ ਬੈਠ ਗਈ। ਤੂੰ ਸਮਝਦੀ ਹੈਂ ਕਿ ਤੇਰੀ ਸਜਾਵਟ ਨੂੰ ਕਿਸੇ

ਦੇਖਿਆ ਨਹੀਂ ਮਾਣਿਆਂ ਨਹੀਂ। ਤੈਨੂੰ ਪਤਾ ਚਰਖੇ ਦੀ ਘੂਕਰ ਅਜੇ ਵੀ ਜ਼ਿੰਦਾ ਹੈ? ਜੋਗੀ ਸੈੱਲ ਫੋਨਾਂ ਦੇ ਹੁੰਦੇ ਸੁੰਦੇ ਅਜੇ ਵੀ ਪਹਾੜਾਂ ਤੋਂ ਲਹਿੰਦੇ ਹਨ। ਪਉੜੀ ਦੇ ਹਰ ਡੰਡੇ ਦਾ ਆਪਣਾ ਇਕ ਨਜ਼ਰੀਆ ਹੁੰਦਾ ਹੈ। ਪਰਮਿੰਦਰ ਕਿਸੇ ਉਪਰਲੇ ਡੰਡੇ 'ਤੇ ਖੜ੍ਹਾ ਆਪਣੇ ਬੱਚਿਆਂ ਦੀ ਖਾਤਰ ਧਨ ਇਕੱਠਾ ਕਰਨ ਵਿਚ ਰੁੱਝਿਆ ਹੋਇਆ ਹੈ। "

"ਮੈਂ ਅਜੇ ਹਮਿਲਟਨ ਵੀ ਨਹੀਂ ਪਹੁੰਚੀ ਸੀ ਜਦੋਂ ਪਰਮਿੰਦਰ ਦਾ ਫੋਨ ਆ ਗਿਆ। ਕਹਿੰਦੈ ਹਰੀ ਮੈਨੂੰ ਤੁਰਨ ਲੱਗਿਆਂ ਯਾਦ ਨਹੀਂ ਰਿਹੈ। ਪਿਛਲੇ ਹਫਤੇ ਹੀ ਤੂੰ ਟਵਿੱਕਲ ਦੀ ਐਜੂਕੇਸ਼ਨ ਪਲੈਨ ਦੀ ਗੱਲ ਕੀਤੀ ਸੀ। ਮੈਂ ਆਰ ਈ ਐੱਸ ਪੀ ਦਾ ਚੈੱਕ ਕੱਟ ਕੇ ਤੇਰੇ ਡਰੈਸਿੰਗ ਟੇਬਲ 'ਤੇ ਰੱਖ ਦਿੱਤਾ ਹੈ। ਚੇਤੇ ਨਾਲ ਪੋਸਟ ਕਰ ਦੇਵੀਂ।

ਉਦੋਂ ਮੈਨੂੰ ਕੁਝ ਵੀ ਮਹਿਸੂਸ ਨਹੀਂ ਹੋਇਆ। ਮੈਂ ਤੇ ਹਵਾ ਨਾਲ ਗੱਲਾਂ ਕਰ ਰਹੀ ਸੀ। ਠੰਡੀ ਠੰਡੀ ਪਉਣ ਨੂੰ ਮੈਂ ਹੱਥਾਂ ਰਾਹੀਂ ਜਿਸਮ ਨਾਲ ਛੋਹ ਰਹੀ ਸੀ। ਕੋਲੋਂ ਲੰਘ ਰਹੇ ਦਰਖ਼ਤਾਂ ਦੀ ਤੇਜ਼ ਰਫਤਾਰੀ ਨੇ ਹਮਕੋ ਸਰੂਰਿਆ ਹੋਇਆ ਸੀ। ਦਰਖਤਾਂ ਨਾਲੋਂ ਟੁੱਟੇ ਪੱਤਿਆਂ ਦਾ ਨਾਚ ਦੇਖ ਰਹੀ ਸੀ। ਹਵਾ ਬਹੁਤ ਤੇਜ਼ ਵਗ ਰਹੀ ਸੀ। ਰੈਂਟਲ ਕਾਰ, ਤੇਜ਼ ਹਵਾ ਨੂੰ ਚੀਰਦੀ ਹੋਈ ਆਵਾਜ਼ ਪੈਦਾ ਕਰ ਰਹੀ ਸੀ। ਉਹ ਆਵਾਜ਼ ਨਹੀਂ ਸੰਗੀਤ ਸੀ। ਉਸ ਆਵਾਜ਼ ਨੂੰ ਫੜਨ ਲਈ ਮੈਂ ਕਾਰ ਦਾ ਸ਼ੀਸ਼ਾ ਥੋੜ੍ਹਾ ਜਿਹਾ ਹੇਠਾਂ ਕੀਤਾ। ਦੋ ਪੱਤੇ ਅੱਗੜ ਪਿੱਛੜ ਉੱਡ ਰਹੇ ਸਨ। ਇਕ ਥੋੜ੍ਹਾ ਜਿਹਾ ਹੀ ਦੂਰ ਉੱਡਦਾ ਨੱਚਦਾ ਗਾਉਂਦਾ ਕੁਝ ਜ਼ਿਆਦਾ ਹੀ ਅੱਗੇ ਲੰਘ ਗਿਆ। ਫੇਰ ਪਤਾ ਨਹੀਂ ਉਸਨੂੰ ਕੀ ਸੁੱਝਾ, ਉਸਨੇ ਝੋਲ ਜਿਹੀ ਮਾਰਕੇ ਆਪਣੀ ਗਤੀ ਘਟਾਈ ਕਿ ਐਨੇ ਨੂੰ ਪਿਛਲਾ ਪੱਤਾ ਉਸਦੇ ਵਿਚ ਵਜਦਾ ਵਜਦਾ ਬਚਿਆ। ਮੈਂ ਸੋਚ ਰਹੀ ਸੀ ਕਿ ਜੇ ਮੈਂ ਉਹ ਪਿਛਲਾ ਪੱਤਾ ਹੁੰਦੀ ਤਾਂ ਮੈਂ ਉਸਦੇ ਵਿਚ ਵੱਜਣਾ ਹੀ ਵੱਜਣਾ ਸੀ। ਮੈਂ ਮੁਸਕਰਾ ਪਈ। ਮੈਂ ਆਪਣੇ ਪਰਸ ਵਿਚੋਂ ਗ਼ਮ ਕੱਢਕੇ ਮੂੰਹ ਵਿਚ ਪਾਇਆ। ਮਿਰਰ ਵਿਚੋਂ ਆਪਣਾ ਮੂੰਹ ਦੇਖਿਆ। ਪਰਸ ਵਿਚੋਂ ਲਿਪਸਟਿਕ ਕੱਢਕੇ ਹੱਥ ਵਿਚ ਫੜ ਲਈ। ਮੈਨੂੰ ਪਤਾ ਸੀ ਅਜੇ ਇਸਦੀ ਲੋੜ ਨਹੀਂ ਪਰ ਫਿਰ ਵੀ ਪਤਾ ਨਹੀਂ ਮੈਨੂੰ ਕਾਹਦੀ ਕਾਹਲੀ ਸੀ। ਮੈਂ ਪੱਤਿਆਂ ਤੋਂ ਕਾਫੀ ਅੱਗੇ ਨਿਕਲ ਆਈ ਸੀ। ਸਟੋਨੀ ਕਰੀਕ ਲੰਘਕੇ ਮੈਂ ਟੇਪ ਲਾ ਲਈ। ਤੁਹਾਡੀ ਦਿੱਤੀ ਕੈਸਟ ਮੈਨੂੰ ਪਸੰਦ ਨਹੀਂ ਆਈ। ਮੈਂ ਆਪਣੀ ਬਹੁਤ ਪਿਆਰ ਨਾਲ ਤਿਆਰ ਕੀਤੀ ਕੈਸਿਟ ਲਾ ਲਈ। ਮਿਰਰ ਵਿਚੋਂ ਮੈਂ ਆਪਣੀ ਮੁਸਕਰਾਹਟ ਦੇਖਕੇ ਮੁਸਕਰਾ ਪਈ। ਸਰ ਜੀ, ਮੇਰੇ ਨਹੀਂ ਖਿਆਲ ਹਮਨੇ ਪਹਿਲਾਂ ਕਿਤੇ ਐਨੇ ਹੁਲਾਸ ਪਲ ਗੁਜ਼ਾਰੇ ਹੋਣ। ਸਿਰਫ ਆਪਣੇ ਆਪ ਨਾਲ। ਕੋਈ ਸਾਥ ਨਹੀਂ, ਕੋਈ ਖਿਆਲ ਨਹੀਂ। ਕੋਈ ਪਰਮਿੰਦਰ ਨਹੀਂ, ਕੋਈ ਸਾਇਆ ਨਹੀਂ। ਹੁਲਾਸ ਦੀ ਇਹ ਉਡਾਣ ਟਰਾਂਟੋ ਤੋਂ ਸ਼ੁਰੂ ਹੋ ਕੇ ਬਫਲੋ ਤਕ, ਉਸਦੇ ਮਿਲਣ ਤੋਂ ਪਹਿਲਾਂ ਤਕ ਸੀ। ਸਰ ਜੀ, ਕੀ ਇਹ ਹੁਲਾਸ ਦੁਬਾਰਾ ਆ ਕੇ ਠਹਿਰ ਸਕਦਾ ਹੈ ਮੇਰੀ ਜ਼ਿੰਦਗੀ ਵਿਚ?"

ਮੈਂ ਮੁਸਕਰਾ ਪਿਆ, " ਤੇ ਬਫਲੋ ਤੋਂ ਟਰਾਂਟੋ ਤਕ ਦੀ ਉਡਾਣ ਬਾਰੇ ਤੇਰਾ ਕੀ ਖਿਆਲ ਹੈ?"

"ਮੇਰੀ ਜ਼ਿੰਦਗੀ ਦੇ ਸਭ ਤੋਂ ਬਦਤਰ ਪਲ। ਜਿਨ੍ਹਾਂ ਨੂੰ ਯਾਦ ਕਰਕੇ ਹੀ ਘੌਲ ਆਉਂਦੀ ਹੈ। ਦਿਲ ਕਰਦਾ ਹੈ ਮਲ ਮਲ ਕੇ ਨਹਾਵਾਂ ਪਰ ਹਰ ਵਾਰ ਲੱਗੇਗਾ ਕਿ ਜਿਵੇਂ ਕੁਝ ਮੈਲ ਰਹਿ ਗਈ ਹੈ।"

"ਵਾਪਸੀ 'ਤੇ ਉੱਡਦੇ ਹੋਏ ਪੱਤੇ ਕਿਵੇਂ ਲੱਗੇ?"

"ਕਲੋਲਾਂ ਕਰਦੇ ਪੱਤੇ ਹੈ ਹੀ ਕਿੱਥੇ ਸਨ ਵਾਪਸੀ ਵੇਲੇ?"

"ਪੱਤੇ ਤੇ ਹੈ ਸਨ ਸਿਰਫ਼ ਉਹਨਾਂ ਨੂੰ ਦੇਖਣ ਦੀ ਤੇਰੀ ਇੱਛਾ ਖ਼ਤਮ ਹੋ ਗਈ ਸੀ।"

"ਤੁਹਾਨੂੰ ਕਿਵੇਂ ਪਤਾ?"

"ਮੈਂ ਵੀ ਕਿਸੇ ਵਕਤ ਆਪਣੀ ਸਹੀ ਲੋੜ ਦਾ ਨਿਰਾਦਰ ਇਸੇ ਤਰ੍ਹਾਂ ਹੀ ਕੀਤਾ ਸੀ। ਮੈਨੂੰ ਵੀ ਸੋਨੇ ਦਾ ਖਰੀਦਿਆ ਛੱਲਾ ਬਹੁਤ ਮਹਿੰਗਾ ਲੱਗਾ ਸੀ।"

"ਹੁਣ ਮੈਂ ਕੀ ਕਰਾਂ?"

"ਇਕ ਦੂਜੇ ਨੂੰ ਨਾ ਬਦਲਣ ਦੀ ਸ਼ਰਤ ਕੁਝ ਨਰਮ ਕਰੇਂ ਤਾਂ ਦੱਸਾਂ?"

"ਹਾਂ ਹਾਂ ਦੱਸੋ।" ਹਰੀ ਨੇ ਕਾਹਲੀ ਪੈ ਕੇ ਕਿਹਾ।

"ਕੱਲ ਮੈਂ ਇਕ ਟੀ ਵੀ ਸ਼ੋਅ ਦੇਖ ਰਿਹਾ ਸੀ। ਇੱਕ ਮੋਟੀ ਠੁੱਲੀ ਪਰ ਗੋਰੀ ਚਿੱਟੀ ਕੁੜੀ ਸਟੇਜ 'ਤੇ ਬੈਠੀ ਸੀ। ਹੋਸਟ ਮਾਈਕ ਫੜਕੇ ਮਸਾਲੇਦਾਰ ਛੁਰਲੀਆਂ ਛੱਡ ਰਿਹਾ ਸੀ ਤੇ ਦਰਸ਼ਕ ਸਟੇਜ ਦੇ ਥੱਲੇ ਕੁਰਸੀਆਂ 'ਤੇ ਬੈਠੇ ਤਾੜੀਆਂ ਮਾਰ ਮਾਰ ਹੱਸ ਰਹੇ ਸਨ। ਇਤਨੇ ਨੂੰ ਸਟੇਜ 'ਤੇ ਪਏ ਇਕ ਵੱਡੇ ਟੀ ਵੀ ਸਕਰੀਨ 'ਤੇ ਇਕ ਗੰਜਾ ਜਿਹਾ ਭਲਵਾਨ ਆਇਆ। ਠੁੱਲੀ ਕੁੜੀ ਆਪਣੀ ਕੁਰਸੀ ਤੋਂ ਉੱਠ ਕੇ ਉਸਨੂੰ ਅਵਾ ਤਵਾ ਬੋਲਣ ਲੱਗ ਪਈ। ਦੋਵੇਂ ਚੀਕਾਂ ਮਾਰ ਰਹੇ ਸਨ ਤੇ ਦਰਸ਼ਕ ਹੱਸ ਹੱਸ ਕੇ ਲੋਟ ਪੋਟ ਹੋ ਰਹੇ ਸਨ। ਇਸ ਤਰ੍ਹਾਂ ਲੱਗਦਾ ਸੀ ਕਿ ਜੇ ਇਹ ਗੰਜਾ ਭਲਵਾਨ ਸਟੇਜ 'ਤੇ ਆ ਜਾਵੇ ਤਾਂ ਇਸ ਮੋਟੀ ਠੁੱਲੀ ਕੁੜੀ ਨੇ ਉਸਦਾ ਕਤਲ ਕਰ ਦੇਣਾ ਹੈ। ਹੋਸਟ ਨੇ ਜ਼ੋਰਦਾਰ ਜਿਹੀ ਚੀਕ ਮਾਰੀ ਤੇ ਉਹ ਭਲਵਾਨ ਸੱਚਮੁੱਚ ਹੀ ਸਟੇਜ 'ਤੇ ਆ ਗਿਆ। ਉਹ ਦੋਵੇਂ ਮਰਨ-ਮਰਾਨ 'ਤੇ ਉਤਾਰੂ ਸਨ ਤੇ ਦਰਸ਼ਕ ਹੱਸ ਹੱਸ ਕੇ ਦੂਹਰੇ ਚੌਹਰੇ ਹੋ ਰਹੇ ਸਨ। ਗੱਲ ਵਿਚੋਂ ਇਹ ਸੀ ਕਿ ਹੋਸਟ ਨੇ ਪਤਾ ਲਗਾਉਣਾ ਸੀ ਕਿ ਮੋਟੀ ਠੁੱਲੀ ਕੁੜੀ ਦੇ ਹੋਇਆ ਬੇਬੀ ਬੁਆਏ ਦਾ ਬਾਪ ਕੌਣ ਹੈ। ਇਹ ਗੱਲ ਉਹ ਪਹਿਲਾਂ ਹੀ ਸਵੀਕਾਰ ਕਰ ਚੁੱਕੀ ਸੀ ਕਿ ਉਸਨੂੰ ਚਾਰ ਬੰਦਿਆਂ 'ਤੇ ਸ਼ੱਕ ਹੈ। ਦਰਸ਼ਕਾਂ ਲਈ ਬੜੀ ਦਿਲਚਸਪ ਕੁਵਿਜ਼ ਸੀ। ਸਪੌਨਸਰਜ਼ ਦੇ ਐਡ ਲਗਾਤਾਰ ਆ ਰਹੇ ਸਨ। ਸੁਝਾਅ ਦਰ ਸੁਝਾਵਾਂ ਨਾਲ ਗੱਲ ਇੱਥੇ ਨਿਬੜੀ ਕਿ ਡੀ ਐੱਨ ਏ ਟੈੱਸਟ ਕਰਾ ਲਿਆ ਜਾਵੇ।"

"ਇਹੋ ਜਿਹੇ ਸ਼ੋਅ ਤਾਂ ਚਲਦੇ ਹੀ ਰਹਿੰਦੇ ਹਨ ਪਰ ਤੁਸੀਂ ਇਸਦਾ ਜ਼ਿਕਰ ਕਿਉਂ ਕਰ ਰਹੇ ਹੋ?"

"ਹਰੀ ਮੇਰੀ ਹੈਰਾਨੀ ਦਾ ਕਾਰਣ ਉਹ ਹੋਸਟ, ਉਹ ਸਪੌਨਸਰਜ਼, ਸ਼ੋਅ, ਉਹ ਭਲਵਾਨ ਮੁੰਡਾ ਜਾਂ ਮੋਟੀ ਠੁੱਲੀ ਕੁੜੀ ਨਹੀਂ ਹੈ। ਬਲਕਿ ਦਰਸ਼ਕਾਂ ਦੀ ਅਸੈਪਟੰਸ ਹੈ ਜਾਂ ਤੇਰਾ ਇਹ ਕਹਿਣਾ ਕਿ ਐਸੇ ਸ਼ੋਅ ਤਾਂ ਚਲਦੇ ਹੀ ਰਹਿੰਦੇ ਹਨ। ਤਾੜੀਆਂ ਮਾਰ ਰਹੇ ਘਰਾਂ ਵਿਚ ਬੈਠੇ ਅਣਗਿਣਤ ਟੀ ਵੀ ਸਿਕਨੈੱਸ ਨਾਲ ਪੀੜਤ ਰੋਗੀ ਹੀ ਤੇਰੇ ਝੁਮਕਿਆਂ ਦੇ ਚੋਰ ਹਨ। ਮੇਰੀ ਤੈਨੂੰ ਇਕੋ ਸਲਾਹ ਹੈ, ਇਹ ਸਲਾਹ ਹੀ ਨਹੀਂ ਤੇਰਾ ਨਸੀਬ ਹੈ। ਆਪਣੀ ਪਸੰਦ ਦੇ ਝੁਮਕੇ ਆਪ ਖਰੀਦ ਤੇ ਰੁਮਕਦੀ ਫੁਰਸਤ ਵਿਚ ਪਰਮਿੰਦਰ ਨੂੰ ਕਹਿ ਉਹ ਤੁਮਰੇ ਕੰਨਾਂ ਨੂੰ ਸ਼ਿੰਗਾਰੇ।"

"ਹਮਰੇ ਤੁਮਰੇ ਕੀਤਾ ਤਾਂ ਮਾਰ ਖਾਉਗੇ, ਖੋਤੇ ਸਰ ਜੀ।" ਹਰੀ ਨੇ ਅਪਣੇ ਰਿੜ੍ਹੇ ਜਾ ਰਹੇ ਪੱਥਰ ਨੂੰ ਜਿਵੇਂ ਕੋਈ ਜਗ੍ਹਾ ਦੇ ਦਿੱਤੀ ਹੋਵੇ।

"ਮੇਰੇ 'ਤੇ ਕਿਤਨਾ ਕੁ ਯਕੀਨ ਹੈ?"

"ਬਹੁਤ।"

"ਚੱਲ ਆਪਣੀ ਕੁਰਸੀ ਨੂੰ ਕੁਝ ਪਿੱਛੇ ਕਰ।"

ਹਰੀ ਨੇ ਕੁਰਸੀ ਪਿੱਛੇ ਵੱਲ ਸਰਕਾ ਲਈ।

"ਹੁਣ ਆਪਣੇ ਸੱਜੇ ਪੈਰ ਨੂੰ ਕਲਾਕ ਵਾਈਜ਼ ਘੁੰਮਾ।" ਹਰੀ ਨੇ ਮੇਰੇ ਆਖੇ ਲੱਗਕੇ ਸੱਜੇ ਪੈਰ ਨੂੰ ਕਲਾਕ ਵਾਈਜ਼ ਘੁੰਮਾਉਂਣਾ ਸ਼ੁਰੂ ਕਰ ਦਿੱਤਾ।

"ਹੁਣ ਆਪਣੇ ਸੱਜੇ ਹੱਥ ਦੀ ਕਿਸੇ ਵੀ ਉਂਗਲ ਨਾਲ ਹਵਾ ਵਿਚ ਛੇ ਲਿਖ।" ਹਰੀ ਨੇ ਇਸਤਰ੍ਹਾਂ ਹੀ ਕੀਤਾ। ਜਿਉਂ ਹੀ ਉਸਨੇ ਇਸਤਰ੍ਹਾਂ ਕੀਤਾ। ਗੜਬੜ ਹੋ ਗਈ। ਪੈਰ ਕਿਤੇ ਛੇ ਕਿਤੇ।

"ਦਿਮਾਗ਼ ਦੀ ਤਰ੍ਹਾਂ ਸਾਡਾ ਜੀਣਾ ਵੀ ਪ੍ਰੀ-ਪਰੋਗਰਾਮਡ ਹੈ।" ਮੈਂ ਆਪਣੇ ਫੋਨ ਨੂੰ ਬੇਮਤਲਬ ਹੀ ਪੁੱਠਾ ਕਰਕੇ ਕਿਹਾ।

ਹਰੀ ਨੇ ਗੱਲ ਨੂੰ ਸਮਝ ਲਿਆ ਸੀ। ਉਸਦਾ ਯਕੀਨ ਸੀ ਕਿ ਇਹ ਨਹੀਂ ਹੋ ਸਕਦਾ ਜਾਂ ਪੈਰ ਘੁੰਮਾ ਲਵੋ ਤੇ ਜਾਂ ਹਵਾ ਵਿਚ ਛੇ ਲਿਖ ਲਵੋ। ਉਸਦੀਆਂ ਅੱਖਾਂ ਦੇ ਚਾਨਣ ਨੇ ਆਪਣੇ ਆਪ ਨੂੰ ਸਵਾਇਆ ਕਰ ਲਿਆ। ਸ਼ਾਇਦ ਉਹ ਚਾਹੁੰਦੀ ਸੀ ਕਿ ਕੋਈ ਉਸਨੂੰ ਯਕੀਨ ਦਵਾ ਦੇਵੇਂ।

"ਧੰਨਵਾਦ, ਤੂੰ ਦੁਬਾਰਾ ਟਰਾਈ ਨਹੀਂ ਕੀਤੀ। ਪਰ ਸੁਨੀਤਾ ਨੇ ਮੇਰੀ ਗੱਲ ਨਹੀਂ ਸੁਣੀ ਸੀ।"❑❑

[32, View Crest Circle, Etobicoke, Ont., Canada M9W 7G5]

ਸੁਪਨੇ ਜਿਉਂ ਸੰਸਾਰ

ਤ੍ਰਿਪਤਾ ਕ. ਸਿੰਘ

[ਤ੍ਰਿਪਤਾ ਕ. ਸਿੰਘ ਸੱਜਰੇ ਅਨੁਭਵ ਵਾਲੀ ਇਕ ਨਵੀ ਲੇਖਿਕਾ ਹੈ ਜਿਸ ਦੀਆਂ ਹਾਲੇ ਤਕ ਦੋ ਕਹਾਣੀਆਂ ਹੀ ਪ੍ਰਕਾਸ਼ਤ ਹੋਈਆਂ ਹਨ। ਪੇਸ਼ ਹੈ ਇਸ ਸੰਭਾਵਨਾ ਭਰਪੂਰ ਲੇਖਿਕਾ ਦੀ ਨਵੀਂ ਕਹਾਣੀ - ਸੰਪਾਦਕ]

ਬੱਸ ਚੜ੍ਹ ਕੇ ਮੈਂ ਆਪਣੇ ਲਈ ਸੀਟ ਦੀ ਭਾਲ ਕਰਨ ਲੱਗੀ। ਡਰਾਇਵਰ ਦੇ ਪਿੱਛੇ ਦੀਆਂ ਦੋ ਸੀਟਾਂ ਛੱਡ ਕੇ ਮੈਂ ਤੀਸਰੀ ਸੀਟ ਦੇ ਖਿੜਕੀ ਵਾਲੇ ਪਾਸੇ ਬੈਠ ਗਈ। ਮੈਨੂੰ ਹਮੇਸ਼ਾ ਹੀ ਬੱਸ ਦੀ ਖਿੜਕੀ ਵਾਲੀ ਸੀਟ 'ਤੇ ਬੈਠਣਾ ਹੀ ਚੰਗਾ ਲਗਦਾ ਹੈ। ਦਸ ਕੁ ਮਿੰਟਾਂ 'ਚ ਹੀ ਬੱਸ ਭਰ ਗਈ ਤੇ ਤੁਰ ਪਈ। ਮੈਂ ਆਪਣੇ ਨਾਲ ਬੈਠੀਆਂ ਸਵਾਰੀਆਂ ਤੇ ਬਾਕੀ ਸਵਾਰੀਆਂ 'ਤੇ ਇਕ ਸਰਸਰੀ ਜਿਹੀ ਨਿਗ੍ਹਾ ਮਾਰੀ ਤੇ ਫਿਰ ਆਪਣੀ ਸ਼ੀਸ਼ੇ ਦੀ ਬਾਰੀ ਪਿਛਾਂਹ ਸਰਕਾ ਕੇ ਬਾਹਰ ਤੱਕਣ ਲੱਗੀ।

ਬੱਸ ਹੌਲੀ ਹੌਲੀ ਸ਼ਹਿਰ ਦੇ ਭੀੜ ਭੜੱਕੇ ਨੂੰ ਪਿਛਾਂਹ ਛੱਡ ਕੇ ਮੇਨ ਰੋਡ 'ਤੇ ਪੈ ਗਈ ਸੀ। ਮੈਂ ਖਿੜਕੀ ਥਾਣੀਂ ਬਾਹਰ ਤੱਕ ਰਹੀ ਸਾਂ। ਇੰਝ ਜਾਪਦਾ ਜਿਵੇਂ ਸਾਰੇ ਰੁੱਖ ਬੂਟੇ ਆਪਣੇ ਮਹਿਬੂਬ ਨੂੰ ਮਿਲਣ ਲਈ ਬਿਹਬਲ ਕਿਸੇ ਖਾਸ ਮੰਜ਼ਿਲ ਵੱਲ ਭੱਜੇ ਜਾ ਰਹੇ ਹੋਣ। ਥੋੜ੍ਹੀ ਦੇਰ ਬਾਅਦ ਮੈਂ ਅੱਖਾਂ ਮੀਟ ਕੇ ਆਪਣਾ ਸਿਰ ਪਿਛਾਂਹ ਨੂੰ ਸੁੱਟ ਲਿਆ। ਕੱਲ ਦੀਆਂ ਗੱਲਾਂ ਮੇਰੇ ਦਿਮਾਗ਼ ਵਿਚ ਘੁੰਮ ਰਹੀਆਂ ਸਨ...।

ਨਕੋਦਰ ਵਾਲੇ ਫੁੱਫੜ ਜੀ ਨੇ ਕੁਝ ਦਿਨ ਪਹਿਲਾਂ ਮੇਰੇ ਲਈ ਕਿਸੇ ਮੁੰਡੇ ਦੀ ਦੱਸ ਪਾਈ ਸੀ। ਭਾਪਾ ਜੀ ਮੁੰਡੇ ਦੇ ਦਫਤਰ ਜਾ ਕੇ ਮੁੰਡਾ ਵੇਖ ਆਏ ਸਨ। ਹੁਣ ਫੁੱਫੜ ਜੀ ਉਨ੍ਹਾਂ ਤੋਂ ਹਾਂ-ਨਾਂਹ ਦਾ ਪਤਾ ਕਰਨ ਆਏ ਸਨ।

"ਗੱਲ ਸੁਰਜਣ ਸਿਆਂ ਐਂ ਆ, ਕਿ ਨੌਕਰੀ ਨੁਕਰੀ ਤਾਂ ਠੀਕ ਆ ਪਰ ਮੁੰਡੇ ਦਾ ਰੰਗ ਬਾਹਲਾ ਈ ਕਾਲਾ ਆ", ਭਾਪਾ ਜੀ ਨੇ ਜਿਵੇਂ ਗੱਲ ਮੁਕਾਉਂਦਿਆਂ ਆਖਿਆ ਸੀ।

"ਰੰਗ-ਰੁੰਗ ਨੂੰ ਕੀ ਆ, ਪੱਕੀ ਨੌਕਰੀ ਆ, ਛੋਟਾ ਪਰਿਵਾਰ ਆ, ਮੇਰੀ ਜਾਚੇ ਤਾਂ ਸਭ ਕੁਝ ਠੀਕ ਆ, ਕੁੜੀ ਸੁਖੀ ਰਹੂ, ਨਾਲੇ ਕੁੜੀ ਦੀ ਉਮਰ ਵੀ ਤਾਂ ਦੇਖ", ਫੁੱਫੜ ਜੀ ਨੇ ਪਿਤਾ ਜੀ ਨੂੰ ਸਮਝਾਉਂਦਿਆਂ ਕਿਹਾ।

"ਨਾ ਭਾਈ, ਮੈਂ ਜਾਣ ਬੁਝ ਕੇ ਆਪਣੀ ਸੋਨੇ ਵਰਗੀ ਕੁੜੀ ਨੂੰ ਖੂਹ 'ਚ ਧੱਕਾ ਨੀ ਦੇਣਾ", ਭਾਪਾ ਜੀ ਨੇ ਆਪਣਾ ਫੈਸਲਾ ਸੁਣਾ ਦਿੱਤਾ ਸੀ। ਨਾਲ ਦੇ ਕਮਰੇ 'ਚ ਬੈਠੀ ਨੂੰ ਮੈਨੂੰ ਉਹਨਾਂ ਦੀ ਸਾਰੀ ਗੱਲਬਾਤ ਸਾਫ ਸੁਣਾਈ ਦੇ ਰਹੀ ਸੀ। ਮੈਨੂੰ ਭਾਪਾ ਜੀ ਦੇ ਫੈਸਲੇ 'ਤੇ ਬਹੁਤ ਗੁੱਸਾ ਚੜ੍ਹਿਆ ਪਰ ਮੈਂ ਆਪਣਾ ਗੁੱਸਾ ਅੰਦਰ ਈ ਨੱਪ ਲਿਆ। ਮੈਨੂੰ ਲੱਗਾ ਜਿਵੇਂ ਮੈਂ ਭਾਪਾ ਜੀ ਦੀ ਸੋਨੇ ਵਰਗੀ ਕੁੜੀ ਨਾ ਹੋ ਕੇ ਸੋਨੇ ਦਾ ਅੰਡਾ ਦੇਣ ਵਾਲੀ ਕੁਕੜੀ ਹੋਵਾਂ। ਸ਼ਾਇਦ ਹਰ ਮਹੀਨੇ ਮੇਰੀ ਤਨਖਾਹ ਦੀ ਮੋਟੀ ਰਾਸ਼ੀ ਦੇ ਖੁੱਸ ਜਾਣ ਦਾ ਡਰ ਹੀ ਭਾਪਾ ਜੀ ਕੋਲੋਂ ਹਰ ਵਾਰ ਨਾਂਹ ਕਰਵਾ ਦਿੰਦਾ ਸੀ।

"ਉਸ ਕਾਲੇ ਕਲੂਟੇ ਨਾਲ ਉਮਰ ਮੈਂ ਕੱਟਣੀ ਆ, ਇਕ ਵਾਰ ਮੈਨੂੰ ਵੀ ਪੁੱਛ ਲਉ", ਮੈਂ ਇਹ ਸਭ ਕੁਝ ਕਹਿਣਾ ਚਾਹੁੰਦੀ ਸਾਂ, ਪਰ ਕਹਿ ਨਹੀਂ ਸਕੀ। ਬੀਬੀਆਂ ਧੀਆਂ ਮਾਪਿਆਂ ਦੇ ਫੈਸਲੇ ਨਹੀਂ ਉਲੱਦਦੀਆਂ। ਇਹੀ ਸਿੱਖਿਆ ਮਿਲੀ ਸੀ ਬਚਪਨ ਤੋਂ। ਮਾਂ ਜੀਉਂਦੀ ਹੁੰਦੀ ਤਾਂ ਹੋਰ ਗੱਲ ਸੀ। ਉਹ ਕਦੇ ਵੀ ਮੇਰੇ ਤੋਂ ਪੰਜ ਸਾਲ ਛੋਟੇ ਸੱਤੇ ਦਾ ਵਿਆਹ ਮੇਰੇ ਤੋਂ ਪਹਿਲਾਂ ਨਾ ਹੋਣ ਦਿੰਦੀ। ਪਰ ਮਾਂ ਦੇ ਅੱਖਾਂ ਮੀਟਦਿਆਂ ਹੀ ਰੋਟੀ ਤੋਂ ਤੰਗੀ ਦਾ ਬਹਾਨਾ ਲਾ ਕੇ ਭਾਪਾ ਜੀ ਨੇ ਬੇਰੋਜ਼ਗਾਰ ਸੱਤੇ ਦਾ ਵਿਆਹ ਕਰ ਦਿੱਤਾ ਸੀ। ਮੇਰੀ ਪੋਸਟਿੰਗ ਦੂਰ ਹੋਣ ਕਰਕੇ ਮੈ ਉੱਥੇ ਹੀ ਕਿਰਾਏ ਦੇ ਕਮਰੇ ਵਿਚ ਰਹਿੰਦੀ ਸਾਂ ਤੇ ਕਿਤੇ ਮਹੀਨੇ ਪੰਦਰ੍ਹੀਂ ਦਿਨੀਂ ਪਿੰਡ ਚੱਕਰ ਲਗਦਾ ਸੀ...। ਕਿਸੇ ਛੋਟੇ ਜਿਹੇ ਅੱਡੇ 'ਤੇ ਬੱਸ ਰੁਕੀ ਤਾਂ ਮੈਂ ਆਪਣੀਆਂ ਸੋਚਾਂ ਤੋਂ ਬਾਹਰ ਆਈ।

ਮੈਨੂੰ ਆਪਣੀ ਖੱਬੀ ਵੱਖੀ ਵਿਚ ਕੁਝ ਚੁਭਦਾ ਜਿਹਾ ਮਹਿਸੂਸ ਹੋਇਆ। ਆਪਣੇ ਨਾਲ ਬੈਠੀ ਸਵਾਰੀ ਵੱਲ ਤੱਕਿਆ। ਕੋਈ ਅਠਾਈ ਤੀਹ ਸਾਲ ਦਾ ਮੁੰਡਾ ਆਪਣੇ ਹੱਥ ਕਰਾਸ ਕਰਕੇ

ਬੈਠਾ ਸੀ। ਇਹ ਉਸ ਦੀ ਸੱਜੀ ਬਾਂਹ ਦੀ ਕੂਹਣੀ ਸੀ ਜੋ ਮੇਰੀ ਖੱਬੀ ਵੱਖੀ ਵਿਚ ਖੁਭ ਰਹੀ ਸੀ। ਆਸਮਾਨੀ ਰੰਗ ਦੀ ਜੀਨ ਤੇ ਦੁੱਧ ਚਿੱਟੀ ਟੀ ਸ਼ਰਟ ਵਿਚ ਸਾਵਲੇ ਜਿਹੇ ਰੰਗ ਦਾ ਉਹ ਮੁੰਡਾ ਆਕਰਸ਼ਕ ਨਜ਼ਰ ਆ ਰਿਹਾ ਸੀ। ਉਸਦੇ ਪੱਟਾਂ 'ਤੇ ਕਾਲੇ ਰੰਗ ਦਾ ਇਕ ਛੋਟਾ ਜਿਹਾ ਬੈਗ ਪਿਆ ਸੀ, ਜਿਸ ਨੂੰ ਉਹ ਬਾਰ-ਬਾਰ ਅੱਗੇ ਪਿੱਛੇ ਕਰ ਰਿਹਾ ਸੀ। ਮੈਂ ਥੋੜ੍ਹਾ ਬਹੁਤ ਹਿੱਲ ਜੁੱਲ ਕੇ ਫਿਰ ਸੈੱਟ ਹੋ ਕੇ ਬੈਠ ਗਈ ਤੇ ਮੁੜ ਅਪਣੀਆਂ ਅੱਖਾਂ ਬੰਦ ਕਰ ਲਈਆਂ।

ਦਸ ਕੁ ਮਿੰਟ ਬੀਤੇ ਹੋਣਗੇ ਨਾਲ ਬੈਠੇ ਉਸ ਮੁੰਡੇ ਦੀਆਂ ਉਂਗਲਾਂ ਚੇ ਪੋਟੇ ਮੈਨੂੰ ਆਪਣੀ ਵੱਖੀ 'ਤੇ ਸਰਕਦੇ ਮਹਿਸੂਸ ਹੋਏ। ਮੈਂ ਥੋੜ੍ਹਾ ਜਿਹਾ ਹਿੱਲੀ ਤੇ ਉਸ ਵੱਲ ਕੌੜਾ ਜਿਹਾ ਝਾਕੀ ਪਰ ਉਹ ਅਨਜਾਣ ਬਣਨ ਦਾ ਨਾਟਕ ਕਰਦਾ ਹੋਇਆ ਕਿਧਰੇ ਹੋਰ ਤੱਕ ਰਿਹਾ ਸੀ। ਉਸ ਨੇ ਆਪਣੀਆਂ ਬਾਹਵਾਂ ਇਸ ਤਰ੍ਹਾਂ ਕਰਾਸ ਕੀਤੀਆਂ ਹੋਈਆਂ ਸਨ ਕਿ ਉਪਰੋਂ ਦੇਖਣ ਤੋਂ ਉਸਦੀ ਇਸ ਕਾਰਸਤਾਨੀ ਦਾ ਪਤਾ ਨਹੀਂ ਸੀ ਲੱਗ ਸਕਦਾ।

ਥੋੜ੍ਹੀ ਦੇਰ ਬਾਅਦ ਉਸ ਦੀਆਂ ਉਂਗਲਾਂ ਫੇਰ ਹਰਕਤ ਵਿਚ ਆ ਗਈਆਂ। ਹੁਣ ਉਸ ਦੀਆਂ ਉਂਗਲਾਂ ਮੇਰੇ ਪੱਟ 'ਤੇ ਫਿਰ ਰਹੀਆਂ ਸਨ।

ਬਜਾਏ ਇਸਦੇ ਕਿ ਮੈਂ ਉਸ ਨੂੰ ਉਸ ਦੀ ਇਸ ਹਰਕਤ ਲਈ ਝਿੜਕਾਂ, ਪਤਾ ਨਹੀਂ ਕਦੋਂ ਤੇ ਕਿਉਂ ਮੈਨੂੰ ਉਸ ਦੀ ਇਹ ਛੋਹ ਮਖਮਲੀ ਜਿਹੀ ਲੱਗਣ ਲੱਗ ਪਈ। ਮੈਂ ਅਡੋਲ ਉਸੇ ਤਰ੍ਹਾਂ ਅੱਖਾਂ ਬੰਦ ਕਰਕੇ ਬਿਨਾਂ ਕਿਸੇ ਹਿੱਲ ਜੁੱਲ ਤੋਂ ਬੈਠੀ ਰਹੀ। ਹੁਣ ਪਤਾ ਨਹੀਂ ਕਿਉਂ ਮੈਂ ਨਹੀਂ ਸਾਂ ਚਾਹੁੰਦੀ ਕਿ ਮੇਰੇ ਹਿੱਲਣ ਜੁੱਲਣ ਨਾਲ ਉਸ ਦੀ ਇਸ ਕਾਰਵਾਈ 'ਚ ਕੋਈ ਵਿਘਨ ਪਵੇ। ਮੈਨੂੰ ਆਪਣੇ ਇਸ ਵਤੀਰੇ 'ਤੇ ਖੁਦ ਨੂੰ ਹੈਰਾਨੀ ਹੋ ਰਹੀ ਸੀ। ਕਾਲਿਜ ਦੇ ਸ਼ੁਰੂਆਤੀ ਦਿਨਾਂ 'ਚ ਜੇ ਕਿਸੇ ਨੇ ਬੱਸ ਵਿਚ ਮਾੜੀ ਜਿਹੀ ਕੋਈ ਹਰਕਤ ਕਰਨੀ ਤਾਂ ਉਸ ਨੂੰ ਥੱਪੜ ਮਾਰਨ ਤਕ ਵੀ ਗੱਲ ਪਹੁੰਚ ਜਾਂਦੀ ਸੀ। ਪਰ ਅੱਜ ਏਨੇ ਸਾਲਾਂ ਬਾਅਦ ਪਤਾ ਨਹੀਂ ਮਨ ਦੇ ਹਾਲਾਤ ਉਲਟ ਕਿਉਂ ਹੋ ਗਏ ਸਨ। ਇਹ ਸਭ ਕੁਝ ਕੀ ਹੈ ਤੇ ਕਿਉਂ ਹੈ ਮੇਰੀ ਸਮਝ ਤੋਂ ਪਰੇ ਸੀ। ਮੈਂ ਇਕ ਅਦਭੁਤ ਜਿਹੇ ਭਾਵ ਨਾਲ ਭਰ ਗਈ ਸੀ। ਉਸ ਦੀ ਇਸ ਛੋਹ ਨੇ ਮੇਰੇ ਤਨ ਦੀ ਵੀਣਾ ਦੇ ਸੁੱਤੇ ਹੋਏ ਤਾਰ ਹਿਲਾ ਦਿੱਤੇ ਸਨ। ਮੈਨੂੰ ਮਹਿਸੂਸ ਹੋਇਆ ਕਿ ਮੈਂ ਤਾਂ ਸ਼ਾਇਦ ਜਨਮਾਂ ਤੋਂ ਇਸ ਛੋਹ ਲਈ ਸਹਿਕ ਰਹੀ ਸਾਂ। ਬੰਦ ਪਲਕਾਂ ਹੇਠ ਮੇਰੀਆਂ ਅੱਖਾਂ ਜਗ ਰਹੀਆਂ ਸਨ। ਮੈਂ ਸੋਚ ਰਹੀ ਸਾਂ ਕਿ ਇਹ ਸਫਰ ਮੇਰੀ ਉਮਰ ਜਿੰਨਾ ਲੰਮਾ ਹੋ ਜਾਵੇ।

ਬੱਸ ਇਕ ਝਟਕੇ ਨਾਲ ਰੁਕੀ ਤਾਂ ਮੈਂ ਅੱਖਾਂ ਖੋਲ੍ਹ ਕੇ ਆਸੇ ਪਾਸੇ ਝਾਤੀ ਮਾਰੀ ਤੇ ਇੰਝ ਪ੍ਰਗਟਾਵਾ ਕੀਤਾ ਜਿਵੇਂ ਹੁਣੇ ਈ ਨੀਂਦ ਤੋਂ ਉੱਠੀ ਹੋਵਾਂ। ਬੱਸ ਵਿਚੋਂ ਇਕ ਸਵਾਰੀ ਉੱਤਰੀ ਤੇ ਦੋ ਹੋਰ ਚੜ੍ਹ ਗਈਆਂ ਸਨ। ਉਤਰਨ ਵਾਲੀ ਸਵਾਰੀ ਸਾਡੀ ਹੀ ਸੀਟ ਦੀ ਤੀਜੀ ਸਵਾਰੀ ਸੀ। ਦੋ ਸਕੂਲੀ ਮੁੰਡੇ ਉਸ ਖਾਲੀ ਸੀਟ 'ਤੇ ਅੱਗੜ ਪਿੱਛੜ ਹੋ ਕੇ ਐਡਜਸਟ ਹੋ ਗਏ ਸਨ। ਤਿੰਨ ਵਾਲੀ ਸੀਟ 'ਤੇ ਚਾਰ ਜਣਿਆਂ ਦੇ ਬੈਠਣ ਨਾਲ ਅਸੀਂ ਥੋੜ੍ਹਾ ਤੰਗ ਹੋ ਗਏ ਸਾਂ। ਮੇਰੇ ਨਾਲ ਬੈਠਾ ਮੁੰਡਾ ਮਜਬੂਰੀ ਵੱਸ ਕਹੋ ਜਾਂ ਖੁਸ਼ੀ ਨਾਲ ਥੋੜ੍ਹਾ ਜਿਹਾ ਹੋਰ ਮੇਰੇ ਵੱਲ ਸਰਕ ਗਿਆ ਸੀ। ਬੱਸ ਹੁਣ ਫਿਰ ਚੱਲ ਪਈ ਸੀ।

ਦੋ ਕੁ ਮਿੰਟ ਪਿੱਛੋਂ ਮੈਂ ਆਪਣੀਆਂ ਅੱਖਾਂ ਮੀਟ ਕੇ ਸਿਰ ਪਿਛਾਂਹ ਨੂੰ ਸੁੱਟ ਲਿਆ ਸੀ। ਹੁਣ ਮੇਰੇ ਨਾਲ ਬੈਠੇ ਮੁੰਡੇ ਦਾ ਹੌਂਸਲਾ ਸ਼ਾਇਦ ਥੋੜ੍ਹਾ ਹੋਰ ਖੁੱਲ੍ਹ ਗਿਆ ਸੀ। ਉਸ ਦੀਆਂ ਉਂਗਲਾਂ ਦੇ ਪੋਟਿਆਂ ਦੀ ਜਿੱਥੋਂ ਤਕ ਪਹੁੰਚ ਸੀ ਉਹ ਮੇਰੇ ਜਿਸਮ ਦੇ ਖੱਬੇ ਪਾਸੇ ਦੀ ਪਰਿਕਰਮਾ ਕਰ ਰਹੇ ਸਨ।

ਮੇਰੇ ਅੰਦਰਲੀ ਔਰਤ ਨੇ ਸਿਰ ਚੁੱਕਿਆ ਤੇ ਮੈਨੂੰ ਲਾਹਣਤ ਪਾਈ। ਮੈਂ ਥੋੜ੍ਹਾ ਅਗਾਂਹ ਸਰਕ ਕੇ ਉਸ ਮੁੰਡੇ ਵੱਲ ਗੁੱਸੇ ਨਾਲ ਤੱਕਿਆ।

" ਭਾਈ ਸਾਹਬ, ਥੋੜ੍ਹਾ ਠੀਕ ਤਰ੍ਹਾਂ ਬੈਠੋ", ਮੈਂ ਬਣਾਉਟੀ ਗੁੱਸੇ ਨਾਲ ਕਿਹਾ ਤੇ ਆਪਣੇ ਇਸ ਕਥਨ 'ਤੇ ਮੈਨੂੰ ਮਨ ਹੀ ਮਨ ਹਾਸਾ ਆ ਗਿਆ। ਉਹ ਥੋੜ੍ਹਾ ਜਿਹਾ ਹਿੱਲਿਆ ਪਰ ਰਿਹਾ ਉੱਥੇ ਦਾ ਉੱਥੇ। ਪਰ ਮੈਂ ਵੀ ਕਿਹੜਾ ਦਿਲੋਂ ਚਾਹੁੰਦੀ ਸਾਂ ਕਿ ਉਹ ਠੀਕ ਤਰ੍ਹਾਂ ਬੈਠੇ।

ਲਗਪਗ ਦੋ ਘੰਟੇ ਦੇ ਸਫਰ ਤੋਂ ਬਾਅਦ ਬੱਸ ਸਟੈਂਡ 'ਤੇ ਆ ਕੇ ਰੁਕੀ ਸੀ। ਬੱਸ ਦੇ ਰੁਕਦਿਆਂ ਹੀ ਉਹ ਮੁੰਡਾ ਤੇਜ਼ੀ ਨਾਲ ਬੱਸ 'ਚੋਂ ਉਤਰ ਕੇ ਛੂਹ ਮੰਤਰ ਹੋ ਗਿਆ ਸੀ।

ਮੈਂ ਭੀੜ ਘੱਟ ਹੋਣ ਤੋਂ ਬਾਅਦ ਉੱਤਰੀ ਸਾਂ। ਬਾਹਰ ਤੇਜ਼ ਧੁੱਪ ਸੀ। ਮੈਂ ਆਟੋ ਲਿਆ ਤੇ ਘਰ ਪਹੁੰਚ ਗਈ। ਆਟੋ 'ਤੇ ਬੈਠਣ ਤੋਂ ਲੈ ਕੇ ਘਰ ਪਹੁੰਚਣ ਤਕ ਸਾਰੇ ਰਾਹ ਮੈਂ ਆਪਣੇ ਬੱਸ ਸਫਰ ਬਾਰੇ ਸੋਚਦੀ ਰਹੀ। ਇਕ ਖਾਸ ਕਿਸਮ ਦਾ ਵੇਗ ਮੇਰੇ ਜਿਸਮ 'ਚ ਲਹਿਰਾ ਰਿਹਾ ਸੀ।

ਆਪਣੇ ਕਮਰੇ ਵਿਚ ਪਹੁੰਚ ਕੇ ਸਭ ਤੋਂ ਪਹਿਲਾਂ ਮੈਂ ਦਰਵਾਜ਼ੇ ਦੀ ਚਿਟਕਣੀ ਬੰਦ ਕੀਤੀ, ਪੱਖੇ ਦਾ ਸਵਿਚ ਆਨ ਕੀਤਾ ਤੇ ਫਿਰ ਇਕ ਗਲਾਸ ਪਾਣੀ ਪੀਤਾ। ਹੁਣ ਮੈਂ ਬੈੱਡ 'ਤੇ ਬੈਠ ਕੇ ਆਪਣੇ ਜੂੜੇ ਵਿਚੋਂ ਇਕ-ਇਕ ਕਰਕੇ ਪਿੰਨਾਂ ਕੱਢਦੀ ਹਾਂ ਤੇ ਫਿਰ ਵਾਲਾਂ ਨੂੰ ਖੋਲ੍ਹ ਕੇ ਆਪਣੀਆਂ ਉਂਗਲਾਂ ਹੌਲੀ-ਹੌਲੀ ਵਾਲਾਂ ਵਿੱਚ ਘੁਮਾਉਂਦੀ ਹਾਂ। ਹਵਾ ਮੇਰੇ ਵਾਲਾਂ ਦੀਆਂ ਜੜ੍ਹਾਂ ਵਿਚ ਪਹੁੰਚ ਕੇ ਠੰਡਕ ਦਾ ਅਹਿਸਾਸ ਕਰਵਾਉਂਦੀ ਹੈ,ਪਰ ਮੇਰਾ ਜਿਸਮ ਤਪ ਰਿਹਾ ਹੈ। ਮੈਂ ਵਾਲਾਂ ਦਾ ਪੋਲਾ ਜਿਹਾ ਜੂੜਾ ਕਰਦੀ ਹਾਂ ਤੇ ਆਪਣਾ ਬਾਥਿੰਗ ਗਾਊਨ ਚੁੱਕ ਕੇ ਬਾਥਰੂਮ 'ਚ ਜਾ ਵੜਦੀ ਹਾਂ। ਕਿੰਨੀ ਦੇਰ ਮੈਂ ਠੰਡੇ ਪਾਣੀ ਦੇ ਮੱਗ ਭਰ ਭਰ ਆਪਣੀ ਦੇਹ 'ਤੇ ਪਾ ਪਾ ਉਸ ਨੂੰ ਠਾਰਦੀ ਰਹੀ। ਫਿਰ ਬਾਥਿੰਗ ਗਾਊਨ ਪਾ ਕੇ ਪੱਖੇ ਥੱਲੇ ਆ ਕੇ ਲੇਟ ਗਈ। ਗਰਮੀ ਦਾ ਅਹਿਸਾਸ ਥੋੜ੍ਹਾ ਘਟ ਗਿਆ ਸੀ।

ਅੱਖਾਂ ਮੀਟ ਕੇ ਮੈਂ ਕੁਝ ਦੇਰ ਲੇਟੀ ਰਹੀ। ਫਿਰ ਪਤਾ ਨਹੀ ਮੈਂ ਸੌਂ ਗਈ ਸਾਂ ਕਿ ਅਰਧ ਚੇਤਨ ਅਵਸਥਾ ਵਿਚ ਸਾਂ। ਮੈਂ ਖੁੱਲ੍ਹਾ ਨੀਲਾ ਆਕਾਸ਼ ਤੱਕਿਆ। ਉਸ ਨੀਲੇ ਆਕਾਸ਼ ਵਿਚ ਇਕ ਦੁੱਧ ਚਿੱਟਾ ਬੱਦਲ ਤੱਕਿਆ ਤੇ ਫਿਰ ਉਸ ਦੁੱਧ ਚਿੱਟੇ ਬੱਦਲ ਦੀ ਵੱਖੀ 'ਚੋਂ ਇਕ ਛੋਟਾ ਜਿਹਾ ਕਾਲਾ ਬੱਦਲ ਤੱਕਿਆ ਜਿਹੜਾ ਵਰ੍ਹਣ ਲਈ ਤਿਆਰ ਬਰ ਤਿਆਰ ਬੈਠਾ ਸੀ। ਫਿਰ ਨੀਲਾ ਆਕਾਸ਼ ਦੁੱਧ ਚਿੱਟਾ ਬੱਦਲ ਤੇ ਕਾਲਾ ਬੱਦਲ ਆਪਸ ਵਿਚ ਇੰਝ ਰਲ ਗੱਡ ਹੋ ਗਏ ਕਿ ਉਨ੍ਹਾਂ ਨੇ ਇਕ ਮਨੁੱਖੀ ਰੂਪ ਧਾਰਣ ਕਰ ਲਿਆ। ਫਿਰ ਉਸ ਮਨੁੱਖੀ ਆਕਾਰ ਵਿਚੋਂ ਸਾਂਵਲੇ ਜਿਹੇ ਰੰਗ ਦੇ ਹੱਥ ਮੈਨੂੰ ਆਪਣੇ ਵੱਲ ਵਧਦੇ ਪ੍ਰਤੀਤ ਹੋਏ। ਹੌਲੀ-ਹੌਲੀ ਇਨ੍ਹਾਂ ਹੱਥ ਦੀਆਂ ਉਂਗਲਾਂ ਦੇ ਪੋਟੇ ਮੇਰੇ ਮੱਥੇ ਤੇ ਚਿਹਰੇ 'ਤੇ ਫੈਲ ਗਏ। ਇਨ੍ਹਾਂ ਹੱਥਾਂ ਦੀ ਛੋਹ ਨਾਲ ਮੈਨੂੰ ਇੰਝ ਲੱਗਾ ਜਿਵੇਂ ਮੇਰੇ ਮੱਥੇ 'ਚੋਂ ਕੋਈ ਲਾਵਾ ਫੁੱਟ ਕੇ ਮੇਰੇ ਸਾਰੇ ਜਿਸਮ 'ਤੇ ਫੈਲ ਗਿਆ ਹੋਵੇ। ਮੇਰੀਆਂ ਅੱਖਾਂ ਬੰਦ ਹੋ ਗਈਆਂ ਤੇ ਬੁੱਲ੍ਹ ਅੱਧ ਖੁੱਲ੍ਹੇ ਸਨ। ਹੁਣ ਇਨ੍ਹਾਂ ਹੱਥਾਂ ਦੀ ਮਖਮਲੀ ਰੇਸ਼ਮੀ ਛੋਹ ਦਾ ਸਫਰ ਮੇਰੇ ਚਿਹਰੇ ਤੋਂ ਮੇਰੀ ਗਰਦਨ ਤੇ ਫਿਰ ਹੋਰ ਹੇਠਾਂ ਵੱਲ ਨੂੰ ਸ਼ੁਰੂ ਹੋ ਗਿਆ। ਇਹਨਾਂ ਹੱਥਾਂ ਦੀਆਂ ਉਂਗਲਾਂ ਰੂਪੀ ਬੁਰਸ਼ ਨੇ ਮੇਰੇ ਜਿਸਮ ਦੇ ਕੈਨਵਸ 'ਤੇ ਚਿੱਤਰਕਾਰੀ ਸ਼ੁਰੂ ਕਰ ਦਿੱਤੀ। ਮੈਂ ਇਕ ਅਦਭੁੱਤ ਸੰਸਾਰ ਵਿਚ ਵਿਚਰ ਰਹੀ ਸਾਂ। ਮੈਨੂੰ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਇਨ੍ਹਾਂ ਹੱਥਾਂ ਦੀਆਂ ਉਂਗਲੀਆਂ ਦੇ ਪੋਟਿਆਂ 'ਚੋਂ ਕੋਈ ਅਦਭੁੱਤ ਰਸ ਨਿਕਲ ਕੇ ਮੇਰੇ ਰੋਮ-ਰੋਮ ਵਿਚ ਸਮਾ ਰਿਹਾ ਹੋਵੇ। ਫਿਰ ਮੈਨੂੰ ਜਾਪਿਆ ਜਿਵੇਂ ਮੇਰੀਆਂ ਰਗਾਂ ਵਿਚਲੇ ਲਹੂ ਦਾ ਵਹਾਅ ਇਕਦਮ ਤੇਜ਼ ਹੋ ਗਿਆ ਸੀ। ਫਿਰ ਉਹ ਮਨੁੱਖੀ ਆਕਾਰ ਇਕ ਦਮ ਮੇਰੇ ਸਾਰੇ ਵਜੂਦ 'ਤੇ ਛਾ ਗਿਆ। ਮੈਨੂੰ ਆਪਣੇ ਸਾਹ ਕਿਸੇ ਡੂੰਘੇ ਖੂਹ 'ਚੋਂ ਆਉਂਦੇ ਪ੍ਰਤੀਤ ਹੋ ਰਹੇ ਸਨ। ਫਿਰ ਇਕ ਸਮਾਂ ਅਜਿਹਾ ਆਇਆ ਜਦੋਂ ਮੈਨੂੰ ਲੱਗਾ ਕਿ ਜਿਵੇਂ ਮੈਂ ਕਿਸੇ ਮਹਾਂ ਆਨੰਦ ਦੀ ਪਉੜੀ ਦੇ ਸਿਖਰਲੇ ਡੰਡੇ 'ਤੇ ਬੈਠੀ ਹੋਵਾਂ। ਮੇਰੇ ਆਲੇ ਦੁਆਲੇ ਦੀ ਹਵਾ ਮਹਿਕ ਰਹੀ ਸੀ।

ਪਤਾ ਨਹੀਂ ਮੈਂ ਇਸ ਅਵਸਥਾ ਵਿਚ ਕਿੰਨੀ ਦੇਰ ਰਹੀ ਸਾਂ। ਜਦ ਮੇਰੀਆਂ ਅੱਖਾਂ ਖੁੱਲ੍ਹੀਆਂ ਤਾਂ ਆਪਣੇ ਆਪ ਵੱਲ ਵੇਖ ਕੇ ਮੈਂ ਇਕਦਮ ਤ੍ਰਭਕ ਗਈ। ਮੇਰੇ ਬਾਥਿੰਗ ਗਾਊਨ ਦੀ ਬੈਲਟ ਦਾ ਇਕ ਸਿਰਾ ਬੈੱਡ ਤੋਂ ਹੇਠਾਂ ਲਮਕ ਰਿਹਾ ਸੀ ਤੇ ਦੂਸਰਾ ਸਿਰਾ ਇਕੱਠਾ ਹੋ ਕੇ ਮੇਰੇ ਆਪਣੇ ਹੇਠਾਂ ਆਇਆ ਹੋਇਆ ਸੀ। ਸ਼ਾਇਦ ਮੈਂ ਬੈਲਟ ਬੰਨ੍ਹਣਾ ਭੁੱਲ ਗਈ ਸਾਂ। ਮੇਰਾ ਇਕ ਹੱਥ ਮੇਰੀ ਛਾਤੀ ਤੇ ਦੂਜਾ ਪੇਟ ਤੋਂ ਕੁਝ ਹੇਠਾਂ ਪਿਆ ਸੀ।

ਮੈਂ ਗਾਊਨ ਨੂੰ ਸਮੇਟਦਿਆਂ ਇਕ ਦਮ ਇੰਝ ਉੱਠੀ ਜਿਵੇਂ ਕਿਸੇ ਨੇ ਮੈਨੂੰ ਕੋਈ ਅਪਰਾਧ ਕਰਦਿਆਂ ਰੰਗੇ ਹੱਥੀਂ ਫੜ ਲਿਆ ਹੋਵੇ। ਮੈਂ ਦਰਵਾਜ਼ੇ ਵੱਲ ਨਿਗਾਹ ਮਾਰੀ, ਚਿਟਕਣੀ ਬੰਦ ਸੀ। ਮੈਂ ਇਕ ਸੁਖਾਵਾਂ ਤੇ ਲੰਬਾ ਸਾਹ ਲਿਆ। ਘੜੀ ਵੱਲ ਨਿਗਾਹ ਮਾਰੀ, ਸ਼ਾਮ ਦੇ ਛੇ ਵਜਾ ਰਹੀ ਸੀ। ਮੇਰੀਆਂ ਪਲਕਾਂ ਬੋਝਲ ਸਨ ਪਰ ਜਿਸਮ ਫੁੱਲ ਵਾਂਗ ਹਲਕਾ ਸੀ। ਮੈਨੂੰ ਇੰਝ ਲੱਗਾ ਜਿਵੇਂ ਆਪਣੇ ਸੁਪਨ ਸੰਸਾਰ ਦੁਆਰਾ ਮੈਂ ਠੱਗੀ ਗਈ ਹੋਵਾਂ।□□

[tripta_k_singh@yahoo.com]

ਫ਼ਲ ਫ਼ਰੂਟਾਂ ਦੇ ਜਾਏ

ਬਲਜੀਤ ਬਾਸੀ

ਬਲਜੀਤ ਬਾਸੀ ਇਕ ਬਹੁਤ ਤੀਖਣਬੁੱਧ ਅਤੇ ਪ੍ਰਤਿਭਾਵਾਨ ਵਿਅਕਤੀ ਹੈ ਜੋ ਸ਼ੁਰੂ ਦੇ ਵਰ੍ਹਿਆਂ ਵਿਚ 'ਸਿਰਜਣਾ' ਨਾਲ ਬਹੁਤ ਨੇੜਿਉਂ ਜੁੜਿਆ ਰਿਹਾ। 'ਸਿਰਜਣਾ' ਦੇ ਪੁਰਾਣੇ ਪਾਠਕਾਂ ਦੇ ਉਹ ਜ਼ਰੂਰ ਚੇਤੇ ਵਿਚ ਹੋਵੇਗਾ। ਫਿਰ ਪਤਾ ਨਹੀਂ ਕਿਉਂ ਉਸ ਨੇ ਰਚਨਾਤਮਕਤਾ ਵੱਲੋਂ ਪਿੱਠ ਮੋੜ ਲਈ ਤੇ ਗੁੰਮਨਾਮੀ ਵਿਚ ਚਲਾ ਗਿਆ। ਇਕ ਲੰਮੇ ਵਕਫੇ ਪਿੱਛੋਂ ਉਸਨੇ ਮੁੜ ਕਲਮ ਚੁੱਕੀ ਹੈ। ਅੱਜ ਕੱਲ੍ਹ ਅਮਰੀਕਾ ਵਿਚ ਪਰਵਾਸੀ ਬਣ ਕੇ ਰਹਿ ਰਹੇ ਇਸ ਪ੍ਰਤਿਭਾਸ਼ੀਲ ਸਿਰਜਕ ਤੇ ਚਿੰਤਕ ਵੱਲੋਂ ਆਪਣੀ ਚੁੱਪ ਤੋੜਨ ਉੱਤੇ ਅਸੀਂ ਖੁਸ਼ੀ ਦਾ ਇਜ਼ਹਾਰ ਕਰਦੇ ਹਾਂ। ਪੇਸ਼ ਹੈ ਬਦਲਦੇ ਆਰਥਿਕ ਸਭਿਆਚਾਰਕ ਪਰਿਵੇਸ਼ ਬਾਰੇ ਸੂਖਮ ਹਾਸਰਸ ਵਿਚ ਗੁੰਨ੍ਹੀ ਉਸਦੀ ਸੱਜਰੀ ਰਚਨਾ। – ਸੰਪਾਦਕ

ਡਾਇਨਿੰਗ ਟੇਬਲ 'ਤੇ ਪਏ ਫਰੂਟ ਬੇਹੇ ਤੋਂ ਬੇਹੇ ਹੋ ਰਹੇ ਹਨ । ਕੁਝ ਤਾਂ ਗਲਣ ਲੱਗੇ ਹਨ। ਕੇਲਿਆਂ ਵਿਚ ਕਾਲੋਂ ਧੱਸਣ ਲੱਗੀ ਹੈ ਤੇ ਸੇਬਾਂ ਵਿਚ ਭੂਰੇ ਰੰਗ ਦੀਆਂ ਟਾਕੀਆਂ। ਅੰਗੂਰ ਢਿੱਲੇ ਪੈ ਗਏ ਹਨ ਤੇ ਸੰਤਰੇ ਪਿਚਕਣ ਲੱਗੇ ਹਨ। ਵਿਚ ਲੁਕੇ ਦੱਬੇ ਕੁਚਲੇ ਫਲਾਂ ਦਾ ਪਤਾ ਨਹੀਂ ਕੀ ਬਣਿਆ ਹੋਵੇਗਾ । ਚਾਅ ਨਾਲ ਲਿਆਂਦੇ ਇਹ ਫਲ ਫਰੂਟ ਹੁਣ ਕਮਰੇ ਵਿਚ ਭਿੰਨੀ ਭਿੰਨੀ ਵਾਸ਼ਨਾਂ ਦੀ ਥਾਂ ਮੰਦ ਮੰਦ ਮੁਸ਼ਕ ਛੱਡਣ ਲੱਗੇ ਹਨ । ਅਗਲਾ ਪੜਾਉ ਸੜਿਆਂਦ ਦਾ ਹੈ। ਮਨ ਬਣਾਉਂਦਾ ਹਾਂ ਬਾਹਰ ਜਾਕੇ ਡੰਪਸਟਰ ਵਿਚ ਸੁੱਟ ਆਵਾਂ। ਆਖਰ ਕਿੰਨਾ ਚਿਰ ਖਾਧੇ ਜਾਣ ਦੀ ਉਡੀਕ ਕਰਨਗੇ, ਹਫ਼ਤਾ ਤਾਂ ਹੋ ਗਿਆ ਇੰਝ ਮਸਤ ਪਿਆਂ ਨੂੰ ।

ਅਕਸਰ ਇਵੇਂ ਹੀ ਹੁੰਦਾ ਹੈ। ਆਮ ਜਾਣੇ ਜਾਂਦੇ ਫਲਾਂ ਤੋਂ ਬਿਨਾਂ ਆਏ ਦਿਨ ਅਸੀਂ ਜਹਾਨ ਭਰ ਦੇ ਭਾਂਤ ਸੁਭਾਂਤੇ ਫਲ ਜਿਵੇਂ ਨੈਕਟਰੀਨ, ਕਿਵੀ, ਗਰੇਪਫਰੂਟ, ਲੋਗਾਨ, ਐਵੋਕੈਡੋ, ਸਟਰਾਬੈਰੀ, ਏਸ਼ੀਅਨ ਪੀਅਰ ਆਦਿ ਲਿਆ ਲਿਆਕੇ ਇਨ੍ਹਾਂ ਬੱਚੇ-ਬਾਦਸ਼ਾਹਾਂ ਅੱਗੇ ਧਰੇ ਹਨ ਪਰ ਜਿਵੇਂ ਕਿਤੇ ਇਹ ਫਰੂਟ ਭਿੱਟੇ ਹੁੰਦੇ ਹਨ, ਮਜਾਲ ਹੈ ਇਨ੍ਹਾਂ ਵੱਲ ਝਾਕ ਵੀ ਜਾਣ। ਬਹੁਤੀ ਕੁੱਤੇਖਾਣੀ ਕਰੀਏ ਤਾਂ ਇਕ ਅੱਧ ਚੈਰੀ ਮੂੰਹ ਵਿਚ ਪਾ ਲੈਣਗੇ, ਜੀ ਭਰਕੇ ਨਹੀਂ ਖਾਂਦੇ ਜਿਸ ਨਾਲ ਸਾਡੇ ਕਾਲਜੇ ਵਿਚ ਠੰਡ ਪਵੇ ਤੇ ਪੈਸੇ ਮੁੜਦੇ ਲੱਗਣ। ਇਸ ਨਿਆਮਤ ਦੇ ਲਾਭ ਦੱਸ ਦੱਸਕੇ ਮੇਰੀ ਪਤਨੀ ਦੇ ਸਿਰ ਵਿਚ ਠੀਕਰੀਆਂ ਹੋ ਗਈਆਂ ਹਨ ਤੇ ਮੈਂ ਕੱਖੋਂ ਹੌਲਾ ਹੋ ਗਿਆ ਹਾਂ।

ਦੁਨੀਆਂ ਦੇ ਸਭ ਤੋਂ ਵਿਕਸਤ ਦੇਸ਼ ਦੇ ਸਕੂਲਾਂ ਵਿਚ ਇਨ੍ਹਾਂ ਨੂੰ ਪੜ੍ਹਨੇ ਪਾਇਆ ਹੈ, ਟੀਵੀ ਇਨ੍ਹਾਂ ਦੇ ਦੀਦਿਆਂ ਤੋਂ ਕਦੇ ਪਰੇ ਨਹੀਂ ਹੋਇਆ, ਇੰਟਰਨੈੱਟ ਦਾ ਅਖੰਡ ਪਾਠ ਚਲਦਾ ਹੀ ਰਹਿੰਦਾ ਹੈ, ਗੱਲ ਕੀ ਹਰ ਦਮ ਗਿਆਨ, ਵਿਗਿਆਨ, ਅਭਿਗਿਆਨ ਦੀ ਖੁੱਲ੍ਹ-ਖੇਲ ਵਿਚ ਵਿਚਰਦੇ ਹਨ, ਫਿਰ ਵੀ ਇਨ੍ਹਾਂ ਦੀ ਤੇਲੀਆ ਬੁੱਧੀ ਵਿਚ ਇਹ ਗੱਲ ਨਹੀਂ ਅਟਕਦੀ ਕਿ ਫਲ ਫਰੂਟ ਸਾਡੇ ਸਰੀਰਕ ਢਾਂਚੇ ਨੂੰ ਕਿੰਨਾ ਸੰਤੁਲਤ ਰੱਖਦੇ ਹਨ । ਵਿਟਾਮਿਨਾਂ, ਲੂਣਾਂ ਤੇ ਫਾਈਬਰ ਦੀ ਖਾਣ ਹਨ । ਏਨਾਂ ਖੇਹ ਸੁਆਹ ਜੋ ਖਾਈਦਾ ਹੈ ਉਸ ਦੇ ਮਨਫੀ ਗੁਣਾਂ ਨੂੰ ਫਲਾਂ ਵਿਚਲੇ ਐਂਟੀ-ਆਕਸੀਡੈਂਟ ਹੀ ਨਕਾਰਦੇ ਹਨ । 'ਇਕ ਸੇਬ ਰੋਜ਼ ਖਾਓ ਤੇ ਡਾਕਟਰ ਨੂੰ ਦੂਰ ਭਜਾਓ ' ਦਾ ਮਹਾਂ ਕਥਨ ਤਾਂ ਇਨ੍ਹਾਂ ਨੂੰ ਬਾਬੇ ਆਦਮ ਦੇ ਵੇਲੇ ਦਾ ਲਗਦਾ ਹੈ ਜੋ ਹੱਵਾ ਸਮੇਤ ਖੁਦ ਤਾਂ ਸੇਬ ਤੋੜਨ ਸਦਕਾ ਬਹਿਸ਼ਤ ਵਿਚੋਂ ਛੇਕਿਆ ਹੀ ਗਿਆ ਸੀ, ਆਪਣੀ ਸੰਤਾਨ-ਦਰ-ਸੰਤਾਨ ਨੂੰ ਵੀ ਸਦੀਵੀ ਕੰਮ ਦੇ ਸਰਾਪ ਵਿੱਚ ਫਸਾ ਗਿਆ ਸੀ ।

ਐਪਰ ਮੇਰੇ ਬੱਚੇ ਮੇਰੇ ਵੀ ਪਿਉ ਹਨ । ਕਹਿੰਦੇ ਹਨ ਕਿ ਮੈਂ ਕਿਉਂ ਨਹੀਂ ਛਕਦਾ ਇਹ ਨਿਆਮਤ। ਇਨ੍ਹਾਂ ਨੂੰ ਹੁਣ ਕੀ ਦੱਸਾਂ ਕਿ ਕਿਸ਼ੋਰ ਅਵਸਥਾ ਵਿਚ ਅਸਾਂ ਫਰੂਟ ਦੀ ਏਨੀ ਡੰਝ ਲਾਹ ਛੱਡੀ ਹੈ ਕਿ ਹੁਣ ਇਸ ਦੀ ਨਾ ਮਨ ਵਿਚ ਲਾਲਸਾ ਰਹੀ ਹੈ ਨਾ ਸਰੀਰ ਨੂੰ ਲੋੜ । ਫਰੂਟ ਖਾ ਖਾ ਕੇ ਮਨ ਸਹਿਜ ਅਵਸਥਾ ਵਿਚ ਆ ਗਿਆ ਹੈ ਤੇ ਸਰੀਰ ਸੱਬਰਕੱਤਾ ਬਣ ਗਿਆ ਹੈ। ਸੱਚ ਪੁੱਛੋ ਤਾਂ ਮੈਂ ਤਾਂ ਪਿੰਡ ਵਿਚ ਪਲਿਆ ਹੀ ਫਲ ਫਰੂਟਾਂ ਦੀ ਖੁਰਾਕ 'ਤੇ ਹਾਂ । ਕੀ ਹੋਇਆ ਜੇ ਘਰਦੇ ਬਾਹਲਾ ਫਰੂਟ ਲੈ ਕੇ ਨਹੀਂ ਸੀ ਦਿੰਦੇ ਜਾਂ ਨਹੀਂ ਸੀ ਲੈ ਸਕਦੇ। ਜ਼ਰਾ ਸੋਚੋ ਉਹ ਜ਼ਮਾਨਾ ਦੁੱਧ ਘਿਉ ਦਾ ਸੀ। ਫਲ ਫਰੂਟ ਤਾਂ ਬੀਮਾਰਾਂ ਲਈ ਹੁੰਦੇ ਸਨ ਜਾਂ ਸੰਤ ਮਹਾਤਮਾਵਾਂ ਲਈ। ਫਿਰ ਵੀ ਉਹ ਆਪਣੀ ਸਮਝ ਤੇ ਵਿਤ ਮੁਜਬ ਮਹੀਨੇ ਦੋ ਮਹੀਨੀਂ ਸਬਜ਼ੀ ਵੇਚਣ ਆਏ ਖੁਸ਼ੀਏ ਤੋਂ ਇਕ ਅੱਧਾ ਕੇਲਾ ਛੱਲੀ, ਸੁੰਡੀਆਂ ਵਾਲਾ ਜੀਵੰਤ ਅਮਰੂਦ, ਜਾਂ ਢਿੱਲਾ ਮੱਠਾ ਸੰਤਰਾ ਜਿਸ ਦੀ ਇਕ ਅੱਧੀ ਫਾੜੀ ਹੀ ਹਰਿਕ ਦੇ ਹਿੱਸੇ ਵਿਚ ਆਉਂਦੀ ਸੀ, ਲੈ ਹੀ ਦਿੰਦੇ ਸਨ। ਬਰਸਾਤ ਦੀ ਬਰਸਾਤ ਇਕ ਅੱਧਾ ਟਪਕਾ ਅੰਬ ਵੀ ਨਸੀਬ ਹੋ ਜਾਂਦਾ ਸੀ । ਉਂਝ ਇਕ ਅੰਬ ਦਾ ਵੀ ਆਪਾਂ ਪੂਰਾ ਕਚੂਮਰ ਕੱਢਦੇ ਸਾਂ। ਜਦ ਸਾਰਾ ਰਸ ਤੇ ਗੁੱਦਾ ਚੂਪ ਹੋ ਜਾਣਾ ਤਾਂ ਗਿਟਕ ਨੂੰ ਪਾਣੀ ਵਿਚ ਭੇਂ ਭੇਂ ਕੇ ਸਾਰਾ ਦਿਨ ਚੂਸੀ ਜਾਣੀ, ਉਸਨੂੰ ਛੱਲੀ ਦੇ ਗੁੱਲ ਵਰਗਾ ਚਿੱਟਾ ਤੇ ਖੁਸਰੇ ਦੀ ਅੱਡੀ ਵਰਗਾ ਮੁਲਾਇਮ ਕਰ ਛੱਡਣਾ। ਕਿਉਂਕਿ ਆਪਾਂ ਸੁਣਿਆ ਹੋਇਆ ਸੀ "ਆਮ ਕੇ ਆਮ ਗੁਠਲੀਓਂ ਕੇ ਦਾਮ " ਜਦ ਗੁਠਲੀਆਂ ਦੇ ਹੀ ਦਾਮ ਹਨ ਤਾਂ ਜ਼ਰੂਰ ਅਸਲੀ ਆਮਿਓ ਰਸ ਇਸ ਦੀ ਗਿਟਕ ਦੇ ਅੰਦਰਲੀ ਗੁਠਲੀ ਵਿਚ ਹੀ ਵਿਦਮਾਨ ਹੈ ਜੋ ਵੱਡੀ ਤਰਕੀਬ ਤੇ ਲਗਨ ਨਾਲ ਹੀ ਝਰ ਸਕਦਾ ਸੀ। ਇਹੀ ਅੰਬ ਹਨ ਜਿਸਦੇ ਵੱਡੇ ਗੁਣਾਂ ਸਦਕਾ ਇਸ ਨੂੰ ਹਥਿਆਉਣ ਲਈ ਅਮਰੀਕਾ ਵੀ ਹੱਥ ਪੈਰ ਮਾਰਦਾ ਰਹਿੰਦਾ ਹੈ। ਪਰ ਕੁਰਬਾਨ ਜਾਊਂ ਇਸ ਕੀ ਨਜ਼ਾਕਤੋਂ ਪਰ, ਇਹ ਜਹਾਜ਼ੇ ਚੜ੍ਹਦਾ ਹੀ ਝੁਰੜ ਜਾਂਦਾ ਹੈ। ਸਕੂਲ ਵਿਚ ਸਾਨੂੰ ਇਸੇ ਦੇ ਅਚਾਰ ਨਾਲ ਰੋਟੀ ਦੇ ਕੇ ਤੋਰਿਆ ਜਾਂਦਾ ਸੀ। ਫਿਰ ਲੁਗਾਠ ਵਰਗਾ ਚੱਠੂ ਜਿਹਾ ਸਾਡਾ ਫ਼ਰਾਖ-ਦਿਲ ਨਾਨਾ ਦੋ ਸਾਲਾਂ ਵਿਚ ਇਕ ਵਾਰੀ ਲੁਗਾਠਾਂ ਦਾ ਭੂਰਾ ਲਿਫ਼ਾਫ਼ਾ ਮਲਕ ਦੇਣੀਂ ਸਾਡੇ ਹੱਥਾਂ ਵਿਚ ਫੜਾ ਜਾਂਦਾ ਸੀ। ਇਸ ਫਲ ਦੀ ਬੰਟੇ ਜਿੱਡੀ ਲਾਖੀ ਗਿਟਕ ਦੁਆਲੇ ਨਹੁੰ ਮਾਤਰ ਗੁੱਦਾ ਤਾਂ ਜਾਣੋਂ ਇਸਦੇ ਕੋਝੇ ਰੰਗ ਨੂੰ ਲਕੋਣ ਲਈ ਹੀ ਸੀ। ਲਾ ਪਾ ਕੇ ਪੂਰੇ ਲਿਫਾਫੇ ਵਿਚ ਇਕ ਗਾਜਰ ਜਿੰਨਕ ਖਾਣਯੋਗ ਮਾਦਾ ਹੁੰਦਾ ਸੀ। ਮਾਂ ਨੇ ਟੱਪ ਟੱਪਕੇ ਕੇ ਕਹਿਣਾ ਕਿ ਦੇਖੋ ਤੁਹਾਡਾ ਨਾਨਾ ਫਲ ਫਰੂਟ ਲੈਕੇ ਆਇਆ, ਜ਼ਰਾ ਉਸ ਦੇ ਨਹਾਉਣ ਦਾ ਤੇ ਨਸ਼ੇ ਪੱਤੇ ਦਾ ਪ੍ਰਬੰਧ ਕਰੋ

ਪਰ ਸਾਡੇ ਅੰਦਰ ਫਲ ਫਰੂਟ ਦੀ ਹਵਸ ਬੜੀ ਪਰਬਲ ਸੀ। ਚੱਤੋ ਪਹਿਰ ਢਿੱਡ ਵਿਚ ਮਿੱਠੇ ਦੀ ਹੁੜਕ ਹੀ ਲੱਗੀ ਰਹਿੰਦੀ ਸੀ । ਤੇ ਅਸੀਂ ਆਪਣੇ ਹੱਥੀਂ ਆਪਣਾ ਕਾਜ ਆਪ ਸੁਆਰਨਾ ਨਿੱਕੇ ਹੁੰਦਿਆਂ ਤੋਂ ਹੀ ਸਿੱਖ ਗਏ ਸੀ। ਏਹ ਬੱਚੇ ਸੋਚਦੇ ਹਨ ਕਿ ਅਸੀਂ ਏਧਰ ਆਪਣੀ ਕਮਾਈ ਆਪ ਕਰਦੇ ਹਾਂ, ਝ੍ਹਨਾਂ

ਨੂੰ ਕੀ ਪਤਾ ਕਿ ਅਸੀਂ ਤਾਂ ਬਚਪਨ ਤੋਂ ਕਮਾਊ ਤੇ ਖਾਊ ਬਣੇ ਹੋਏ ਹਾਂ। ਮੈਂ ਤੇ ਮੇਰਾ ਲੰਗੋਟੀਆ ਯਾਰ ਅਮਰਜੀਤ ਠੇਲਾ, ਅਸੀਂ ਦੋਹਵਾਂ ਨੇ ਸਕੂਲੋਂ ਆਉਂਦੇ ਹੀ ਬਸਤਾ ਡਿਉਢੀ ਵਿੱਚ ਵਗਾਹ ਮਾਰਨਾ ਤੇ ਗੁਲੂਕੋਜ਼ ਤੇ ਫਰੱਕਟੋਜ਼ ਯਾਨੀ ਫਲਾਂ ਦੇ ਮਿੱਠੇ ਦੀ ਤਲਾਸ਼ ਵਿਚ ਪਿੰਡੋਂ ਬਾਹਰ ਨਿਕਲ ਜਾਣਾਂ। ਮਾਪੇ ਸਾਨੂੰ ਕਹਿਰਵਾਨ ਮਾਸਟਰਾਂ ਦਾ ਹੀ ਦੂਜਾ ਰੂਪ ਲਗਦੇ ਸਨ ਤੇ ਪਿੰਡ ਜੇਲ੍ਹ ਰੂਪੀ ਸਕੂਲ ਦਾ ਵਿਸਤਾਰ। ਇਸ ਲਈ ਕਈ ਵਾਰੀ ਅਸੀਂ ਆਪਣੇ ਪਿੰਡ ਦੀ ਜੂਹ ਛੱਡ ਦੂਜੇ ਪਿੰਡ ਲਾਗੇ ਵਗਦੀ ਨਹਿਰ ਵੱਲ ਰਵਾਨਾ ਹੋ ਜਾਣਾਂ। ਕੱਪੜੇ ਲਾਹਕੇ ਪਹਿਲਾਂ ਨਹਿਰ ਵਿਚ ਇਕ ਦੋ ਗੋਤੇ ਮਾਰਕੇ ਪਿੰਡਾ ਗਿੱਲਾ ਕਰਨਾ ਤੇ ਫਿਰ ਨਹਿਰ ਦੀ ਪਟੜੀ ਦੀ ਬਲਦੀ ਬਲਦੀ ਧੁੱਦਲ ਵਿਚ ਖੂਬ ਲਿਟਣਾਂ। ਮਿੱਟੀ ਨਾਲ ਲਬਰੇਜ਼ ਹੋਕੇ ਨਹਿਰ ਵਿਚ ਛਾਲਾਂ ਮਾਰਨੀਆਂ ਤੇ ਤਾਰੀਆਂ ਲਾਉਣੀਆਂ। ਇਹ ਐਕਸ਼ਨ ਅਸੀਂ ਬਾਰ ਬਾਰ ਕਰਦੇ ਸਾਂ। ਗਰਮ ਸਰਦ ਤੇ ਸਰਦ ਗਰਮ ਹੋ ਕੇ ਸਾਡੇ ਸਰੀਰ ਦੇ ਰੋਮ ਰੋਮ ਖੁੱਲ੍ਹ ਜਾਂਦੇ ਸਨ, ਉਨ੍ਹਾਂ ਵਿਚ ਤਾਜ਼ਗੀ ਦਾ ਪ੍ਰਵੇਸ਼ ਹੁੰਦਾ ਸੀ ਤੇ ਮਾਸਟਰਾਂ ਦੇ ਖੌਫ਼ ਦਾ ਨਿਕਾਸ। ਚਿੱਕੜ ਚੁਭੜ ਵਿਚ ਲਿੱਬੜੀਆਂ, ਲੋਟ ਪੋਟ ਹੁੰਦੀਆਂ ਮੱਝਾਂ ਹੀ ਅਜਿਹੇ ਪਰਮ ਅਨੰਦ ਨੂੰ ਜਾਣ ਸਕਦੀਆਂ ਹਨ । ਮਿੱਟੀ ਨਾਲ ਮਿੱਟੀ ਹੋਣ ਦੇ ਸਬਕ ਅਸੀਂ ਏਥੋਂ ਹੀ ਸਿੱਖੇ। ਉਂਝ ਵੀ ਅਸੀਂ ਜ਼ਿੰਦਗੀ

ਦੇ ਬਹੁਤੇ ਸਬਕ ਸਕੂਲ ਵੜਕੇ ਨਹੀਂ ਬਲਕਿ ਸਕੂਲੋਂ ਭੱਜਕੇ ਸਿੱਖੇ ਹਨ ।

ਖੂਬ ਨਹਾ ਨਹੂਕੇ ਤੇ ਗਲੂਕੋਜ਼/ਫ਼ਰੱਕਟੋਜ਼ ਦੀ ਭੁੱਖ ਚਮਕਾਕੇ ਅਸੀਂ ਨਹਿਰ ਤੋਂ ਜ਼ਰਾ ਹਟਕੇ ਉਗੀ ਲਸੂੜੀ ਵੱਲ ਅਹੁਲ ਪੈਂਦੇ ਸਾਂ। ਵੱਡੇ ਵੱਡੇ ਹਰੇ ਕਚੂਰ ਪੱਤਿਆਂ ਵਾਲੀ ਤੇ ਸੈਕਸੀ ਲੁੱਕ ਵਾਲੀ ਲਸੂੜੀ ਜਿਵੇਂ ਸਾਨੂੰ ਬੁਲਾਵਾ ਦੇ ਰਹੀ ਹੁੰਦੀ ਸੀ। ਭਾਈ ਵੀਰ ਸਿੰਘ ਨੇ ਜੇ ਕਿਧਰੇ ਇਹ ਦਰਖਤ ਤੱਕਿਆ ਹੁੰਦਾ ਤਾਂ ਕਾਹਨੂੰ ਅਸਮਾਨੀਂ ਚੁਕਦਾ ਕਾਲੀ ਕਰੂਟੀ ਕਿੱਕਰ ਨੂੰ । ਪਹਿਲਾਂ ਤਾਂ ਅਸੀਂ ਹੇਠਾਂ ਡਿੱਗੀਆਂ ਲਸੂੜੀਆਂ 'ਤੇ ਧਾਵਾ ਬੋਲਣਾ। ਮਿੱਟੀ ਲੱਗੀ ਹੈ ਤਾ ਕੀ, ਝੱਗਾ ਕਾਹਦੇ ਲਈ ਹੈ? ਪੂੰਝ ਪਾਂਝ ਕੇ ਪਹਿਲਾਂ ਮੋਟੀ ਮੋਟੀ ਭੁੱਖ ਲਾਹੁਣੀ। ਫਿਰ ਦਰਖਤ ਦੇ ਉਪਰ ਚੜ੍ਹ ਜਾਣਾ। ਗਾਚਨੀ, ਸ਼ਰਬਤੀ ਤੇ ਸੰਧੂਰੀ ਰੰਗ ਦੀਆਂ ਲੁਸ ਲੁਸ ਕਰਦੀਆਂ, ਭਰੀਆਂ ਭੁਕੰਨੀਆਂ ਲਸੂੜੀਆਂ ਦੇ ਗੁੱਛਿਆਂ ਦੇ ਗੁੱਛੇ ਸਾਡੇ ਅੱਗੇ ਪੇਸ਼ ਪੇਸ਼ ਸਨ । ਜਦ ਇਨ੍ਹਾਂ ਦੀ ਗਾੜ੍ਹੀ ਚੀਪ ਮੂੰਹ ਦੀਆਂ ਲਾਲਾਂ ਨਾਲ ਇਕ ਮਿਕ ਹੁੰਦੀ ਤਾਂ ਇਸ ਰਸਾਇਣੀ ਕਿਰਿਆ ਨਾਲ ਤਨ ਮਨ ਸੁਆਦ ਸੁਆਦ ਹੋ ਜਾਂਦਾ; ਚੀਪੋ-ਚੀਪ ਹੋਇਆ ਸਾਡਾ ਅੰਦਰ ਬਾਹਰ ਇਕ ਅਥਾਹ ਸੰਤੁਸ਼ਟੀ ਨਾਲ ਜੁੜ ਜਾਂਦਾ ਸੀ। ਇਨ੍ਹਾਂ ਲਸੂੜੀਆਂ ਦੇ ਮਾਮਲੇ ਵਿਚ ਅਸੀਂ ਬੜੇ ਉਦਾਰਚਿਤ ਸਾਂ, ਖਰਾਬ ਖਰਾਬ ਲਸੂੜੀਆਂ ਅਸੀਂ ਬੜੀ ਬੇਦਿਲੀ ਨਾਲ ਅਹੁ ਮਾਰਨੀਆਂ। ਚੰਗੀਆਂ ਚੋਂ ਵੀ ਕੁਝ ਖਾਣੀਆਂ, ਕੁਝ ਟੁੱਕਣੀਆਂ, ਕੁਝ ਜੇਬੇ ਭਰਕੇ ਘਰ ਲੈ ਆਉਣੀਆਂ। ਇਨ੍ਹਾਂ ਦੀ ਚੀਪ ਨਾਲ ਅਸੀਂ ਆਪਣੇ ਫਟੇ ਹੋਏ ਪਤੰਗ ਤੇ ਪੜਾਕੂ ਮੁੰਡਿਆਂ ਦੀਆਂ ਕਿਤਾਬਾਂ ਕਾਪੀਆਂ ਜੋੜਨ ਦਾ ਕੰਮ ਕਰਦੇ ਸਾਂ ਕਿਉਂਕਿ ਸਾਡੀਆਂ ਆਪਣੀਆਂ ਕਿਤਾਬਾਂ ਕਾਪੀਆਂ ਦਾ ਤਾਂ ਕਦੇ ਨਾਂ ਖੁਲ੍ਹਣ ਕਰਕੇ ਵਾਲ ਵੀ ਵਿੰਗਾ ਨਹੀਂ ਸੀ ਹੁੰਦਾ ।

ਕੁਦਰਤ ਦੇ ਕਾਦਰ ਨੇ ਸਾਡੇ ਪੰਜਾਬ ਵਿਚ ਪੰਜ ਦਰਿਆਵਾਂ ਦੇ ਨਾਲ ਨਾਲ ਬੜੇ ਲਾਸਾਨੀ ਫਲ ਫਰੂਟਾਂ ਦੀ ਵੀ ਖੁਲ੍ਹਕੇ ਦਾਤ ਦਿੱਤੀ ਸੀ। ਅੱਜ ਦੀ ਤਰ੍ਹਾਂ ਨਹੀਂ ਕਿ ਐਸ ਦੇਸ ਵਿਚੋਂ ਕਿੰਨੂੰ ਪੱਟਕੇ ਲਾ ਦਿੱਤੇ ਤੇ ਔਸ ਦੇਸ ਵਿਚੋਂ ਮਾਲਟੇ। ਉਨ੍ਹਾਂ ਦਿਨਾਂ ਵਿਚ ਸਾਡੇ ਪਿੰਡ ਵਿਚ ਥਾਂ ਪੁਰ ਥਾਂ ਜੱਦੀ ਫਰੂਟਾਂ ਦੇ ਦਰਖਤ ਆਪ ਮੁਹਾਰੇ ਉਗੇ ਪਏ ਸਨ । ਲਸੂੜੀਆਂ ਭਾਵੇਂ ਇਕ ਦੋ ਹੀ ਸਨ, ਨਿੰਮਾਂ ਦੀ ਤਾਂ ਪਿੰਡ ਵਿਚ ਪੂਰੀ ਬਹਾਰ ਸੀ। ਪਰ ਢਾਬ ਦੇ ਕੰਢੇ ਵਾਲੀ ਫਲਾਂ ਲੱਦੀ ਨਿੰਮ ਸਾਡੀ ਮਨ-ਪਸੰਦ ਸੀ। ਇਸ ਦੀਆਂ ਬੇਰ ਜਿੱਡੀਆ ਨਮੋਲੀਆਂ ਪੱਕੀਆਂ ਪੀਲੀਆਂ, ਗੱਠੀਲੀਆਂ ਤੇ ਰਸੀਲੀਆਂ ਸਨ । ਨਮੋਲੀਆਂ ਅਸੀਂ ਕਦੀ ਥੱਲਿਓਂ ਨਹੀਂ ਸੀ ਚੁਗੀਆਂ। ਦਰਖਤ ਦੇ ਸਿਖਰ ਤਕ ਚੜ੍ਹ ਜਾਣਾਂ । ਨਾਲੇ ਇਸਦੀ ਕੀਟਾਣੂਮਾਰ ਅਰੋਗਤਾ-ਬਖਸ਼ ਹਵਾ ਭਖੀ ਜਾਣੀ ਨਾਲੇ ਇਸਦਾ ਉਮਦਾ ਫਰੂਟ ਟੁੱਕੀ ਜਾਣਾਂ। ਖਾਂਦੇ ਖਾਂਦੇ ਅਸੀਂ ਗਿਟਕਾਂ ਇਕ ਦੂਜੇ ਦੇ ਮਾਰਦੇ ਰਹਿੰਦੇ ਸਾਂ । ਇਹ ਸਾਡੀ ਖੇਡ ਸੀ। ਅਸੀਂ ਖੇਡ ਖੇਡ ਵਿਚ ਖਾਂਦੇ ਸਾਂ ਤੇ ਖਾਂਦੇ ਖਾਂਦੇ ਖੇਡਦੇ ਸਾਂ। ਨਮੋਲੀਆਂ ਦਾ ਕੁੜਾਂਗਾਪਣ ਇਸ ਦੀ ਮਿਠਾਸ ਨੂੰ ਹੋਰ ਵੀ ਉਘਾੜਦਾ ਸੀ। ਅਸਲ ਵਿਚ ਇਸਦੀ ਕੁੜੱਤਣ ਵਿਚ ਸਾਰੇ ਔਸ਼ਧਿਕ ਗੁਣ ਸਨ ਤੇ ਮਿਠਾਸ ਵਿਚ ਜੀਭ-ਰਸ। ਇਹ ਜਾਣੋਂ ਮਿੱਠੇ ਨਾਲ ਲਪੇਟੀ ਕੌੜੀ ਗੋਲੀ ਸਨ । ਬਚਪਨ ਵਿਚ ਅਸੀਂ ਐਨੀਆਂ ਨਮੋਲੀਆਂ ਖਾਧੀਆਂ ਕਿ ਸਾਡਾ ਖੂਨ ਰਹਿੰਦੀ ਉਮਰ ਤਾਈਂ ਸਾਫ਼ ਤੇ ਨਰੋਆ ਹੋ ਗਿਆ ਹੈ। ਇਸਦਾ ਹੁਣ ਤਕ ਫਾਇਦਾ ਹੈ। ਸਾਡੇ ਮੂੰਹ 'ਤੇ ਕਦੇ ਕਿੱਲ, ਮੁਹਾਸੇ, ਛਾਈਆਂ ਨਹੀਂ ਹੋਏ। ਗੁੜ ਤੇ ਰਾਵ ਖਾਣ ਅਤੇ ਨੰਗੇ ਪੈਰੀਂ ਫਿਰਨ ਨਾਲ ਹੋਏ ਫੋੜੇ ਤਾਂ ਨਾਲੋ ਨਾਲ ਸੁੱਕ ਜਾਂਦੇ ਸਨ। ਏਧਰ ਇਹ ਅਮਰੀਕਾਜ਼ਾਦੇ ਦੇਖੋ, ਬੂਥਿਆਂ 'ਤੇ ਭਾਂਤ ਭਾਂਤ ਦੀਆਂ ਕਰੀਮਾਂ, ਆਂਇਟਮੈਂਟਾਂ, ਮਾਸਕ ਤੇ ਫੇਸ ਪੈਕ ਲਾਈ ਜਾਂਦੇ ਹਨ ਪਰ ਫੀਠ ਫਿਨਸੀਆਂ ਇਧਰੋਂ ਹਟਕੇ ਬੁੰਬ ਵਾਂਗ ਉਧਰ ਫੁਟ ਪੈਂਦੀਆਂ ਹਨ। ਇਸੇ ਲਈ ਅਮਰੀਕੀ ਕਾਰਪੋਰੇਸ਼ਨਾਂ ਤਾਂ ਨਿੰਮ ਦੇ ਵੀ ਹੱਥ ਧੋਕੇ ਪਿੱਛੇ ਪਈਆਂ ਹੋਈਆਂ ਹਨ । ਦੁਨੀਆ ਭਰ ਦੀ ਮਿਹਨਤ ਅਤੇ ਦਰਖਤਾਂ ਦੇ ਫਲ ਇਹ ਦੇਸ਼ ਇਵੇਂ ਹੂੰਝ ਲਿਜਾਂਦਾ ਹੈ।

ਸਾਨੂੰ ਉਪਲਬਧ ਫਰੂਟਾਂ ਵਿਚ ਵੰਨਗੀ ਵੀ ਬੜੀ ਹੁੰਦੀ ਸੀ ਅਤੇ ਅਸੀਂ ਦੁਰਲੱਭ ਫਰੂਟਾਂ ਨੂੰ ਵੀ ਹੱਥ ਮਾਰ ਲਈਦਾ ਸੀ ਜਿਹਨਾਂ ਤਕ ਸਾਡੇ ਤੋਂ ਬਿਨਾਂ ਸਿਰਫ਼ ਗਿੱਦੜਾਂ ਦੀ ਹੀ ਪਹੁੰਚ ਸੀ। ਮੇਰਾ ਭਾਵ ਬੋਹਰ ਨੂੰ ਲਗਦੇ ਫਲ ਗੁੰਮੀਆਂ ਤੋਂ ਹੈ। ਲਗਦਾ ਹੈ ਇਸ ਫ਼ੂਰਟ ਦਾ ਨਾਂ ਤਾਂ ਤੁਸੀਂ ਵੀ ਨਹੀਂ ਸੁਣਿਆ ਜਾਂ ਭੁੱਲ ਗਏ

ਹੋਵੋਗੇ । ਪੱਛਮੀ ਦੇਸ਼ਾਂ 'ਚ ਰਹਿੰਦੇ ਤੁਸੀਂ ਕਿੰਨਾ ਕੁਝ ਦੇਸ਼ ਦਾ ਚੰਗਾ ਭੁੱਲ ਜਾਵੋਗੇ। ਤੁਸੀਂ ਹੋ ਕੈਕਟਸ-ਬੇਰੀ ਦੇ ਸੁਆਦਾਂ-ਪੱਟੇ, ਨਿਮਾਣੀਆਂ ਗੁੰਮੀਆਂ ਤਾਂ ਤੁਹਾਡੇ ਚੇਤੇ 'ਚੋਂ ਗੁੰਮ ਹੋਣੀਆਂ ਹੀ ਹਨ। ਕੋਕਾ ਕੋਲਾ ਰੰਗ ਦਾ ਇਹ ਕੰਡਿਆਂਲਾ ਫਲ ਮਸਾਂ ਹੀ ਲੱਭਦਾ ਸੀ। ਸ਼ਾਇਦ ਮੁਰੱਬੇਬੰਦੀ ਨੇ ਧੁੱਦਲ ਭਰੇ ਚੌੜੇ ਚੌੜੇ ਡਾਂਡੇ ਮੀਂਡੇ ਰਾਹ ਮਿਟਾ ਦਿੱਤੇ, ਟਿੱਡੀਆਂ ਤੇ ਬੀਡਿਆਂ ਦੇ ਗਲੇ ਘੁੱਟ ਦਿੱਤੇ ਤੇ ਇਨ੍ਹਾਂ ਰਾਹਾਂ ਦੀਆਂ ਭੜੀਆਂ 'ਤੇ ਉਗੇ ਬੋਹਰ ਖਤਮ ਕਰ ਦਿੱਤੇ। ਰਹਿੰਦੀ ਕਸਰ ਦੁਆਬੇ ਵਿਚ ਸੁੰਗੜਦੀ ਜ਼ਮੀਨ ਕਾਰਨ ਚੱਪਾ ਚੱਪਾ ਭੋਇੰ ਕਾਸ਼ਤ ਹੇਠਾਂ ਲਿਆਉਣ ਨੇ ਕਰ ਦਿੱਤੀ। ਕਿਤੇ ਇੱਕੜ ਦੁੱਕੜ ਰਹਿ ਗਏ ਬੋਹਰ ਸਾਡੇ ਵਰਗੇ ਫਲ ਫਰੂਟ ਸ਼ਿਕਾਰੀਆਂ ਤੋਂ ਲੁਕੇ ਨਹੀਂ ਰਹਿ ਸਕਦੇ ਸਨ। ਅਸੀਂ ਕੰਡੇਦਾਰ ਬੋਹਰਾਂ ਦੀਆਂ ਝਾੜੀਆਂ ਵਿਚ ਹੱਥ ਵਾੜਕੇ ਵੱਡੀ ਹੁਸ਼ਿਆਰੀ ਨਾਲ ਇਹ ਗੁੱਲੀ ਜਿੱਡੇ ਫਲ ਤੋੜ ਲਿਆਉਂਦੇ। ਖੱਟੇ ਮਿੱਠੇ ਤੇ ਚੀੜ੍ਹੇ ਜਿਹੇ ਕੰਕਰਾਂ ਵਰਗੇ ਬੀਜਾਂ ਨਾਲ ਭਰਪੂਰ ਇਹ ਫਲ ਹਲਕ ਤੋਂ ਹੇਠਾਂ ਉਤਰਦੇ ਹੀ ਪੇਟ ਵਿਚ ਚੁਭਣ ਲਗਦੇ ਅਤੇ ਕਰਕ ਕਲੇਜੇ ਮਾਹਿ ਛੇੜ ਦਿੰਦੇ ਸਨ । ਇਹ ਪਚਾਉਣੇ ਸੌਖੇ ਨਹੀਂ ਸਨ, ਗੁੱਲੀ ਡੰਡਾ ਤੇ ਜੰਗ ਪਲੰਗਾ ਖੇਲ੍ਹਕੇ ਹੀ ਅਸੀਂ ਇਨ੍ਹਾਂ ਨੂੰ ਹਜਮ ਕਰਦੇ।

ਅਸੀਂ ਇਕੋ ਫਲ ਕਈ ਨਸਲਾਂ ਅਤੇ ਰੰਗਾਂ ਦੇ ਵੀ ਖਾਧੇ ਹਨ ਜਾਣੀ ਤਕਨੀਕੀ ਭਾਸ਼ਾ ਵਿਚ ਵਿਵਿਧਮਈ ਫਲ । ਤੂਤੀਆ ਦਾ ਇਨ੍ਹਾਂ ਵਿਚ ਸਭ ਤੋਂ ਪਹਿਲਾ ਨੰਬਰ ਹੈ। ਤੂਤ ਤੂਤ ਦੀਆਂ ਤੂਤੀਆਂ, ਕੋਈ ਉਂਗਲ ਜਿੰਨੀਆਂ ਵੱਡੀਆਂ ਤੇ ਕੋਈ ਪੋਟੇ ਜਿੰਨੀਆਂ ਛੋਟੀਆਂ। ਚਿੱਟੀਆਂ, ਲਾਲ, ਜਾਮਨੀ ਅਤੇ ਕਾਲੀਆਂ ਤੂਤੀਆਂ ਬੱਸ ਰੰਗ ਹੀ ਲਾ ਦਿੰਦੀਆਂ ਸਨ । ਇਨ੍ਹਾਂ ਦੇ ਭਖਣ ਵਿਚ ਕੀੜੀਆਂ ਨਾਲ ਸਾਡਾ ਸ਼ਰੀਕਾ ਸੀ। ਉਹ ਤੂਤੀਆਂ ਦੀਆਂ ਵੱਟਾਂ ਵਿਚ ਲੁਕੀਆਂ ਹੁੰਦੀਆਂ। ਹਾਬੜਿਆਂ ਨੇ ਕਈ ਵਾਰ ਅਸੀਂ ਕੀੜੀਆਂ ਵਾਲੀਆਂ ਤੂਤੀਆਂ ਹੀ ਚੱਬ ਸੁੱਟਣੀਆਂ। ਫਿਰ ਕੀ ਹੋਇਆ ਇਹ ਕੀੜੀਆਂ ਵੀ ਤੂਤੀਆਂ ਵਿਚ ਹੀ ਜੰਮੀਆਂ ਪਲੀਆਂ ਸਨ। ਨਾਲੇ ਮਾਸ ਨਾਲੇ ਬਨਸਪਤੀ, ਨਾਲੇ ਪਰੋਟੀਨ ਨਾਲੇ ਵਿਟਾਮਿਨ । ਤੂਤੀਆਂ ਵਾਲੇ ਤੂਤ ਮੈਂ ਏਧਰ ਅਮਰੀਕਾ ਵਿਚ ਵੀ ਦੇਖੇ ਹਨ ਪਰ ਉਨ੍ਹਾਂ ਵਿਚ ਮੈਨੂੰ ਕੀੜੀਆਂ ਮਲੂਮ ਨਹੀਂ ਹੋਈਆਂ ਇਸ ਲਈ ਮੈਂ ਨਹੀਂ ਮੂੰਹ ਲਾਈਆਂ ਇਹ ਤੂਤੀਆਂ

ਜੇਠ ਹਾੜ ਦੀਆਂ ਲੂਹਾਂ ਵਿਚ ਅਸੀਂ ਪਿੰਡ ਦੇ ਨਿਆਣੇ ਛੱਪੜ ਕੰਢੇ ਉਗੇ ਬੋਹੜਾਂ ਦੀ ਬੁੱਕਲ ਵਿਚ ਜਾ ਲੁਕਣਾ। ਕੁਦਰਤ ਦਾ ਮਜ਼ਾਕ ਦੇਖੋ ਕਿ ਇਨ੍ਹਾਂ ਪਹਾੜ ਜਿੱਡੇ ਬਿਰਖਾਂ ਨੂੰ ਫਲ ਲਾਏ ਹਨ ਚੂਹੇ ਦੇ ਸਿਰ ਜਿੱਡੇ ਇਨ੍ਹਾਂ ਦਰਖਤਾਂ ਦੇ ਸਿਖਰ ਪੁੱਜਣ ਲਈ ਕਈ ਪਹੁੰਚ ਮਾਰਗ ਸਨ । ਕੁਤਬ ਦੀ ਲਾਠ ਵਰਗੇ ਮੋਟੇ ਸਾਰੇ ਮੁਖ ਤਣੇ ਉਪਰ ਚੜ੍ਹਦੇ ਹੋਏ; ਧਰਤੀ ਤਕ ਪਹੁੰਚੇ ਤੇ ਉਸਦੇ ਸਮਾਨਅੰਤਰ ਫੈਲਦੇ ਮੋਟੇ ਡਾਹਣਿਆਂ ਉਪਰ ਛਲਾਂਗ ਮਾਰਦੇ ਹੋਏ ਜਾਂ ਸਾਧੂ ਦੀਆਂ ਜਟਾਂ ਵਰਗੀਆਂ ਇਸ ਦੀਆਂ ਲਮਕਦੀਆਂ ਦਾਅੜੀਆਂ ਨਾਲ ਲਟਕਦੇ ਹੋਏ। ਆਪਣਾ ਕੱਦ ਜੇ ਆਮ ਲੋਕਾਂ ਨਾਲੋਂ ਸੂਦ ਭਰ ਵੱਡਾ ਹੈ ਤਾਂ ਉਸ ਉਮਰ ਵਿਚ ਇਨ੍ਹਾਂ ਬੋਹੜ ਦੀਆਂ ਦਾਅੜੀਆਂ 'ਤੇ ਲਟਕਨ ਕਰਕੇ ਹੀ ਹੈ। ਬੋਹੜਾਂ ਉਪਰ ਚੜ੍ਹਕੇ ਜੰਗ ਪਲੰਗਾ ਖੇਡਣਾ ਤਾਂ ਇਕ ਬਹਾਨਾ ਸੀ। ਅਸਲ ਵਿਚ ਇਸ ਦੇ ਮੋਟੇ ਪੱਤਿਆਂ ਵਿਚ ਲੁਕ ਕੇ ਅਸੀਂ ਇਕ ਦੂਜੇ ਤੋਂ ਅੱਖ ਬਚਾਕੇ ਬੋਹੜ ਦਾ ਚੀਨੀ-ਕਮ ਤੇ ਕਿਰਮਚੀ-ਵੰਨਾ ਫਲ ਯਾਨੀ ਗੋਲ੍ਹਾਂ ਠੁੰਗਦੇ ਰਹਿੰਦੇ ਸਾਂ । ਸਾਡੇ ਨਾਲ ਦੇ ਡਾਹਣਾਂ ਵਿਚ ਗੋਲ੍ਹਾਂ ਠੁੰਗਦੇ ਕਾਂ ਚੋਰ-ਅੱਖੀਂ ਸਾਨੂੰ ਦੇਖਦੇ, ਜ਼ਰੂਰ ਲਾਹਣਤਾਂ ਦਿੰਦੇ ਹੋਣੇ ਕਿ ਅਸੀਂ ਮਰਦ-ਜਾਏ ਨਿਮਾਣੇ ਪਰਿੰਦਿਆਂ ਦੇ ਅਹਾਰ ਨੂੰ ਵੀ ਨਹੀਂ ਛੱਡਦੇ। ਕਾਂ ਤੇ ਹੋਰ ਪੰਛੀ ਇਨ੍ਹਾਂ ਫਲਾਂ ਨੂੰ ਖਾ ਕੇ ਆਪਣੀਆਂ ਵਿੱਠਾਂ ਰਾਹੀਂ ਇਨ੍ਹਾਂ ਦੇ ਬੀਜ ਖੂਹਾਂ ਦੀਆ ਮਹਿਲਾਂ ਵਿਚਲੀਆਂ ਵਿਰਲਾਂ, ਖੋਲਿਆਂ ਤੇ ਹੋਰ ਰੁੱਖਾਂ ਦੀਆਂ ਟੀਸੀ ਦੀਆਂ ਟਾਹਣੀਆਂ 'ਤੇ ਖਿਲਾਰਦੇ ਅਤੇ ਨਵੇਂ ਤੋਂ ਨਵੇਂ ਬੋਹੜ ਉਗਾਉਂਦੇ ਰਹਿੰਦੇ। ਸਿਆਣਿਆਂ ਵਹਿਮ ਪਾ ਦਿੱਤਾ ਕਿ ਗੋਲ੍ਹਾਂ ਖਾਣ ਨਾਲ ਢਿੱਡ ਵਿਚ ਬੋਹੜ ਉੱਗ ਸਕਦਾ ਹੈ। ਡਰਦਿਆਂ ਸਾਨੂੰ ਗੋਲ੍ਹਾਂ ਤੋਂ ਤੌਬਾ ਤਾਂ ਕਰਨੀ ਪਈ ਪਰ ਇਸ ਫਰੂਟ ਤੋਂ ਵੰਚਤ ਤੇ ਵਰਜਤ ਸਾਡੇ ਮਨ 'ਤੇ ਕੀ ਬੀਤੀ ਉਹ ਤਾਂ ਕਾਂ ਹੀ ਜਾਣਦਾ ਹੈ

ਖੂਹ ਦੀ ਆਡ ਜਾਂ ਅੜਾਹੀ 'ਚ ਉੱਗੇ ਮਕੋਅ ਦੇ ਫਲ ਭਗੋਲਿਆਂ ਦਾ ਕੀ ਮੁਕਾਬਲਾ ਹੈ। ਲਾਲ ਪੀਲੇ ਮੋਤੀਆਂ ਵਰਗੇ ਇਹ ਫਲ ਅਸੀਂ ਲੱਭਦੇ ਹੀ ਰਹਿੰਦੇ ਸਾਂ। ਮਾਂ ਤਾਂ ਇਹਨਾਂ ਦੀ ਭੁਰਜੀ ਬਣਾਉਣ ਦੀ ਤਾਕ ਵਿਚ ਰਹਿੰਦੀ ਪਰ ਅਸੀਂ ਹਤਿਆਂ ਹੋਇਆਂ ਨੇ ਪਹਿਲਾਂ ਹੀ ਚਰੂੰਡ ਕੇ ਚਗਲ ਸੁੱਟਣੇ। ਇਹ ਫਲ ਮਿੱਠੇ ਕਰਕੇ ਨਹੀਂ ਬਲਕਿ ਮਿੱਠਾ ਸਮਝਕੇ ਖਾਈਦੇ ਸਨ ਕਿਉਂਕਿ ਬਚਪਨ ਵਿਚ ਸਾਡੀ ਸਮਝ ਬਹੁਤ ਤੇਜ਼ ਸੀ। ਇਹ ਵੱਡੇ ਹਾਜ਼ਮੇਦਾਰ ਹੁੰਦੇ ਸਨ। ਭਗੋਲਿਆਂ ਦੀ ਬਦੌਲਤ ਸਾਡੇ ਹਾਜ਼ਮੇ ਅਜੇ ਤਕ ਕਾਇਮ ਹਨ ।

ਹੁਣ ਆਈਏ ਫ਼ਰੂਟਾਂ ਦੇ ਸਿਰਤਾਜ ਬੇਰਾਂ 'ਤੇ। ਇਹ ਗੱਲ ਮੈਂ ਤੁਹਾਨੂੰ ਪਹਿਲਾਂ ਦੱਸ ਦੇਵਾਂ ਕਿ ਮਲ੍ਹਿਆਂ ਦੇ ਬੇਰ ਮੈਂ ਨਹੀਂ ਖਾਧੇ ਕਿਉਂਕਿ ਇਹ ਸਾਡੇ ਪਿੰਡ ਤੇ ਇਸਦੇ ਲਾਗਲੇ ਪਿੰਡਾਂ ਵਿਚ ਨਹੀ ਸਨ ਹੁੰਦੇ। ਕਾਰਨ ਮੁਰੱਬੇਬੰਦੀ ਅਤੇ ਦੁਆਬੀਆਂ ਦੀ ਸੁੰਗੜਦੀ ਜ਼ਮੀਨ ਹੀ ਹੈ। ਇਨ੍ਹਾਂ ਦਾ ਸੁਆਦ ਤਾਂ ਮੈਂ ਵੱਡੇ ਹੋ ਕੇ ਮਾਲਵੇ ਦੇ ਸਾਹਿਤ ਵਿਚੋਂ ਹੀ ਮਾਣਿਆ ਹੈ। ਹਾਂ, ਉੱਚੀ ਬੇਰੀ ਵਾਲੇ ਬੇਰਾਂ ਦਾ ਲੁਤਫ਼ ਬਥੇਰਾ ਲਿਆ ਹੈ। ਬੇਰਾਂ ਦੀ ਸਮੱਸਿਆ ਇਹ ਸੀ ਕਿ ਇਹ ਸਾਨੂੰ ਕਈ ਵਾਰੀ ਟੁੱਕੇ ਹੋਏ ਹੀ ਮਿਲਦੇ ਸਨ, ਤੇ ਟੁੱਕੇ ਵੀ ਪੱਕੇ ਹੋਏ ਪਾਸਿਓਂ। ਇਹ ਕਾਰਾ ਦੋਜ਼ਖ ਜਾਣੇਂ ਤੋਤੇ ਕਰਦੇ ਸਨ । ਪਰ ਅਸੀਂ ਟੁੱਕੇ ਹੋਏ ਬੇਰ ਵੀ ਛੱਡੀਦੇ ਨਹੀਂ ਸਨ। ਚੰਗੇ ਭਾਗਾਂ ਨੂੰ ਕਦੇ ਕਦੇ ਸਾਬਤ ਬੇਰ ਵੀ ਮਿਲ ਜਾਂਦੇ ਸਨ। ਇਸ ਫਲ ਦਾ ਸੁਆਦ ਏਧਰਲੇ ਕਿਸੇ ਫਲ ਵਿਚ ਨਹੀਂ। ਕਹਿੰਦੇ ਹਨ ਕੈਨੇਡਾ ਵਿਚ ਵੈਨਕੂਵਰ ਵੰਨੀਂ ਕਿਸੇ ਮੇਰੇ ਵਰਗੇ ਪਿਛਾਂਹ-ਵਧੂ ਦੇਸੀ ਬੰਦੇ ਨੇ ਬੇਰ ਉਗਾਏ ਹਨ ਪਰ ਭਾਂਤ ਸੁਭਾਂਤੀਆ ਬੈਰੀਆਂ ਦੇ ਸ਼ੌਕੀਨ ਗੋਰੇ ਇਸਦੇ ਗਾਹਕ ਨਹੀਂ ਬਣੇ। ਪਰ ਜਿਵੇਂ ਕਹਿੰਦੇ ਹਨ ਗਧਾ ਕੀ ਜਾਣੇ ਗੁਲਕੰਦ ਦਾ ਸੁਆਦ। ਭਲੇਮਾਣਸੋ ਬੈਰੀ ਕੀ ਹੋਈ ਬੇਰ ਦੇ ਮੁਕਾਬਲੇ। ਨਾਲੇ ਜਿਸ ਫਲ ਦੀ ਰਾਖੀ ਲਈ ਕੁਦਰਤ ਨੇ ਕੰਡੇ ਲਾਏ ਹਨ ਉਸ ਵਿਚ ਜ਼ਰੂਰ ਕੋਈ ਅਲੌਕਿਕ ਸੁਆਦ ਭਰੇ ਪਏ ਹਨ। ਖੈਰ ਆਪਾਂ ਗੱਲ ਹੋਰ ਹੀ ਪਾਸੇ ਲੈ ਗਏ। ਮੈਂ ਤੇ ਮੇਰੇ ਆੜੀ ਠੇਲੇ ਨੂੰ ਇਕ ਦਿਨ ਬੇਰੀ ਦੀ ਟੀਸੀ 'ਤੇ ਪੱਕਿਆ ਹੋਇਆ ਲਾਲ ਸੂਹਾ ਬੇਰ ਦਿਸਿਆ, ਅਸਮਾਨ ਵਿਚ ਚਮਕਦੇ ਸ਼ਾਮ ਦੇ ਤਾਰੇ ਜਿਹਾ। ਅਸੀ ਕਿਧਰੋਂ ਢਾਂਗੀ ਚੁੱਕ ਲਿਆਏ ਪਰ ਉਹ ਢਾਂਗੀ ਟੀਸੀ ਤਕ ਨਹੀਂ ਸੀ ਮਾਰ ਕਰਦੀ। ਹੌਂਸਲਾ ਕਰਕੇ ਮੈਂ ਹੀ ਬੇਰੀ 'ਤੇ ਚੜ੍ਹਿਆ। ਚੁਭਵੇਂ ਕੰਡਿਆਂ ਨਾਲ ਭਰਪੂਰ ਬੇਰੀ ਦੀਆਂ ਟਾਹਣੀਆਂ ਚੜ੍ਹਦਾ ਮੈਂ ਬਹੁਤ ਦੂਰ ਤਕ ਅੱਪੜ ਗਿਆ ਪਰ ਬੇਰ ਤਕ ਨਾ ਪਹੁੰਚ ਸਕਿਆ। ਟਾਹਣੀਆਂ ਕਮਜ਼ੋਰ ਸਨ ਤੇ ਕੰਡੇ ਥਾਂ ਪੁਰ ਥਾਂ । ਮੈਂ ਬੇਰ ਵਾਲੀ ਟਾਹਣੀ ਨੂੰ ਹਲੂਣਾ ਦਿੱਤਾ ਤੇ ਸਰਕਰਦਾ ਬੇਰ ਸਰਰ ਸਰਰ ਕਰਦਾ ਹੇਠਾਂ ਜਾ ਡਿੱਗਿਆ। ਬਿੱਲੀ ਵਾਂਗ ਛਹਿ ਲਾਈ ਬੈਠੇ ਮੇਰੇ ਲੰਗੋਟੀਏ ਯਾਰ ਠੇਲੇ ਨੇ ਆ ਵੀ ਦੇਖਿਆ ਤਾਅ ਵੀ ਤੇ ਯਕਲਖਤ ਬੇਰ 'ਤੇ ਝਪਟ ਪਿਆ। ਮੈਨੂੰ ਟੀਟਣਾ ਦਿਖਾਉਂਦਾ ਸੂਟ ਵੱਟੀ ਔਹ ਗਿਆ ਔਹ ਗਿਆ ਹੋ ਗਿਆ। ਕਚੀਚੀਆਂ ਵਟਦਾ, ਗਾਲ੍ਹਾਂ ਕਢਦਾ ਤੇ ਆਪਣਾ ਮਣਾਂ-ਮੂੰਹੀਂ ਭਾਰ ਚੁਕਦਾ ਲਹੂ ਲੁਹਾਣ ਮੈਂ ਬੇਰੀ ਤੋਂ ਹੇਠਾਂ ਉੱਤਰਿਆ। ਮੈਨੂੰ ਉਸ ਧੋਖੇਬਾਜ਼, ਲਾਲਚੀ, ਖੁਦਗ਼ਰਜ਼ ਦੋਸਤ 'ਤੇ ਬੜਾ ਗੁੱਸਾ ਅਇਆ; ਮੈਂ ਇਕ ਮਹੀਨਾ ਉਸ ਨਾਲ ਸਿੱਧੇ ਮੂੰਹ ਬੋਲਿਆ ਨਾ ਤੇ 'ਇਕ ਮੁੰਡਾ' ਕਹਿ ਕੇ ਉਸਨੂੰ ਸੰਬੋਧਤ ਹੁੰਦਾ ਰਿਹਾ। ਪਰ ਸਾਡਾ ਇਕੱਠਿਆਂ ਫਲ-ਇਕੱਤਰਣ ਦਾ ਕਿੱਤਾ ਤੇ ਸ਼ੁਗਲ ਨਿਰਵਘਿਨ ਚਲਦਾ ਰਿਹਾ।

ਮੇਰੇ ਬਚਪਨ ਦੇ ਫਰੂਟਾਂ ਦਾ ਜ਼ਿਕਰ ਸੁਣਕੇ ਸ਼ਾਇਦ ਤੁਹਾਡੇ ਮੂੰਹ ਵਿਚ ਪਾਣੀ ਆ ਗਿਆ ਹੋਵੇਗਾ । ਪਰ ਮੈਂ ਅਜੇ ਤੁੱਕੇ, ਬਗੂੜਿਆਂ, ਪੀਂਝੂਆਂ, ਫੁੱਟਾਂ, ਲਸੂੜਿਆਂ, ਜਾਮਣਾਂ ਅਤੇ ਸੰਘਾੜਿਆਂ ਦਾ ਜ਼ਿਕਰ ਨਹੀਂ ਕੀਤਾ। ਪਹਿਲੇ ਤਿੰਨੋਂ ਫਲਾਂ ਦਾ ਆਨੰਦ ਮੇਰੇ ਕੁਝ ਦਲਿਤ ਬੇਲੀਆਂ ਨੇ ਮਾਣਿਆ ਹੈ । ਉਨ੍ਹਾਂ ਮੈਨੂੰ ਇਨ੍ਹਾਂ ਫਲਾਂ ਦਾ ਸੁਆਦ ਵੀ ਦੱਸਿਆ ਹੈ ਪਰ ਮੈਂ ਠਹਿਰਿਆ ਨਿੱਜੀ ਅਨੁਭਵ ਵਾਲਾ ਲੇਖਕ । ਸੁਣੀ ਸੁਣਾਈ ਗੱਲ ਮੈਂ ਨਹੀਂ ਕਰਦਾ। ਨਿੱਕੇ ਜਿਹੇ ਬਚਪਨ ਵਿਚ ਕੋਈ ਸਾਰੇ ਫਲ ਥੋੜ੍ਹੀ ਖਾ ਸਕਦਾ ਹੈ। ਬਾਕੀ ਦੇ ਖਾਧੇ ਫਲਾਂ ਦਾ ਕਹਾਣਾ ਮੈਂ ਫਿਰ ਸੁਣਾਵਾਂਗਾ, ਪਹਿਲਾਂ ਇਹ ਮੇਜ਼ 'ਤੇ ਦੁਰਗਤ ਹੋਏ ਫਰੂਟਾਂ ਨੂੰ ਡੰਪਸਟਰ ਵਿਚ ਸੁੱਟ ਆਵਾਂ। ਏਸ ਦੌਰਾਨ ਤੁਸੀਂ ਆਪਣੇ ਮੂੰਹ ਵਿਚਲਾ ਪਾਣੀ ਸੰਭਾਲੋ ❑❑

[400-M4, Plymouth Road, Plymouth, MI 48170 USA]

ਸਾਧੂ ਬਿਨਿੰਗ ਨਾਲ ਇਕ ਮੁਲਾਕਾਤ

ਸਤਨਾਮ ਸਿੰਘ ਢਾਹ

ਕੈਨੇਡਾ ਭਰ ਦੇ ਲੋਕ ਸਾਧੂ ਬਿਨਿੰਗ ਨੂੰ ਪੰਜਾਬੀ ਬੋਲੀ ਦੇ ਝੰਡਾ ਬਰਦਾਰ ਦੇ ਨਾਂ ਨਾਲ ਜਾਣਦੇ ਹਨ। ਪਿਛਲੇ ਕਈ ਸਾਲਾਂ ਤੋਂ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਵਿਚ ਪੰਜਾਬੀ ਪੜ੍ਹਾਉਣ ਦੇ ਨਾਲ ਨਾਲ ਪੰਜਾਬੀ ਭਾਸ਼ਾ ਨੂੰ ਕੈਨੇਡਾ ਵਿਚ ਯੋਗ ਸਥਾਨ ਦੁਆਉਣ ਲਈ ਸੰਘਰਸ਼ ਵਿਚ ਉਸਨੇ ਸਰਗਰਮ ਭੂਮਿਕਾ ਨਿਭਾਈ ਹੈ। ਇਕ ਚੇਤੰਨ ਮਨੁੱਖ ਵਜੋਂ ਉਸਨੇ ਆਰਥਿਕ, ਰਾਜਨੀਤਕ ਤੇ ਸਭਿਆਚਾਰਕ ਨੌਈਅਤ ਦੇ ਮੁੱਦਿਆਂ ਉੱਤੇ ਕਲਮ ਰਾਹੀਂ ਅਤੇ ਅਮਲੀ ਰੂਪ ਵਿਚ ਵੀ ਕਾਫੀ ਕੁਝ ਕੀਤਾ ਹੈ। ਉੱਨੀ ਵੀਹ ਸਾਲ ਦੀ ਉਮਰ ਵਿਚ ਉਹ ਆਪਣੇ ਮਾਪਿਆਂ ਤੇ ਛੋਟੇ ਭਰਾ ਨਾਲ ਕੈਨੇਡਾ ਆਇਆ ਸੀ। ਰੋਟੀ ਰੋਜ਼ੀ ਲਈ ਉਸ ਨੇ ਵੀ ਉਹ ਸਾਰੇ ਕੰਮ ਕੀਤੇ ਜਿਹੜੇ ਨਵੇਂ ਆਏ ਇੰਮੀਗਰੈਂਟ ਕਰਦੇ ਹਨ। ਬਹੁਤ ਘੱਟ ਲੋਕ ਹਨ ਜਿਨ੍ਹਾਂ ਨੂੰ ਪਰਵਾਸ ਵਿਚ ਇਨ੍ਹਾਂ ਸਾਰੀਆਂ ਤੰਗੀਆਂ ਤੁਰਸ਼ੀਆਂ ਵਿਚੋਂ ਨਾ ਲੰਘਣਾ ਪਿਆ ਹੋਵੇ। ਔਪਰ ਸਾਧੂ ਬਿਨਿੰਗ ਵਿਚ ਅਤੇ ਦੂਜੇ ਲੋਕਾਂ ਵਿਚ ਫ਼ਰਕ ਏਨਾ ਹੈ ਕਿ ਉਸਨੇ ਰਾਤੋ ਰਾਤ ਅਮੀਰ ਹੋਣ ਜਾਂ ਆਪਣਾ ਨਾਂ ਬਣਾਉਣ ਲਈ ਹੱਥ ਪੈਰ ਨਹੀਂ ਮਾਰੇ। ਨਾ ਹੀ ਬਹੁਤੇ ਲੋਕਾਂ ਵਾਂਗ ਕੰਮ ਕਰ ਲਿਆ, ਰਿਲੈਕਸ ਹੋਣ ਲਈ ਦੋ ਪੈੱਗ ਵਿਸਕੀ ਦੇ ਲਾਏ, ਸੌਂ ਗਏ ਅਤੇ ਸਵੇਰੇ ਫੇਰ ਕੰਮ 'ਤੇ ਵਾਲੀ ਗੱਲ ਹੀ ਕੀਤੀ। ਇਉਂ ਹੀ ਪਹਿਲਾਂ ਇਕ ਘਰ ਤੇ ਦੋ ਸਾਲਾਂ ਬਾਅਦ ਇਕ ਹੋਰ ਨਵਾਂ ਤੇ ਵੱਡਾ ਘਰ ਬਣਾਉਣਾ ਉਸਦਾ ਏਜੰਡਾ ਨਹੀਂ ਰਿਹਾ। ਇਸ ਦੇ ਉਲਟ 1967 ਵਿਚ ਕੈਨੇਡਾ ਪੁੱਜੇ ਇਸ ਸਿਰੜੀ ਤੇ ਮਿਹਨਤੀ ਮਨੁੱਖ ਨੇ ਮਜ਼ਦੂਰੀ ਕਰਨ ਦੇ ਨਾਲ ਕੈਨੇਡਾ ਵਿਚ ਯੂਨੀਵਰਸਿਟੀ ਦੀ ਪੱਧਰ ਉੱਤੇ ਉਚੇਰੀ ਪੜ੍ਹਾਈ ਕੀਤੀ। ਸਿੱਟੇ ਵਜੋਂ ਉਹ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਵਿਚ ਪੰਜਾਬੀ ਦੇ ਅਧਿਆਪਕ ਦੇ ਪਦ ਤਕ ਪਹੁੰਚਿਆ।

ਸਾਧੂ ਬਿਨਿੰਗ ਬਹੁ-ਵਿਧਾਵੀ ਲੇਖਕ ਹੈ। ਕਵਿਤਾ, ਕਹਾਣੀ, ਨਾਟਕ, ਨਾਵਲ ਤੇ ਵਾਰਤਕ ਉਸਨੇ ਸਭਨਾਂ ਵਿਧਾਵਾਂ ਉੱਤੇ ਸਫਲਤਾ ਨਾਲ ਕਲਮ ਚਲਾਈ ਹੈ। ਮੌਲਿਕ, ਅਨੁਵਾਦ ਤੇ ਸੰਪਾਦਨ ਦੀਆਂ ਇਕ ਦਰਜਨ ਤੋਂ ਵੱਧ ਕਿਤਾਬਾਂ ਉਸਨੇ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ ਜਿੰਨ੍ਹਾਂ ਵਿਚੋਂ ਕੁਝ ਕਿਤਾਬਾਂ ਸੁਖਵੰਤ ਹੁੰਦਲ ਤੇ ਹੋਰ ਲੇਖਕਾਂ ਨਾਲ ਰਲ਼ ਕੇ ਲਿਖੀਆਂ ਹਨ। ਉਸਦੀਆਂ ਸਾਹਿਤਕ ਰਚਨਾਵਾਂ ਦੇਸ਼ ਬਦੇਸ਼ ਵਿਚ ਪੰਜਾਬੀ ਦੇ ਪ੍ਰਤਿਸ਼ਠਤ ਮੈਗਜ਼ੀਨਾਂ ਦੇ ਨਾਲ ਨਾਲ ਕੈਨੇਡਾ, ਅਮਰੀਕਾ ਦੇ ਅੰਗਰੇਜ਼ੀ ਦੇ ਕਈ ਸਥਾਪਤ ਮੈਗਜ਼ੀਨਾਂ ਅਤੇ ਪਾਕਿਸਤਾਨ ਦੇ ਰਸਾਲਿਆਂ ਵਿਚ ਵੀ ਛਪਦੀਆਂ ਰਹੀਆਂ ਹਨ। ਸਾਧੂ ਬਿਨਿੰਗ ਕੈਨੇਡਾ ਵਿਚ ਪੰਜਾਬੀ ਨੂੰ ਜਿਉਂਦਾ ਰੱਖਣ ਲਈ, ਆਪਣੇ ਸਭਿਆਚਾਰ ਨੂੰ ਸਾਂਭਣ ਲਈ ਅਤੇ ਆਰਥਿਕ ਢਾਂਚੇ, ਜਿਸ ਵਿਚ ਅਮੀਰ ਹੋਰ ਅਮੀਰ ਹੋ ਰਿਹਾ ਤੇ ਗ਼ਰੀਬ ਹੋਰ ਗ਼ਰੀਬ ਹੋ ਰਿਹਾ, ਵਿਚ ਤਬਦੀਲੀ ਲਿਆਉਣ ਬਾਰੇ ਬਹੁਤ ਹੀ ਚਿੰਤਤ ਹੈ। ਬ੍ਰਿਟਿਸ਼ ਕੋਲੰਬੀਆ ਵਿਚ ਫਾਰਮ ਕਾਮਿਆਂ ਦੀ ਹੋ ਰਹੀ ਲੁੱਟ ਦੇ ਵਿਰੁੱਧ ਅਤੇ ਬਾਕੀ ਕੰਮ ਕਰਨ ਵਾਲਿਆਂ ਲਈ ਵੀ ਪੂਰੀ ਹਮਦਰਦੀ ਰੱਖਦਾ ਹੋਇਆ ਉਹ ਉਨ੍ਹਾਂ ਦੀ ਆਵਾਜ਼ ਵੀ ਬਣਿਆ ਹੈ। ਆਪਣੀਆਂ ਇਹ ਬਹੁਭਾਂਤੀ ਸਰਗਰਮੀਆਂ ਜਾਰੀ ਰਖਦਾ ਹੋਇਆ ਉਹ ਅੱਜ ਕੱਲ੍ਹ ਆਪਣੀ ਜੀਵਨ ਸਾਥਣ ਜਗਦੀਸ਼, ਨੂੰਹ ਰੋਜ਼ੀ ਅਤੇ ਪੁੱਤਰ ਪ੍ਰੀਤ ਨਾਲ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਬਰਨਬੀ ਵਿਚ ਰਹਿ ਰਿਹਾ ਹੈ। ਕੁਝ ਸਮਾਂ ਪਹਿਲਾਂ ਉਸਦੇ ਨਾਲ ਖੁੱਲ੍ਹੀ ਗੱਲ ਬਾਤ ਹੋਈ ਜਿਸ ਦੇ ਕੁਝ ਅੰਸ਼ ਏਥੇ ਪੇਸ਼ ਹਨ।

? ਸਾਧੂ ਜੀ ਸਾਹਿਤਕ ਸਫ਼ਰ ਬਾਰੇ ਗੱਲ ਕਰਨ ਤੋਂ ਪਹਿਲਾਂ, ਆਪਣੇ ਬਚਪਨ ਤੇ ਪਿਛੋਕੜ ਬਾਰੇ ਕੁਝ ਦੱਸੋ?

-ਮੇਰਾ ਜਨਮ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਚਹੇੜੂ 'ਚ ਦਸੰਬਰ 1947 ਹੋਇਆ। ਮੇਰੇ ਪਿਤਾ ਸ੍ਰ. ਅਜੀਤ ਸਿੰਘ ਸੁਰਗਵਾਸ ਹੋ ਚੁੱਕੇ ਹਨ ਤੇ ਮਾਤਾ ਜੀ ਮੇਰੇ ਛੋਟੇ ਵੀਰ ਪਾਲ ਕੋਲ ਰਿਚਮੰਡ ਵਿਚ ਰਹਿੰਦੇ ਹਨ।

ਪ੍ਰਾਇਮਰੀ ਦੀ ਪੜ੍ਹਾਈ ਮੈਂ ਆਪਣੇ ਪਿੰਡ ਦੇ ਸਕੂਲ ਤੋਂ ਕੀਤੀ ਤੇ ਮੈਟਰਿਕ ਰਾਮਗੜ੍ਹੀਆ ਸਕੂਲ ਫਗਵਾੜਾ ਤੋਂ। ਮੇਰਾ ਬਚਪਨ ਵੀ ਆਮ ਪੰਜਾਬੀਆਂ ਵਾਂਗ ਤੰਗੀਆਂ ਤੁਰਸ਼ੀਆਂ ਨਾਲ ਘੁਲ਼ਦਿਆਂ ਲੰਘਿਆ। ਹਾਈ ਸਕੂਲ ਤੋਂ ਬਾਅਦ ਛੇਤੀ ਹੀ ਮੈਂ ਕਨੇਡਾ ਆ ਗਿਆ। ਮੇਰੇ ਤਾਇਆ ਜੀ 1933 ਵਿਚ ਏਥੇ ਆਏ ਸਨ ਤੇ ਮੇਰੇ ਪਿਤਾ ਜੀ ਸੱਠਵਿਆਂ ਦੇ ਸ਼ੁਰੂ ਵਿਚ। ਮੈਂ ਤੇ ਮੇਰਾ ਛੋਟਾ ਭਰਾ ਮਾਂ ਦੇ ਨਾਲ 1967 ਵਿਚ ਆਏ। ਇਥੇ ਆ ਕੇ ਫਾਰਮਾਂ ਵਿਚ ਤੇ ਲੱਕੜੀ ਦੀਆਂ ਮਿੱਲਾਂ ਵਿਚ ਕੰਮ ਕੀਤਾ। 1970 ਵਿਚ ਮੈਨੂੰ ਕੈਨੇਡਾ ਪੋਸਟ ਵਿਚ ਕੰਮ ਮਿਲ ਗਿਆ। ਕੰਮ ਕਰਨ ਦੇ ਨਾਲ ਨਾਲ ਮੈਂ ਪਾਰਟ ਟਾਇਮ ਪੜ੍ਹਾਈ ਵੀ ਕਰਦਾ ਰਿਹਾ। ਬੀ. ਏ. ਕਰਨ ਤੋਂ ਬਾਅਦ ਮੈਂ ਫੁੱਲ-ਟਾਇਮ ਸਕੂਲ ਜਾ ਕੇ ਸਾਈਮਨ ਫਰੇਜ਼ਰ ਯੂਨੀਵਰਸਿਟੀ ਤੋਂ ਸੋਸ਼ਿਆਲੋਜੀ ਦੀ ਐੱਮ.ਏ. ਕੀਤੀ।

? ਸੋਸ਼ਿਆਲੋਜੀ ਦੀ ਮਾਸਟਰ ਤੁਹਾਨੂੰ ਲੱਗਦੈ ਕਿ ਤੁਹਾਡੇ ਕੈਰੀਅਰ ਵਿਚ ਜਾਂ ਲਿਖਣ ਖੇਤਰ ਵਿਚ ਮਦਦਗਾਰ ਸਾਬਤ ਹੋਈ?

-ਬਹੁਤ ਜ਼ਿਆਦਾ। ਜੇ ਮੈਂ ਕਹਾਂ ਕਿ ਸੋਸ਼ਿਆਲੋਜੀ ਦੀ ਸਟੱਡੀ ਨੇ ਮੇਰਾ ਦੁਨੀਆ ਨੂੰ ਦੇਖਣ ਦਾ ਨਜ਼ਰੀਆ ਹੀ ਬਦਲ ਦਿੱਤਾ ਤਾਂ ਅਤਿ ਕਥਨੀ ਨਹੀਂ ਹੋਵੇਗੀ। ਜੋ ਕੁਝ ਮੈਂ ਅੱਜ ਹਾਂ, ਜੇ ਸੋਸ਼ਿਆਲੋਜੀ ਨਾ ਪੜ੍ਹੀ ਹੁੰਦੀ ਤਾਂ ਨਹੀਂ ਸੀ ਹੋਣਾ। ਇਸ ਖੇਤਰ ਵਿਚ ਪੜ੍ਹਨ ਦੀ ਦਿਲਚਸਪੀ ਸ਼ਾਇਦ ਇਸ ਕਰਕੇ ਵੀ ਜ਼ਿਆਦਾ ਸੀ ਕਿ ਸਾਡੇ ਪਰਿਵਾਰ ਵਿਚ ਪ੍ਰੌਗਰੈਸਿਵ ਵਿਚਾਰਾਂ ਦਾ ਬਹੁਤ ਪ੍ਰਭਾਵ ਸੀ। ਮੇਰੇ ਤਾਇਆ ਜੀ ਧੰਨਾ ਸਿੰਘ ਦੀ ਦਰਸ਼ਨ ਸਿੰਘ ਕਨੇਡੀਅਨ ਨਾਲ ਕਾਫੀ ਸਾਂਝ ਸੀ। ਦਰਸ਼ਨ ਸਿੰਘ ਕਨੇਡੀਅਨ 1937 ਤੋਂ 1947 ਤਕ ਕਨੇਡਾ ਰਹੇ ਤਾਂ ਉਸ ਵੇਲੇ ਮੇਰੇ ਤਾਇਆ ਜੀ ਨੇ ਕਾਫੀ ਸਮਾਂ ਉਨ੍ਹਾਂ ਨਾਲ ਬਿਤਾਇਆ। ਵਾਪਸ ਭਾਰਤ ਜਾ ਕੇ ਦਰਸ਼ਨ ਸਿੰਘ ਆਪਣੇ ਸੰਘਰਸ਼ ਦੇ ਦਿਨਾਂ 'ਚ ਜਦੋਂ ਅੰਡਰ-ਗਰਾਉਂਡ ਹੁੰਦੇ ਤਾਂ ਸਾਡਾ ਘਰ ਵੀ ਉਨ੍ਹਾਂ ਦੀ ਲੁਕਣ ਵਾਲੀ ਇਕ ਥਾਂ ਹੁੰਦਾ ਸੀ। ਇਸ ਤਰ੍ਹਾਂ ਮੇਰੇ 'ਤੇ ਬਚਪਨ ਤੋਂ ਹੀ ਅਚੇਤ ਸੁਚੇਤ ਅਗਾਂਹਵਧੂ ਵਿਚਾਰਾਂ ਦਾ ਪ੍ਰਭਾਵ ਪਿਆ। ਤੇ ਏਥੇ ਯੂਨੀਵਰਸਿਟੀ ਵਿਚ ਸੋਸ਼ਿਆਲੋਜੀ ਦੀ ਪੜ੍ਹਾਈ ਰਾਹੀਂ ਮੈਂ ਆਪਣੇ ਉਨ੍ਹਾਂ ਵਿਚਾਰਾਂ ਨੂੰ ਹੋਰ ਚੰਗੀ ਤਰ੍ਹਾਂ ਜਾਣਿਆਂ। ਇਸੇ ਕਰਕੇ ਮੇਰਾ ਐੱਮ. ਏ. ਦਾ ਥੀਸਸ ਵੀ ਬ੍ਰਿਟਿਸ਼ ਕੋਲੰਬੀਆ ਵਿਚ ਫ਼ਾਰਮ ਵਰਕਰ ਯੂਨੀਅਨ ਬਾਰੇ ਸੀ। ਸੋ ਇਸ ਵਿਸ਼ੇ ਨੇ ਮੇਰੀ ਸੂਝ ਵਿਚ ਹੀ ਵਾਧਾ ਨਹੀਂ ਕੀਤਾ ਇਹ ਮੇਰੀਆਂ ਸਾਹਿਤਕ ਕੋਸ਼ਿਸ਼ਾਂ ਵਿਚ ਵੀ ਸਹਾਈ ਹੋਇਆ।

? ਤੁਹਾਡੇ ਘਰ ਵਿਚ ਤਾਂ ਸਾਹਿਤਕ ਮਾਹੌਲ ਨਹੀਂ ਸੀ। ਫੇਰ ਤੁਹਾਨੂੰ ਸਾਹਿਤਕ ਪ੍ਰੇਰਨਾ ਕਿੱਥੋਂ ਮਿਲੀ?

-ਮੈਂ ਕਹਿ ਸਕਦਾ ਹਾਂ ਕਿ ਮੈਨੂੰ ਵਧੀਆ ਸਾਹਿਤ ਪੜ੍ਹਨ ਦੀ ਪ੍ਰੇਰਨਾ ਤਾਂ ਹਾਈ ਸਕੂਲ ਵਿਚ ਹੀ ਮਿਲ਼ੀ। ਉਂਝ ਕਿਤਾਬਾਂ ਦੀ ਗੱਲ ਮੈਂ ਤੁਹਾਨੂੰ ਦੱਸਦਾਂ ਕਿ ਜਦੋਂ ਚੌਥੀ ਜਾਂ ਪੰਜਵੀਂ ਜਮਾਤ ਵਿਚ ਸੀ ਤਾਂ ਇਕ ਛੋਟੀ ਜਿਹੀ ਕਿਤਾਬ ਪੜ੍ਹੀ ਜਿਸ ਵਿਚ ਇਕ ਕਹਾਣੀ ਪਰੀਆਂ ਬਾਰੇ ਸੀ। ਜਿਉਂ ਹੀ ਮੈਂ ਉਹ ਪੜ੍ਹੀ ਤਾਂ ਮੈਨੂੰ ਐਸੀ ਲਗਨ ਲੱਗੀ ਜੋ ਅੱਜ ਤਕ ਕਾਇਮ ਹੈ। ਫਗਵਾੜੇ ਹਾਈ ਸਕੂਲ ਵਿਚ ਕੁਝ ਕਿਤਾਬਾਂ ਪੜ੍ਹਨੀਆਂ ਪਸੰਦ ਕਰਨ ਵਾਲੇ ਦੋਸਤ ਮਿਲ਼ ਗਏ ਤੇ ਕੁਝ ਸੂਝ ਵਾਲੇ ਅਧਿਆਪਕ ਵੀ। ਦੋ ਸਾਥੀ ਵਿਦਿਆਰਥੀ ਕਰਨੈਲ ਮਾਨ ਤੇ ਪ੍ਰੇਮ ਪਾਲ ਖਾਂਦੇ ਪੀਂਦੇ ਘਰਾਂ ਤੋਂ ਸਨ ਤੇ ਨਾਲ ਸਾਹਿਤ ਦਾ ਸ਼ੌਕ ਵੀ ਰੱਖਦੇ ਸਨ। ਉਹ ਪੰਜਾਬੀ ਹਿੰਦੀ ਦੀਆਂ ਕਹਾਣੀਆਂ ਨਾਵਲ ਤੇ ਰਸਾਲੇ ਵਗੈਰਾ ਖ਼ਰੀਦ ਲੈਂਦੇ ਸਨ। ਉਨ੍ਹਾਂ ਤੋਂ ਬਾਅਦ ਮੈਨੂੰ ਵੀ ਪੜ੍ਹਨ ਦਾ ਮੌਕਾ ਮਿਲ ਜਾਂਦਾ। ਫਗਵਾੜੇ ਬਾਂਸਾਂ ਵਾਲੇ ਬਜ਼ਾਰ ਵਿਚ ਇਕ ਦੁਕਾਨ ਪਤੰਗ ਵੇਚਣ ਵਾਲਿਆਂ ਦੀ ਹੁੰਦੀ ਸੀ। ਉਹ ਕਿਤਾਬਾਂ ਪੜ੍ਹਨ ਨੂੰ ਕਿਰਾਏ 'ਤੇ ਦੇ ਦਿਆ ਕਰਦੇ ਸਨ। ਮੈਂ ਹਰ ਹਫਤੇ ਕੋਈ ਨਾ ਕੋਈ ਨਾਵਲ ਜਾਂ ਕਹਾਣੀਆਂ ਦੀ ਕਿਤਾਬ ਕਿਰਾਏ 'ਤੇ ਲੈ ਕੇ ਪੜ੍ਹ ਲੈਂਦਾ ਸੀ। ਦਸਵੀਂ ਕਰਨ ਤਕ ਮੈਂ ਪੰਜਾਬੀ ਹਿੰਦੀ ਦੇ ਬਹੁਤ ਸਾਰੇ ਨਾਵਲਕਾਰਾਂ, ਕਹਾਣੀਕਾਰਾਂ ਨੂੰ ਪੜ੍ਹ ਲਿਆ ਸੀ। ਜੇ ਮੈਂ ਇਹ ਕਹਾਂ ਕਿ ਪੰਜਾਬੀ ਸਾਹਿਤ ਨਾਲ ਮੇਰੀ ਜਾਣ ਪਛਾਣ ਹੋ ਗਈ ਸੀ ਤਾਂ ਮੇਰਾ ਖ਼ਿਆਲ ਹੈ ਗ਼ਲਤ ਨਹੀਂ ਹੋਵੇਗਾ। ਪੜ੍ਹਨ ਦੇ ਮੇਰੇ ਸ਼ੌਕ ਨੇ ਉਰਦੂ ਸਿੱਖਣ ਦੀ ਭੁੱਖ ਪੈਦਾ ਕੀਤੀ। ਦਸਵੀਂ ਕਰਨ ਤੋਂ ਬਾਅਦ ਪਿੰਡ ਦੇ ਇਕ ਸਿਆਣੇ ਬੰਦੇ ਗੁਰਦਾਸ ਰਾਮ, ਜਿਹਨੂੰ ਅਸੀਂ ਤਾਇਆ

ਕਹਿੰਦੇ ਹੁੰਦੇ ਸੀ, ਤੋਂ ਮਹੀਨੇ ਭਰ ਵਿਚ ਉਰਦੂ ਪੜ੍ਹਨਾ ਸਿੱਖ ਕੇ ਮੈਂ ਉਰਦੂ ਦੇ ਕਈ ਲੇਖਕਾਂ ਨੂੰ ਵੀ ਪੜ੍ਹਿਆ।

? ਸਾਹਿਤਕ ਲਗਾਉ ਤਾਂ ਤੁਹਾਨੂੰ ਹਾਈ ਸਕੂਲ ਤੋਂ ਹੀ ਸੀ। ਲਿਖਣ ਵੱਲ ਆਉਣ ਦਾ ਸਬੱਬ ਕਦੋਂ ਤੇ ਕਿਸ ਤਰ੍ਹਾਂ ਬਣਿਆ? ਸ਼ੁਰੂਆਤ ਕਵਿਤਾ ਜਾਂ ਫੇਰ ਵਾਰਤਕ ਤੋਂ ਹੋਈ?

-ਮੈਨੂੰ ਲੱਗਦੇ ਤੁਸੀਂ ਦੋ ਤਿੰਨ ਸਵਾਲ ਇੱਕੋ ਸਵਾਲ ਵਿਚ ਕਰ ਦਿੱਤੇ ਹਨ। ਮੈਂ ਤੁਹਾਡੇ ਸਵਾਲਾਂ ਦਾ ਜਵਾਬ ਸੰਖੇਪ ਵਿਚ ਦੇਣ ਦੀ ਕੋਸ਼ਿਸ਼ ਕਰਦਾਂ। ਪਹਿਲਾਂ ਤੋਂ ਹੀ ਮੇਰਾ ਸੁਭਾਅ ਬਹੁਤ ਸੰਗਾਉ ਕਿਸਮ ਦਾ ਸੀ। ਭਾਵੇਂ ਹੁਣ ਕਾਫ਼ੀ ਫ਼ਰਕ ਪੈ ਗਿਆ ਹੈ। ਦਿਲਚਸਪੀ ਵਾਲੀ ਗੱਲ ਦੱਸਦਾਂ ਕਿ ਮਈ 1967 ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਹੋਰਾਂ ਨੇ ਇਕ ਪ੍ਰੀਤ ਮਿਲਣੀ ਅੰਮ੍ਰਿਤਸਰ ਕਰਾਈ। ਮੈਂ ਪ੍ਰੀਤਲੜੀ ਪੜ੍ਹਦਾ ਹੁੰਦਾ ਸੀ। ਮੇਰੇ ਮਨ ਵਿਚ ਤਮੰਨਾ ਸੀ ਕਿ ਮੈਂ ਉਨ੍ਹਾਂ ਸਾਰੇ ਵੱਡੇ ਸਾਹਿਤਕਾਰਾਂ ਨੂੰ ਮਿਲ਼ਾਂ। ਮੈ ਆਪਣੇ ਪਿੰਡੋਂ ਆਪਣੇ ਤੋਂ ਰਤਾ ਵੱਡੀ ਉਮਰ ਦੇ ਇਕ ਮੁੰਡੇ ਨੂੰ ਨਾਲ ਲੈ ਕੇ ਅੰਮ੍ਰਿਤਸਰ ਚਲੇ ਗਿਆ। ਉਥੇ ਸਾਰੇ ਵੱਡੇ ਵੱਡੇ ਲੇਖਕ ਅਤੇ ਸੋਹਨ ਸਿੰਘ ਭਕਨਾ ਵਰਗੇ ਦੇਸ਼ ਸੇਵਕ ਤੇ ਸੋਭਾ ਸਿੰਘ ਚਿੱਤਰਕਾਰ ਵਰਗੇ ਲੋਕ ਆਏ ਹੋਏ ਸਨ। ਮੈਂ ਉਨ੍ਹਾਂ ਸਾਰਿਆਂ ਨੂੰ ਇਕ ਖੂੰਜੇ ਬੈਠ ਕੇ ਦੇਖਿਆ, ਸੁਣਿਆ। ਪਰ ਮੇਰਾ ਹਿਆਂ ਨਹੀਂ ਪਿਆ ਕਿ ਕਿਸੇ ਨੂੰ ਜਾ ਕੇ ਹੈਲੋ ਵੀ ਕਹਿ ਸਕਾਂ। ਦੂਰੋਂ ਹੀ ਦੇਖ ਸੁਣ ਕੇ ਘਰ ਨੂੰ ਆ ਗਿਆ। ਇੰਡੀਆ ਵਿਚ ਪਿੰਡ ਜਾਂ ਸ਼ਹਿਰ ਵਿਚ ਮੇਰੇ ਆਲੇ-ਦੁਆਲੇ ਪੜ੍ਹਨ ਪੜ੍ਹਾਉਣ ਵਾਲਾ ਮਾਹੌਲ ਤਾਂ ਸੀ ਪਰ ਲਿਖਣ ਵਾਲਾ ਨਹੀਂ। ਲਿਖਣ ਵਾਲਾ ਕੋਈ ਵੀ ਵਿਅਕਤੀ ਮੇਰੇ ਸੰਪਰਕ 'ਚ ਨਹੀਂ ਸੀ। ਇਸ ਤੋਂ ਬਾਅਦ ਛੇਤੀ ਹੀ ਅਸੀਂ ਕੈਨੇਡਾ ਆ ਗਏ। ਕੈਨੇਡਾ ਆ ਕੇ ਮੈਨੂੰ ਨਾਰਥ ਵੈਨਕੂਵਰ ਇਕ ਲੱਕੜੀ ਮਿੱਲ ਵਿਚ ਕੰਮ ਮਿਲ਼ ਗਿਆ। ਮੇਰਾ ਕੰਮ ਸੀ ਲੱਕੜੀ ਦਾ ਬੂਰਾ ਸ਼ਵਲ਼ ਨਾਲ ਇੱਕਠਾ ਕਰਨਾ। ਮਿੱਲ ਸਮੁੰਦਰ ਦੇ ਕੰਢੇ 'ਤੇ ਸੀ। ਜਦੋਂ ਹਾਈ-ਟਾਈਡ ਆਉਣੀ ਤਾਂ ਕਈ ਵਾਰੀ ਪਾਣੀ ਦੀਆਂ ਛੱਲਾਂ ਨਾਲ ਮਿੱਲ ਦੇ ਥੱਲੇ ਵਾਲੇ ਹਿੱਸੇ ਵਿਚ ਦੂਰ ਤਕ ਬੂਰਾ ਖਿੱਲਰ ਜਾਣਾ। ਬੜਾ ਸ਼ੋਰ ਸ਼ਰਾਬਾ ਜਿਹਾ ਹੁੰਦਾ ਸੀ। ਉਸ ਹਿੱਸੇ ਵਿਚ ਮੈਂ ਇਕੱਲਾ ਹੀ ਰਾਤ ਨੂੰ ਕੰਮ ਕਰਦਾ ਸੀ। ਜਦੋਂ ਮੈਂ ਇੰਡੀਆ ਹੁੰਦਾ ਸੀ ਤਾਂ ਹਿੰਦੀ ਦੀਆਂ ਫ਼ਿਲਮਾਂ ਦੇਖਣ ਦਾ ਬਹੁਤ ਸ਼ੌਕ ਸੀ। ਬਹੁਤ ਸਾਰੇ ਗਾਣੇ ਜ਼ੁਬਾਨੀ ਯਾਦ ਹੋ ਗਏ ਸਨ। ਇਸ ਸ਼ੋਰ ਸ਼ਰਾਬੇ ਨੇ ਮੇਰੇ ਲਈ ਸੰਗੀਤ ਜਿਹਾ ਪੈਦਾ ਕਰਨਾ ਤਾਂ ਮੈਂ ਹਿੰਦੀ ਫ਼ਿਲਮਾਂ ਦੇ ਗੀਤ ਉੱਚੀ ਉੱਚੀ ਗਾਉਣ ਲੱਗ ਪੈਣਾ। ਕਦੇ ਕਦੇ ਆਪ ਵੀ ਕੁਝ ਜੋੜਨ ਦੀ ਕੋਸ਼ਸ਼ ਕਰਨੀ। ਉਨ੍ਹਾਂ ਹੀ ਦਿਨਾਂ ਵਿਚ ਪੰਜਾਬ ਵਿਚ ਮੋਗਾ ਗੋਲ਼ੀ-ਕਾਂਡ ਹੋਇਆ ਸੀ। ਉਸ ਘਟਨਾ ਨੂੰ ਮੁੱਖ ਰੱਖ ਕੇ ਮੈਂ ਇਕ ਕਵਿਤਾ ਲਿਖੀ 'ਕੋਈ ਵੀ ਅੱਥਰੂ ਰੋਵੇ ਨਾ'। ਇਸ ਤਰ੍ਹਾਂ ਮੈਂ ਕਹਿ ਸਕਦਾ ਹਾਂ ਕਿ ਸ਼ੁਰੂਆਤ ਤਾਂ ਕਵਿਤਾ ਨਾਲ ਹੋਈ। ਇਨ੍ਹਾਂ ਦਿਨਾਂ ਵਿਚ ਸੁਰਿੰਦਰ ਧੰਜਲ ਨਾਲ ਜਾਣ ਪਛਾਣ ਹੋਈ ਤੇ ਫੇਰ ਗੁਰਚਰਨ ਰਾਮਪੁਰੀ, ਗੁਰਮੇਲ ਸਿੱਧੂ, ਗੁਰਦਿਆਲ ਕੰਵਲ ਆਦਿ ਨਾਲ ਮੇਲ ਜੋਲ ਵਧਿਆ। ਵੈਨਕੂਵਰ ਵਿਚ 1973 ਵਿਚ ਸਾਹਿਤ ਸਭਾ ਬਣੀ ਸੀ ਜਿਸ ਦਾ ਪ੍ਰਧਾਨ ਗੁਰਚਰਨ ਰਾਮਪੁਰੀ, ਸਕੱਤਰ ਸੁਰਿੰਦਰ ਧੰਜਲ ਤੇ ਖ਼ਜ਼ਾਨਚੀ ਮੈਂ ਸੀ। ਸਾਹਿਤਕ ਮਿਲਣੀਆਂ ਸ਼ੁਰੂ ਹੋ ਗਈਆਂ। ਹੁਣ ਮੇਰਾ ਆਲਾ-ਦੁਆਲਾ ਲਿਖਣ ਲਿਖਾਉਣ ਵਾਲਿਆਂ ਦਾ ਸੀ, ਜਿਸ ਨੇ ਮੈਨੂੰ ਲਿਖਣ ਲਈ ਉਤਸ਼ਾਹਤ ਕੀਤਾ। ਸਾਹਿਤ ਵਿਚ ਮੈਂ ਪਹਿਲਾਂ ਤੋਂ ਹੀ ਰੂਪ ਨਾਲੋਂ ਵਿਚਾਰਾਂ ਨੂੰ ਵੱਧ ਮਹੱਤਤਾ ਦਿੱਤੀ ਹੈ। ਆਪਣੇ ਵਿਚਾਰਾਂ ਦਾ ਪ੍ਰਗਟਾਅ ਕਦੇ ਕਵਿਤਾ, ਕਦੇ ਕਹਾਣੀ, ਨਾਟਕ ਅਤੇ ਨਾਵਲ ਰਾਹੀਂ ਵੀ ਕਰਦਾ ਹਾਂ।

? ਤੁਸੀਂ ਕਿਹਾ ਕਿਤਾਬਾਂ ਪੜ੍ਹਨ ਦੇ ਨਾਲ ਫ਼ਿਲਮਾਂ ਦੇਖਣ ਦਾ ਸ਼ੌਕ ਵੀ ਹਾਈ ਸਕੂਲ ਤੋਂ ਹੀ ਹੋ ਗਿਆ ਸੀ। ਮੇਰਾ ਸਵਾਲ ਹੈ ਕਿ ਸਾਡੇ ਪੇਂਡੂ ਮਾਹੌਲ ਵਿਚ ਨਾਵਲ ਕਹਾਣੀਆਂ ਪੜ੍ਹਨੀਆਂ ਚੰਗੀਆਂ ਨਹੀਂ ਸੀ ਸਮਝੀਆਂ ਜਾਂਦੀਆਂ ਤੇ ਫ਼ਿਲਮਾਂ ਦੇਖਣ ਦੀ ਸਖ਼ਤ ਮਨਾਹੀ ਹੁੰਦੀ ਸੀ। ਕਿਉਂਕਿ ਲੋਕ ਸੋਚਦੇ ਸਨ ਕਿ ਨਿਆਣੇ ਇਹ ਸਭ ਕੁਝ ਨਾਲ ਬਿਗੜ ਜਾਂਦੇ ਹਨ ਪਰ ਤੁਸੀਂ ...?

-ਤੁਹਾਡਾ ਸਵਾਲ ਬਹੁਤ ਹੀ ਮਹੱਤਵਪੂਰਨ ਹੈ। ਦਰਅਸਲ ਪੰਜਾਬੀਆਂ ਵਿਚ ਪਾਠਕਾਂ ਦੀ ਘਾਟ ਦੀ ਸਮੱਸਿਆ ਦੀ ਜੜ੍ਹ ਇਸੇ ਵਿਚ ਹੀ ਹੈ। ਤੁਹਾਡੀ ਗੱਲ ਬਿਲਕੁਲ ਠੀਕ ਹੈ, ਪਹਿਲਾਂ ਲੋਕ ਇਸੇ ਤਰ੍ਹਾਂ

ਹੀ ਸੋਚਦੇ ਸਨ, ਸ਼ਾਇਦ ਅੱਜ ਵੀ ਸੋਚਦੇ ਹੋਣ। ਇਹ ਗੱਲ ਸਿਰਫ਼ ਮਾਪੇ ਹੀ ਨਹੀਂ ਸੀ ਸੋਚਦੇ ਸਗੋਂ ਸਕੂਲਾਂ ਦੇ ਮਾਸਟਰ ਵੀ ਇਸੇ ਸੋਚ ਦੇ ਸਨ। ਇਸੇ ਕਰਕੇ ਮੈਨੂੰ ਕਦੇ ਵੀ ਰਾਮਗੜ੍ਹੀਆ ਸਕੂਲ ਦੀ ਲਾਇਬਰੇਰੀ ਵਿਚੋਂ ਕੋਈ ਨਾਵਲ ਜਾਂ ਕਹਾਣੀਆ ਦੀ ਕਿਤਾਬ ਲੈ ਕੇ ਪੜ੍ਹਨ ਦਾ ਮੌਕਾ ਨਸੀਬ ਨਹੀਂ ਸੀ ਹੋਇਆ। ਮਾਸਟਰ ਤਾਂ ਸਕੂਲ ਦੇ ਕੰਮ ਲਈ ਹੀ ਡੰਡਾ ਕੱਢੀ ਰੱਖਦੇ ਸਨ। ਮੈਂ ਜੋ ਕੁਝ ਵੀ ਪੜ੍ਹਿਆ, ਕਿਤਾਬਾਂ ਦੂਜਿਆਂ ਵਿਦਿਆਰਥੀਆਂ ਕੋਲੋਂ ਉਧਾਰੀਆਂ ਜਾਂ ਫੇਰ ਕਿਰਾਏ 'ਤੇ ਲੈ ਕੇ ਹੀ ਪੜ੍ਹਦਾ ਰਿਹਾਂ। ਹਾਈ ਸਕੂਲ ਪੜ੍ਹਦੇ ਸਮੇਂ ਮੇਰੇ ਪਿਤਾ ਜੀ ਕੈਨੇਡਾ ਆ ਗਏ ਸੀ। ਆਪਣੇ ਆਮ ਕਰਕੇ ਬਹੁਤਾ ਨਿਆਣੇ ਪਿਤਾ ਤੋਂ ਹੀ ਡਰਦੇ ਹਨ। ਸਾਡਾ ਹਾਈ ਸਕੂਲ ਵੀ ਪਿੰਡ ਤੋਂ ਦੂਰ ਸ਼ਹਿਰ ਵਿਚ ਸੀ। ਮਾਂਵਾਂ ਕਿਹੜਾ ਨਿਆਣਿਆਂ ਦੇ ਮਗਰ ਫਿਰ ਸਕਦੀਆਂ ਹਨ। ਇਸ ਕਰਕੇ ਮੈਂ ਆਪਣੇ ਆਪ ਨੂੰ ਥੋੜ੍ਹਾ ਆਜ਼ਾਦ ਮਹਿਸੂਸ ਕਰਦਾ ਸੀ। ਪਰ ਚੰਗੀ ਗੱਲ ਇਹ ਵਾਪਰੀ ਕਿ ਇਸ ਆਜ਼ਾਦੀ ਨੂੰ ਮੈਂ ਆਪਣਾ ਗਿਆਨ ਵਧਾਉਣ ਵਾਲੇ ਪਾਸੇ ਲਾਇਆ, ਨਹੀਂ ਤਾਂ ਇਹ ਆਜ਼ਾਦੀ ਮੈਨੂੰ ਪੁੱਠੇ ਕੰਮੀਂ ਵੀ ਲਾ ਸਕਦੀ ਸੀ। ਇਸੇ ਤਰ੍ਹਾਂ ਫ਼ਿਲਮਾਂ ਦੀ ਗੱਲ ਹੈ। ਤੁਹਾਡੇ ਆਪਣੇ ਵੀ ਹੱਥ ਬਸ ਕੁਝ ਹੁੰਦਾ ਹੈ। ਬਾਕੀ ਗੱਲ ਹੈ ਕਿ ਭਾਵੇਂ ਕੋਈ ਕਿਤਾਬ ਹੈ ਜਾਂ ਕੋਈ ਫ਼ਿਲਮ ਜਾਂ ਹੁਣ ਕੰਪਿਊਟਰ ਹੀ ਲੈ ਲਓ, ਇਹਨਾਂ ਸਭ ਨੂੰ ਆਪਾਂ ਚੰਗੇ ਪਾਸੇ ਵੀ ਵਰਤ ਸਕਦੇ ਹਾਂ ਤੇ ਮਾੜੇ ਪਾਸੇ ਵੀ। ਕਿਤਾਬਾਂ ਵਾਂਗ ਹੀ ਬਚਪਨ ਵਿਚ ਦੇਖੀ ਪਹਿਲੀ ਫ਼ਿਲਮ ਨੇ ਐਸਾ ਜਾਦੂ ਕੀਤਾ ਕਿ ਅੱਜ ਵੀ ਮੈਂ ਸਾਰੀ ਦਿਹਾੜੀ ਟੀਵੀ ਦੇਖ ਸਕਦਾ ਹਾਂ। ਸਵਾਲ ਇਹ ਹੈ ਕਿ ਤੁਸੀਂ ਕੀ ਦੇਖਦੇ ਤੇ ਕੀ ਪੜ੍ਹਦੇ ਹੋ।

? ਫੇਰ ਤਾਂ ਤੁਸੀਂ ਫ਼ਿਲਮਾਂ ਦੇ ਰਿਵੀਊਕਾਰ ਵੀ ਬਣ ਸਕਦੇ ਸੀ?

-ਹਾਂ ਇਹ ਗੱਲ ਬਿਲਕੁਲ ਸੰਭਵ ਹੈ। ਅਸਲ 'ਚ ਮੈਂ ਤੇ ਸੁਖਵੰਤ ਹੁੰਦਲ ਆਪਣੇ ਪਰਚੇ 'ਵਤਨ' ਲਈ ਕੁਝ ਫ਼ਿਲਮਾਂ ਦੇ ਰਿਵੀਊ ਲਿਖਦੇ ਵੀ ਰਹੇ ਹਾਂ। ਸੱਤਰਵਿਆ ਵਿਚ 'ਅੰਕੁਰ' ਤੇ 'ਆਕਰੋਸ਼' ਨਾਲ ਸ਼ੁਰੂ ਹੋ ਕੇ ਹਿੰਦੀ ਦੀਆਂ ਬਹੁਤ ਵਧੀਆ ਫ਼ਿਲਮਾਂ ਬਣੀਆਂ ਤੇ ਤਕਰੀਬਨ ਸਾਰੀਆਂ ਫ਼ਿਲਮਾਂ ਦੇਖੀਆਂ ਵੀ। ਵੈਨਕੂਵਰ ਵਰਗੇ ਸ਼ਹਿਰ ਵਿਚ ਰਹਿਣ ਕਰਕੇ ਅੰਗਰੇਜ਼ੀ ਹੀ ਨਹੀਂ ਹੋਰ ਵੀ ਜ਼ੁਬਾਨਾਂ ਦੀਆਂ ਵਧੀਆ ਫਿਲਮਾਂ ਦੇਖਣ ਦਾ ਮੌਕਾ ਮਿਲਦਾ ਰਹਿੰਦਾ ਹੈ।

? ਚਲੋ ਆਪਣੀ ਰਚਨਾਤਮਕ ਪ੍ਰਾਪਤੀ ਬਾਰੇ ਦੱਸੋ। ਤੁਸੀਂ ਹੁਣ ਤਕ ਕਿਹੜੀਆਂ ਕਿਹੜੀਆਂ ਕਿਤਾਬਾਂ ਲਿਖੀਆਂ?

- ਮੈਂ ਹੁਣ ਤਕ ਦੋ ਕਹਾਣੀ ਸੰਗ੍ਰਹਿ, ਚਾਰ ਕਾਵਿ ਸੰਗ੍ਰਹਿ, ਇਕ ਨਾਵਲ ਤੇ ਕੁਝ ਹੋਰ ਕਿਤਾਬਾਂ ਛਪਵਾਈਆਂ ਹਨ ਜਿਨ੍ਹਾਂ ਵਿਚ ਨਾਟਕ, ਖੋਜ, ਅਨੁਵਾਦ ਅਤੇ ਸੰਪਾਦ ਕੀਤੀਆਂ ਕਿਤਾਬਾਂ ਸ਼ਾਮਲ ਹਨ। ਕੁਲ ਮਿਲ ਮਿਲਾ ਕੇ ਚੌਦਾਂ ਪੰਦਰਾਂ ਹੋਣਗੀਆਂ। ਇਨ੍ਹਾਂ ਵਿਚੋਂ ਕੁਝ ਕਿਤਾਬਾਂ ਮੈਂ ਸੁਖਵੰਤ ਹੁੰਦਲ ਨਾਲ ਮਿਲ ਕੇ ਵੀ ਲਿਖੀਆਂ ਅਤੇ ਸੰਪਾਦ ਕੀਤੀਆਂ ਹਨ। ਕੁਝ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਵੀ ਕੀਤੇ ਹਨ। ਸਾਧੂ ਸਿੰਘ ਧਾਮੀ ਦੇ ਨਾਵਲ 'ਮਲੂਕਾ'ਦਾ ਅਨੁਵਾਦ ਸੁਖਵੰਤ ਹੁੰਦਲ ਤੇ ਗੁਰਮੇਲ ਰਾਏ ਨਾਲ ਮਿਲ ਕੇ ਕੀਤਾ ਸੀ। ਮੈਂ ਆਪਣੀ ਕਵਿਤਾ ਤੇ ਕਹਾਣੀਆਂ ਖੁਦ ਅੰਗਰੇਜ਼ੀ ਵਿਚ ਵੀ ਉਲਥਾਈਆਂ ਹਨ। ਕਵਿਤਾ ਦੀ ਅੰਗਰੇਜ਼ੀ ਤੇ ਪੰਜਾਬੀ ਦੋਵਾਂ ਜ਼ੁਬਾਨਾਂ ਵਿਚ ਛਪੀ ਮੇਰੀ ਕਿਤਾਬ 'ਵਤਨੋਂ ਦੂਰ ਨਹੀਂ' ਏਥੋਂ ਦੇ ਜੰਮਪਲ ਨਵੀਂ ਪੀੜ੍ਹੀ ਦੇ ਕਈ ਪਾਠਕਾਂ ਦਾ ਧਿਆਨ ਖਿੱਚਦੀ ਹੈ।

? ਆਮ ਕਿਹਾ ਜਾਂਦਾ ਹੈ, ਜੋ ਬਿਲਕੁਲ ਸੱਚ ਵੀ ਹੈ, ਕਿ ਸਾਡੇ ਪੰਜਾਬੀਆਂ ਵਿਚ ਦੂਜਿਆਂ ਭਾਈਚਾਰਿਆਂ ਨਾਲੋਂ ਕਿਤਾਬਾਂ ਪੜ੍ਹਨ ਦੀ ਰੁਚੀ ਬਹੁਤ ਘੱਟ ਹੈ। ਤੁਸੀਂ ਇਸ ਦਾ ਕੀ ਕਾਰਨ ਸਮਝਦੇ ਹੋ?

-ਇਸ ਸਵਾਲ ਦਾ ਜਵਾਬ ਤਾਂ ਤੁਸੀਂ ਆਪ ਹੀ ਦੇ ਆਏ ਹੋ ਕਿ ਆਪਣੇ ਲੋਕਾਂ ਦੇ ਦਿਮਾਗ਼ ਵਿਚ ਇਹ ਗ਼ਲਤ ਫਹਿਮੀ ਕੁੱਟ ਕੁੱਟ ਭਰੀ ਹੋਈ ਹੈ ਕਿ ਨਾਵਲ, ਕਹਾਣੀਆਂ ਪੜ੍ਹਨ ਨਾਲ ਨਿਆਣੇ ਵਿਗੜ ਜਾਂਦੇ ਹਨ। ਸਿਲੇਬਸ ਤੋਂ ਬਾਹਰਲੀ ਕੋਈ ਵੀ ਚੀਜ਼ ਨੂੰ ਪੜ੍ਹਨ ਲਈ ਉਤਸ਼ਾਹਤ ਨਹੀਂ ਕੀਤਾ ਜਾਂਦਾ। ਪੰਜਾਬ ਵਿਚ ਜਿਹੜਾ ਸਿਸਟਮ ਗੋਰਿਆਂ ਨੇ ਕਲਰਕ ਪੈਦਾ ਕਰਨ ਲਈ ਬਣਾਇਆ ਸੀ ਉਹੀ ਚੱਲੀ

ਜਾਂਦਾ ਹੈ। ਉਸ ਸਮੇਂ ਲੋਕਾਂ ਦੇ ਦਿਮਾਗ਼ ਵਿਚ ਹੁੰਦਾ ਸੀ ਕਿ ਸਰਕਾਰੀ ਨੌਕਰੀ ਕਰਨੀ ਹੈ ਤਾਂ ਸਿਲੇਬਸ ਤੋਂ ਬਿਨਾਂ ਹੋਰ ਕੁਝ ਪੜ੍ਹਨ ਦੀ ਲੋੜ ਨਹੀਂ। ਬਾਕੀ ਸੂਬਿਆਂ ਵਿਚ ਸ਼ਾਇਦ ਅੰਗਰੇਜ਼ਾਂ ਦੇ ਬਣਾਏ ਹੋਏ ਐਜੂਕੇਸ਼ਨ ਸਿਸਟਮ ਨੂੰ ਥੋੜ੍ਹਾ ਬਹੁਤਾ ਬਦਲਿਆ ਗਿਆ ਹੋਵੇਗਾ ਜਿਸ ਕਰਕੇ ਉਥੇ ਦੇ ਲੋਕਾਂ ਵਿਚ ਪੜ੍ਹਨ ਦੀ ਰੁਚੀ ਪੈਦਾ ਹੋਈ। ਪਰ ਸਾਡੇ ਪੰਜਾਬ ਵਿਚ ਤਾਂ ਉਹੀ ਸਿਸਟਮ ਚੱਲੀ ਜਾਂਦਾ ਹੈ। ਕਾਰਨ ਤਾਂ ਹੋਰ ਵੀ ਬਹੁਤ ਸਾਰੇ ਹੋ ਸਕਦੇ ਹਨ ਪਰ ਮੈਂ ਸਮਝਦਾਂ ਇਹ ਇਕ ਮੁੱਖ ਕਾਰਨ ਹੈ। ਦੂਜਿਆਂ ਭਾਈਚਾਰਿਆਂ ਵਿਚ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਨ ਲਈ ਪ੍ਰੇਰਿਆ ਜਾਂਦਾ ਹੈ ਪਰ ਸਾਡੇ ਇਹ ਗੱਲ ਨਹੀਂ। ਜਿਸ ਤਰ੍ਹਾਂ ਮੈਂ ਤੁਹਾਨੂੰ ਦੱਸਿਆ ਹੈ ਕਿ ਫ਼ਗਵਾੜੇ ਰਾਮਗੜ੍ਹੀਆ ਸਕੂਲ ਦੀ ਲਾਇਬਰੇਰੀ ਵਿਚੋਂ ਅਸੀਂ ਆਪਣੇ ਮਾਸਟਰਾਂ ਤੋਂ ਡਰਦੇ ਕੋਈ ਕਹਾਣੀਆਂ ਜਾਂ ਨਾਵਲ ਪੜ੍ਹਨ ਲਈ ਲੈਣ ਦਾ ਹੌਸਲਾ ਹੀ ਨਹੀਂ ਸੀ ਕਰ ਸਕਦੇ। ਹੁਣ ਤੁਸੀਂ ਦੱਸੋ ਜਦੋਂ ਬੱਚਿਆਂ ਵਿਚੋਂ ਪੜ੍ਹਨ ਦੀ ਰੁਚੀ ਹੀ ਮਾਰ ਦਿੱਤੀ ਜਾਂਦੀ ਹੈ ਤਾਂ ਕਿਤਾਬਾਂ ਪੜ੍ਹਨ ਦਾ ਸ਼ੌਕ ਕਿਵੇਂ ਪੈਦਾ ਕੀਤਾ ਜਾ ਸਕਦਾ ਹੈ। ਦੂਜਾ ਕਈ ਵਾਰ ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੋਣ ਕਰਕੇ ਲੋਕਾਂ ਨੂੰ ਪੜ੍ਹਨ ਦਾ ਮੌਕਾ ਬਹੁਤ ਘੱਟ ਮਿਲਦਾ। ਪਰ ਮੈਂ ਇਸ ਨਾਲ ਬਹੁਤਾ ਸਹਿਮਤ ਨਹੀਂ। ਪੰਜਾਬ ਵਿਚ ਪੜ੍ਹੇ ਲਿਖੇ ਲੋਕਾਂ ਦੀ ਗਿਣਤੀ ਕੋਈ ਏਨੀ ਘੱਟ ਨਹੀਂ। ਸਾਡੇ ਵਿਚੋਂ ਲੋਕ ਡਾਕਟਰ ਵਕੀਲ ਜਾਂ ਇੰਜੀਨੀਅਰ ਤਾਂ ਬਣ ਜਾਂਦੇ ਹਨ ਪਰ ਉਹ ਕਿਸੇ ਵੀ ਸਾਹਿਤਕਾਰ ਦਾ ਨਾਂ ਤਕ ਨਹੀਂ ਜਾਣਦੇ ਹੁੰਦੇ। ਜਿਹੜੇ ਕੋਈ ਮਾੜਾ ਮੋਟਾ ਜਾਣਦੇ ਵੀ ਹੋਣ, ਉਹ ਇਸ ਕਰਕੇ ਕਿ ਦਸਵੀਂ ਗਿਆਰਵੀਂ ਵਿਚ ਕੋਈ ਇਕ ਅੱਧੀ ਕਵਿਤਾ ਜਾਂ ਕਹਾਣੀ ਸਿਲੇਬਸ ਵਿਚ ਲੱਗੀ ਕਿਤਾਬ ਵਿਚ ਪੜ੍ਹੀ ਹੁੰਦੀ ਹੈ। ਉਥੇ ਸਕੂਲਾਂ ਵਿਚ ਤਾਂ ਸਿਰਫ ਮੈਨੂਅਲ ਪੜ੍ਹਨਾ ਹੀ ਸਿੱਖਾਇਆ ਜਾਂਦਾ ਹੈ ਨਾ ਕਿ ਆਮ ਜਾਣਕਾਰੀ ਜਿਸ ਨਾਲ ਤੁਹਾਡੇ ਮਨ ਵਿਚ ਪੜ੍ਹਨ ਦੀ ਰੁਚੀ ਪੈਦਾ ਹੋਵੇ। ਨਤੀਜਾ ਇਹ ਹੈ ਕਿ 'ਪੜ੍ਹੇ ਲਿਖੇ' ਪੰਜਾਬੀ ਵੀ ਕਿਤਾਬ ਦੀ ਪੂਜਾ ਕਰਨ ਜਾਂ ਮੱਥਾ ਟੇਕਣ 'ਤੇ ਹੀ ਜ਼ੋਰ ਦਿੰਦੇ ਹਨ। ਪੰਜਾਬੀਆਂ ਨੂੰ ਵੱਡੀ ਪੱਧਰ 'ਤੇ ਮਨਘੜਤ, ਕਰਾਮਾਤੀ ਕਹਾਣੀਆਂ ਸੁਣਾ ਕੇ ਹਰ ਰੋਜ਼ ਬੁੱਧੂ ਬਣਾਇਆ ਜਾ ਰਿਹੈ। ਕਿਉਂਕਿ ਸਾਡੇ ਵਿਚ ਆਪ ਪੜ੍ਹਨ, ਖੋਜ ਕਰਨ ਜਾਂ ਤਰਕ ਨਾਲ ਗੱਲ ਕਰਨ ਦੀ ਰੁਚੀ ਹੀ ਮਾਰ ਦਿੱਤੀ ਜਾਂਦੀ ਹੈ।

? ਤੁਸੀਂ ਨਾਵਲ 'ਮਲੂਕਾ' ਦੀ ਗੱਲ ਕੀਤੀ ਜੋ ਤੁਸੀਂ ਸੁਖਵੰਤ ਹੁੰਦਲ ਤੇ ਗੁਰਮੇਲ ਰਾਏ ਨਾਲ ਰਲ਼ ਕੇ ਅਨੁਵਾਦ ਕੀਤਾ। ਇਸ ਨਾਵਲ ਦੀ ਕਾਫੀ ਚਰਚਾ ਹੋਈ ਸੀ। ਇਸਨੂੰ ਅਨੁਵਾਦ ਕਰਨ ਦਾ ਸਬੱਬ ਕਿਸ ਤਰ੍ਹਾਂ ਬਣਿਆ?

-ਨਾਵਲ ਤੋਂ ਪਹਿਲਾਂ ਮੈਂ ਨਾਵਲ ਦੇ ਲੇਖਕ ਬਾਰੇ ਸੰਖੇਪ ਜਿਹੀ ਗੱਲ ਕਰਨੀ ਚਾਹੁੰਨਾਂ। ਡਾ. ਸਾਧੂ ਸਿੰਘ ਧਾਮੀ 1922 ਵਿਚ ਕੈਨੇਡਾ ਆਏ। ਉਸ ਸਮੇਂ ਉਹਨਾਂ ਦੀ ਉਮਰ 16 ਸਾਲ ਸੀ। ਉਹ ਪਹਿਲੇ ਪੰਜਾਬੀ ਸਨ ਜਿਹਨਾਂ ਨੇ ਕੈਨੇਡਾ ਵਿਚ ਹਾਈ ਸਕੂਲ ਤੋਂ ਲੈ ਕੇ ਪੀਐਚ. ਡੀ. ਦੀ ਡਿਗਰੀ ਤਕ ਪੜ੍ਹਾਈ ਕੀਤੀ। ਪਰ ਨਸਲੀ ਵਿਤਕਰੇ ਕਾਰਨ ਉਹਨਾਂ ਨੂੰ ਯੋਗਤਾ ਦੇ ਹਾਣ ਦੀ ਨੌਕਰੀ ਨਾ ਮਿਲੀ। ਦੂਜੀ ਵੱਡੀ ਜੰਗ ਦੌਰਾਨ ਯੂ. ਐਨ. ਓ. ਦੇ ਦਫ਼ਤਰ ਯੂਰਪ ਤੋਂ ਕੈਨੇਡਾ ਮੂਵ ਹੋ ਗਏ ਸਨ। ਉਸ ਸਮੇਂ ਸਾਧੂ ਸਿੰਘ ਧਾਮੀ ਹੋਰੀਂ ਮਾਂਟਰੀਆਲ ਰਹਿ ਰਹੇ ਸੀ ਜਿੱਥੇ ਉਹਨਾਂ ਨੂੰ ਯੂ.ਐਨ.ਓ. ਦੇ ਲੇਬਰ ਡਿਪਾਰਟਮਿੰਟ ਵਿਚ ਨੌਕਰੀ ਮਿਲ਼ ਗਈ। ਲੜਾਈ ਤੋਂ ਬਾਅਦ ਉਹ ਆਪਣੇ ਦਫਤਰ ਨਾਲ ਹੀ ਜਨੇਵਾ ਸਵਟਿਜ਼ਰਲੈਂਡ ਚਲੇ ਗਏ ਅਤੇ 1966 ਵਿਚ ਰੀਟਾਇਰ ਹੋਣ ਮਗਰੋਂ ਉੱਥੇ ਹੀ ਰਹਿੰਦੇ ਰਹੇ। ਆਪਣੇ ਵੈਨਕੂਵਰ ਤੇ ਕੈਨੇਡਾ ਦੇ ਜੀਵਨ ਬਾਰੇ ਉਨ੍ਹਾਂ ਨੇ 1978 ਵਿਚ ਨਾਵਲ 'ਮਲੂਕਾ' ਅੰਗਰੇਜ਼ੀ ਵਿਚ ਲਿਖਿਆ। ਇਸ ਨਾਵਲ ਨੂੰ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਕਰਨ ਦੀ ਵੀ ਦਿਲਚਸਪ ਕਹਾਣੀ ਹੈ। ਮੇਰੇ ਇਕ ਗੋਰੇ ਦੋਸਤ ਡੇਵਡ ਜੈਕਸਨ ਨੂੰ ਕਿਤਾਬਾਂ ਦੀ ਸੈਕਿੰਡ-ਹੈਂਡ ਸਟੋਰ ਵਿਚੋਂ ਨਾਵਲ 'ਮਲੂਕਾ' ਮਿਲ ਗਿਆ। ਉਸ ਨੇ ਉਹ ਮੈਨੂੰ ਦਿਖਾਇਆ। ਮੈਂ ਸਾਧੂ ਸਿੰਘ ਧਾਮੀ ਦਾ ਨਾਂ ਆਪਣੇ ਤਾਇਆ ਜੀ ਤੋਂ ਸੁਣਿਆ ਹੋਇਆ ਸੀ। ਉਹ ਦੱਸਿਆ ਕਰਦੇ ਸਨ ਕਿ ਬਹੁਤ ਹੀ ਪੜ੍ਹਿਆ ਲਿਖਿਆ ਤੇ ਸਿਆਣਾ ਵਿਅਕਤੀ ਹੈ। ਜਦੋਂ ਮੈਂ ਤੇ ਫੇਰ ਸੁਖਵੰਤ ਨੇ ਨਾਵਲ ਪੜ੍ਹਿਆ ਤਾਂ ਸਾਨੂੰ ਲੱਗਾ ਕਿ ਜੇ ਇਹ ਪੰਜਾਬੀ

ਵਿਚ ਹੋਵੇ ਤਾਂ ਬਹੁਤੇ ਲੋਕਾਂ ਤਕ ਪਹੁੰਚ ਸਕਦਾ ਹੈ। ਪਰ ਅਨੁਵਾਦ ਕਰਨ ਤੋਂ ਪਹਿਲਾਂ ਡਾ. ਧਾਮੀ ਨੂੰ ਪੁੱਛਣਾ ਜ਼ਰੂਰੀ ਸੀ। ਉਹਨਾਂ ਤਕ ਅਸੀਂ ਪਹੁੰਚ ਕੀਤੀ। ਪਹਿਲਾਂ ਉਹਨਾਂ ਕਿਹਾ ਕਿ ਮੈਂ ਸੋਚ ਕੇ ਦੱਸਾਂਗਾ। ਧਾਮੀ ਹੋਰਾਂ ਵੈਨਕੂਵਰ ਆਪਣੇ ਪੁਰਾਣੇ ਜਾਣੂਆਂ-ਪਛਾਣੂਆਂ ਤੋਂ ਸਾਡੇ ਬਾਰੇ ਪੁੱਛਿਆ। ਪਰ ਇੱਥੋਂ ਸਾਡੇ ਬਾਰੇ ਕੋਈ ਵਧੀਆ ਰੀਪੋਰਟ ਨਾ ਮਿਲ਼ੀ ਕਿਉਂਕਿ ਸਾਡਾ ਭਾਈਚਾਰਾ ਉਦੋਂ ਵੀ ਅੱਜ ਵਾਂਗ ਵਿਚਾਰਾਂ ਦੀ ਇਕ ਦੂਜੇ ਨਾਲ ਸਹਿਮਤੀ ਨਾ ਹੋਣ ਕਰਕੇ ਵੰਡਿਆ ਹੋਇਆ ਸੀ। ਇਸ ਕਰਕੇ ਉਨ੍ਹਾਂ ਨੇ ਸਾਨੂੰ ਜਵਾਬ ਦੇ ਦਿੱਤਾ। ਪਰ ਅਸੀਂ ਫੇਰ ਵੀ ਕੋਸ਼ਸ਼ ਜਾਰੀ ਰੱਖੀ, ਫ਼ੋਨ ਵਗੈਰਾ ਕਰਦੇ ਰਹੇ। ਅਖ਼ੀਰ ਇਕ ਦਿਨ ਉਹਨਾਂ ਨੇ ਸਾਨੂੰ ਅਨੁਵਾਦ ਕਰਨ ਦੀ ਇਜਾਜ਼ਤ ਦੇ ਦਿੱਤੀ। ਅਨੁਵਾਦ ਹੋਇਆ ਨਾਵਲ ਛਪਵਾਉਣ ਬਾਅਦ ਅਸੀਂ ਉਹਨਾਂ ਨੂੰ 1988 ਵਿਚ ਵੈਨਕੂਵਰ ਸੱਦਿਆ ਤੇ ਕਿਤਾਬ ਰੀਲੀਜ਼ ਕੀਤੀ। ਉਸ ਤੋਂ ਬਾਅਦ ਮੇਰੇ ਨਾਲ ਉਹਨਾਂ ਦਾ ਬਹੁਤ ਪਿਆਰ ਰਿਹਾ। ਇਸ ਅਨੁਵਾਦ ਨੇ ਡਾ. ਸਾਧੂ ਸਿੰਘ ਧਾਮੀ ਦੀ ਪੰਜਾਬੀਆਂ ਵਿਚ ਪਛਾਣ ਬਣਾਈ। ਪੰਜਾਬੀ ਸਾਹਿਤਕ ਜਗਤ ਵੱਲੋਂ ਉਨ੍ਹਾਂ ਦਾ ਬੜਾ ਮਾਣ ਸਨਮਾਨ ਕੀਤਾ ਗਿਆ। ਮੇਰੇ ਨਾਲ ਉਹਨਾਂ ਦਾ ਮਿਲਵਰਤਣ ਆਖ਼ਰੀ ਸਮੇਂ ਤਕ ਰਿਹਾ।

? ਬਿਨਿੰਗ ਜੀ ਤੁਸੀਂ ਬਹੁਵਿਧਾਈ ਤੇ ਬਹੁ-ਪੱਖੀ ਲੇਖਕ ਦੇ ਤੌਰ 'ਤੇ ਜਾਣੇ ਜਾਂਦੇ ਹੋ। ਕੀ ਤੁਹਾਨੂੰ ਲਗਦੈ ਕਿ ਜੇਕਰ ਤੁਸੀਂ ਕਿਸੇ ਇਕ ਵਿਧਾ ਤਕ ਹੀ ਸੀਮਤ ਰਹਿੰਦੇ ਤਾਂ ਆਪਣੀ ਗੱਲ ਸ਼ਾਇਦ ਏਨੀ ਕਾਮਯਾਬੀ ਨਾਲ ਨਹੀਂ ਸੀ ਕਹਿ ਸਕਦੇ। ਜਾਂ ਕੋਈ ਹੋਰ ਕਾਰਨ ਹੈ ਜਿਸ ਕਰਕੇ ਤੁਸੀਂ ਕਵਿਤਾ, ਕਹਾਣੀ, ਨਾਵਲ, ਲੇਖ ਆਦਿ ਕਈ ਵਿਧਾਵਾਂ ਨੂੰ ਅਪਨਾਇਆ? ਕਿਸੇ ਇਕ ਵਿਧਾ ਨਾਲ ਨਹੀਂ ਬੱਝੇ?

– ਸਤਨਾਮ ਜੀ ਤੁਹਾਡਾ ਸਵਾਲ ਬਹੁਤ ਦਿਲਚਸਪ ਹੈ। ਪਰ ਨਾਲ ਹੀ ਮੈਨੂੰ ਇਸ ਗੱਲ ਦੀ ਹੈਰਾਨੀ ਵੀ ਹੈ ਕਿ ਅਜੇ ਤਕ ਮੈਂ ਇਸ ਸਵਾਲ ਦਾ ਜਵਾਬ ਲੱਭ ਨਹੀਂ ਸਕਿਆ। ਮੈਨੂੰ ਹੋਰ ਵੀ ਬਹੁਤ ਸਾਰੇ ਮਿੱਤਰਾਂ ਦੋਸਤਾਂ ਨੇ ਅਕਸਰ ਕਿਹਾ ਹੈ ਕਿ ਕਿਸੇ ਇਕ ਵਿਧਾ ਨੂੰ ਅਪਨਾਉ ਤਾਂ ਜੁ ਵਧੇਰੇ ਚੰਗੀ ਪਹਿਚਾਣ ਬਣ ਸਕੇ। ਜਾਂ ਕਹਿ ਲਓ ਕਿ ਕਿਸੇ ਇਕ ਵਿਧਾ ਨੂੰ ਅਪਨਾਉਣ ਨਾਲ ਤੁਸੀਂ ਵਧੀਆ ਲਿਖ ਸਕਦੇ ਹੋ। ਮੈਨੂੰ ਉਹਨਾਂ ਦੀ ਇਹ ਗੱਲ ਸਹੀ ਵੀ ਲੱਗਦੀ ਹੈ। ਪਰ ਮੇਰੇ ਕੋਲੋਂ ਇਹ ਅਜੇ ਹੋ ਨਹੀਂ ਸਕਿਆ। ਸ਼ੁਰੂ ਮੈਂ ਪਹਿਲਾਂ ਕਵਿਤਾ ਤੋਂ ਹੀ ਕੀਤਾ ਸੀ। ਮੇਰੀ ਕਵਿਤਾ ਦੀ ਪਹਿਲੀ ਕਿਤਾਬ 1976 ਵਿਚ ਛਪੀ ਸੀ। ਦਿਲ ਮੇਰਾ ਕਰਦਾ ਕਿ ਕਹਾਣੀ ਲਿਖਾਂ ਤੇ ਵਧੀਆ ਕਹਾਣੀਕਾਰ ਬਣਾਂ। ਵੈਸੇ ਮੇਰੀਆਂ ਲਿਖਤਾਂ ਅਕਸਰ ਕਾਮਾ ਜਮਾਤ ਦੀ ਲੁੱਟ ਖਸੁੱਟ ਅਤੇ ਪੂੰਜੀਵਾਦ ਦੀਆਂ ਘਨੌਣੀਆਂ ਚਾਲਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਵਾਲ਼ੀਆਂ ਹੀ ਹੁੰਦੀਆਂ ਹਨ। ਇਹ ਗੱਲ ਮੈਂ ਕਦੇ ਕਵਿਤਾ, ਕਦੇ ਕਹਾਣੀ ਅਤੇ ਕਦੀ ਨਾਟਕ ਵਿਚ ਕਹਿਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹਾਂ।

? 'ਵਤਨ' ਅਤੇ ਉਸਤੋਂ ਪਹਿਲਾਂ 'ਵਤਨੋਂ ਦੂਰ', ਕੈਨੇਡਾ ਤੋਂ ਨਿਕਲਣ ਵਾਲੇ ਪਰਚਿਆਂ, ਜਿੰਨ੍ਹਾਂ ਨਾਲ ਤੁਸੀਂ ਜੁੜੇ ਰਹੇ ਹੋ, ਬਾਰੇ ਕੁਝ ਦੱਸੋ?

– 'ਵਤਨੋਂ ਦੂਰ' ਸੁਰਿੰਦਰ ਧੰਜਲ ਤੇ ਕੁਝ ਹੋਰ ਦੋਸਤਾਂ ਨੇ 1973 ਵਿਚ ਕੱਢਣਾ ਸ਼ੁਰੂ ਕੀਤਾ ਸੀ। ਸੁਰਿੰਦਰ ਨੂੰ ਅਗਾਂਹ ਪੜ੍ਹਾਈ ਕਰਨ ਲਈ ਵੈਨਕੂਵਰ ਛੱਡਣਾ ਪਿਆ। ਇਸ ਤਰ੍ਹਾਂ 1976-77 ਤੋਂ ਬਾਅਦ ਪਰਚੇ ਦਾ ਕੰਮ ਮੈਂ ਸਾਂਭਿਆ। ਉਸ ਸਮੇਂ ਅਜੇ ਕੈਨੇਡਾ ਵਿਚ ਪੰਜਾਬੀ ਦੀ ਛਪਾਈ ਦਾ ਕੋਈ ਪ੍ਰਬੰਧ ਨਹੀਂ ਸੀ। ਬਹੁਤਾ ਕੰਮ ਹੱਥ ਲਿਖਤ ਨਾਲ ਹੀ ਕਰਨਾ ਪੈਂਦਾ ਸੀ। ਇਹ ਕੰਮ ਪਹਿਲਾਂ ਸੁਰਿੰਦਰ ਕਰਦਾ ਸੀ, ਫੇਰ ਬਹੁਤਾ ਹੱਥ ਲਿਖਤ ਦਾ ਕੰਮ ਮੇਰੀ ਪਤਨੀ ਜਗਦੀਸ਼ ਕਰਦੀ ਸੀ। ਮੇਰਾ ਬੇਟਾ ਉਦੋਂ ਦੋ ਕੁ ਸਾਲ ਦਾ ਸੀ। ਸਾਡੇ ਲਈ ਉਹ ਬੜੇ ਸੰਘਰਸ਼ ਦੇ ਦਿਨ ਸਨ। ਹੁਣ ਜਦੋਂ ਕਈ ਵਾਰ ਉਸ ਸਮੇਂ ਬਾਰੇ ਸੋਚਦਾਂ ਤਾਂ ਹੈਰਾਨੀ ਹੁੰਦੀ ਹੈ ਕਿ ਪਤਾ ਨਹੀਂ ਕਿਵੇਂ ਬਿਨਾਂ ਕਿਸੇ ਜੁਗਾੜ ਦੇ ਮਾਸਕ ਪਰਚਾ ਕੱਢਦੇ ਰਹੇ। ਫੇਰ 1978 ਵਿਚ ਸੁਖਵੰਤ ਨਾਲ ਆ ਰਲ਼ਿਆ। ਬੜੀ ਰੂਹ ਲਾ ਕੇ ਅਸੀਂ ਕੰਮ ਕੀਤਾ। ਪਰਚਾ ਕੁਝ ਦੇਰ ਬੰਦ ਵੀ ਰਿਹਾ ਤੇ ਕੁਝ ਦੇਰ ਦੋਸਤਾਂ ਨੇ ਐਡਮੰਟਨ ਤੋਂ ਵੀ ਕੱਢਿਆ। ਅਸੀਂ 1989 ਵਿਚ ਇਸ

ਦਾ ਨਾਂ 'ਵਤਨੋਂ ਦੂਰ' ਦੀ ਥਾਂ 'ਵਤਨ' ਰੱਖ ਲਿਆ ਪਰ 1994 ਵਿਚ ਬੰਦ ਕਰਨਾ ਪਿਆ। ਹੁਣ ਅਸੀਂ ਇਸ ਨੂੰ ਫੇਰ ਚਲਾਇਆ ਹੈ। ਇਹ ਔਨ-ਲਾਈਨ ਹੈ ਅਤੇ ਅਸੀਂ ਇਸ ਨੂੰ ਈ-ਮੇਲ ਰਾਹੀਂ ਭੇਜਦੇ ਹਾਂ।

? ਪਰਚਾ 'ਵਤਨ' ਕੱਢਣ ਦੀ ਗੱਲ ਕਰਦਿਆਂ ਤੁਸੀਂ ਆਪਣੀ ਸੁਪਤਨੀ ਦੇ ਸਹਿਯੋਗ ਦੀ ਗੱਲ ਕੀਤੀ ਹੈ ਕਿ ਉਹਨਾਂ ਤੁਹਾਡਾ ਬਹੁਤ ਸਾਥ ਦਿੱਤਾ। ਆਪਣੇ ਪਰਿਵਾਰ ਬਾਰੇ ਤੁਸੀਂ ਕੁੱਝ ਹੋਰ ਵੀ ਦੱਸਣਾ ਚਾਹੋਗੇ? ਕੀ ਤੁਹਾਡੇ ਬੱਚਿਆਂ ਨੇ ਵੀ ਤੁਹਾਡੇ ਕੰਮਾਂ ਨੂੰ, ਜਾਂ ਤੁਹਾਡੀ ਸੋਚ ਨੂੰ ਅਪਨਾਇਆ?

-ਸਤਨਾਮ ਜੀ ਤੁਸੀਂ ਕੋਈ ਵੀ ਕੰਮ ਕਰੋਂ ਉਸ ਵਿਚ ਪਰਿਵਾਰ ਦਾ ਸਹਿਯੋਗ ਜ਼ਰੂਰੀ ਹੈ। ਕਈ ਵਾਰ ਇਹ ਸਹਿਯੋਗ, ਸਹਿਮਤੀ ਚੁੱਪ- ਚਾਪ ਹੀ ਹੁੰਦੀ ਹੈ। ਤੁਸੀਂ ਕੋਈ ਕੰਮ ਕਰਦੇ ਹੋ ਤੁਹਾਡੇ ਘਰ ਵਿਚ ਉਸ ਦਾ ਨਾ ਵਿਰੋਧ ਹੁੰਦਾ ਨਾ ਹੀ ਕੋਈ ਬਹੁਤੀ ਹਲਾਸ਼ੇਰੀ ਮਿਲਦੀ ਹੈ ਤਾਂ ਸਮਝੋ ਤੁਹਾਡੀ ਫ਼ੈਮਲੀ ਦੇ ਮੈਂਬਰ ਚੁੱਪ-ਚਾਪ ਤੁਹਾਨੂੰ ਸਹਿਯੋਗ ਦੇ ਰਹੇ ਹਨ। ਕਈ ਵਾਰ ਇਹ ਸਹਿਯੋਗ ਬਹੁਤ ਖ਼ੁੱਲ੍ਹਦਿਲੀ ਨਾਲ ਦਿੱਤਾ ਜਾਂਦਾ ਹੈ। ਮੇਰੇ ਕੰਮਾਂ ਵਿਚ ਮੇਰੀ ਪਤਨੀ ਜਗਦੀਸ਼ ਨੇ ਮੋਢੇ ਨਾਲ ਮੋਢਾ ਜੋੜ ਕੇ ਪੂਰੀ ਤਰ੍ਹਾਂ ਮੱਦਦ ਕੀਤੀ। ਇਸ ਗੱਲ ਦਾ ਮੈਨੂੰ ਉਦੋਂ ਵੀ ਅਹਿਸਾਸ ਸੀ ਤੇ ਹੁਣ ਵੀ ਹੈ ਕਿ ਮੇਰੇ ਕੰਮਾਂ ਕਰਕੇ ਮੇਰੀ ਪਤਨੀ ਜਗਦੀਸ਼ ਅਤੇ ਮੇਰੇ ਦੋ ਬੱਚਿਆਂ ਵੱਡਾ ਬੇਟਾ ਤੇ ਛੋਟੀ ਬੇਟੀ ਨੂੰ ਬਹੁਤ ਔਖੇ ਹੋਣਾ ਪਿਆ। ਅਸੀਂ ਕੱਲਾ ਮੈਗਜ਼ੀਨ ਹੀ ਨਈਂ ਸੀ ਕੱਢਦੇ, ਨਾਲ ਥੀਏਟਰ ਵੀ ਕਰਦੇ ਸੀ ਤੇ ਥੋੜ੍ਹਾ ਬਹੁਤਾ ਭਾਈਚਾਰੇ ਵਿਚਲੀਆਂ ਖੱਬੇ ਪੱਖੀ ਸਰਗਰਮੀਆਂ ਵਿਚ ਵੀ ਹਿੱਸਾ ਲੈਂਦੇ ਸੀ। ਇਹ ਸਭ ਕੁਝ ਜਗਦੀਸ਼ ਦੇ ਸਹਿਯੋਗ ਨਾਲ ਹੀ ਸੰਭਵ ਹੋਇਆ। ਮੇਰੀ ਪਤਨੀ ਦਾ ਪਰਿਵਾਰ ਵੀ 1967 ਵਿਚ ਹੀ ਕੈਨੇਡਾ ਆਇਆ ਸੀ। ਮੇਰੀ ਦਿਲੀ ਖ਼ਾਹਿਸ਼ ਸੀ ਕਿ ਆਪਣੇ ਕਲਚਰ ਨੂੰ ਸਮਝਣ ਵਾਲੀ ਕੁੜੀ ਨਾਲ ਹੀ ਵਿਆਹ ਕਰਾਉਣਾ ਹੈ। ਜਗਦੀਸ਼ ਦਾ ਪੇਕਾ ਪਿੰਡ ਰੁੜਕਾ ਖ਼ੁਰਦ ਬਿਲਕੁਲ ਗੁਰਾਇਆ ਦੇ ਨਾਲ ਪੈਂਦਾ ਹੈ। ਸੋ ਇਕੋ ਪਿਛੋਕੜ 'ਚੋਂ ਹੋਣ ਕਰਕੇ ਇਸ ਪੱਖੋਂ ਕਾਫੀ ਸੌਖ ਰਹੀ ਹੈ। ਦੋਵੇਂ ਬੱਚੇ ਪੜ੍ਹ ਲਿਖ ਕੇ ਕੰਮਾਂ-ਕਾਰਾਂ 'ਤੇ ਲੱਗੇ ਹੋਏ ਹਨ। ਬਾਕੀ ਤੁਸੀਂ ਗੱਲ ਕੀਤੀ ਬੱਚਿਆਂ ਦੀ ਮੇਰੇ ਕੰਮਾਂ-ਕਾਰਾਂ ਜਾਂ ਵਿਚਾਰਾਂ ਨਾਲ ਸਹਿਮਤੀ ਦੀ। ਇਹ ਗੱਲ ਦੱਸਦਿਆਂ ਮਾਣ ਮਹਿਸੂਸ ਕਰਦਾ ਹਾਂ ਕਿ ਮੇਰੇ ਬੱਚੇ ਵੀ ਪ੍ਰੌਗਰੈਸਿਵ ਵਿਚਾਰਾਂ ਵਾਲੇ ਹਨ। ਬਹੁਤੀ ਵਾਰੀ ਅਸੀਂ ਸਾਰਾ ਟੱਬਰ ਈ ਵੈਨਕੂਵਰ ਹੋਣ ਵਾਲੀਆਂ ਪ੍ਰਦਰਸ਼ਨੀਆਂ ਜਾਂ ਰੋਸ ਮਾਰਚਾਂ ਵਗੈਰਾ ਵਿਚ ਸ਼ਾਮਲ ਹੁੰਦੇ ਆਂ।

? ਭਾਈਚਾਰਕ ਸਰਗਰਮੀਆਂ ਵਿਚ ਭਾਗ ਲੈਣ ਦੀ ਗੱਲ ਚੱਲੀ ਹੈ ਤਾਂ ਬਿਨਿੰਗ ਜੀ ਇਹ ਦੱਸੋ ਕਿ ਇਸ ਉਦੇਸ਼ ਨੂੰ ਪਰਨਾਈਆਂ ਕਿਹੜੀਆਂ ਕਿਹੜੀਆਂ ਸੰਸਥਾਵਾਂ ਨਾਲ ਤੁਸੀਂ ਜੁੜੇ ਰਹੇ ਹੋ?

-ਸਤਨਾਮ ਜੀ, ਸੋਸ਼ਿਆਲੋਜੀ ਦਾ ਵਿਦਿਆਰਥੀ ਹੋਣ ਕਰਕੇ ਮੈਂ ਹਮੇਸ਼ਾ ਆਪਣੇ ਆਪ ਨੂੰ ਸਮਾਜ ਦੇ ਇਕ ਵਿਦਿਆਰਥੀ ਵਜੋਂ ਹੀ ਦੇਖਿਆ ਹੈ। ਮੇਰੀ ਸਮਝ ਅਨੁਸਾਰ ਸਮਾਜ ਵਿਚ ਤਬਦੀਲੀ ਸਿਆਸੀ ਸਰਗਰਮੀ ਨਾਲ ਹੀ ਆਉਂਦੀ ਹੈ। ਸਭਿਆਚਾਰਕ ਸਰਗਰਮੀਆਂ ਇਸ ਕੰਮ ਵਿਚ ਸਹਾਈ ਹੋ ਸਕਦੀਆਂ। ਪਰ ਮੈਂ ਖੁਦ ਕਦੇ ਕਿਸੇ ਸਿਆਸੀ ਪਾਰਟੀ ਦੀ ਮੈਂਬਰਸ਼ਿਪ ਨਹੀਂ ਲਈ ਤੇ ਆਪਣੀ ਸਰਗਰਮੀ ਦਾ ਘੇਰਾ ਚੇਤਨ ਤੌਰ 'ਤੇ ਸਾਹਿਤ, ਨਾਟਕ ਤੇ ਪੰਜਾਬੀ ਬੋਲੀ ਲਈ ਸੰਘਰਸ਼ ਤਕ ਹੀ ਸੀਮਤ ਰੱਖਿਆ ਹੈ। ਪਿਛਲੇ ਵੀਹ ਕੁ ਵਰ੍ਹੇ ਮੈਂ ਕੈਨੇਡਾ ਵਿਚ ਪੰਜਾਬੀ ਬੋਲੀ ਨੂੰ ਪੱਕੇ ਪੈਰੀਂ ਕਰਨ ਲਈ ਸਰਗਰਮ ਰਿਹਾ ਹਾਂ। ਮੇਰੀ ਸਮਝ ਇਹ ਬਣੀ ਹੈ ਕਿ ਜਿਸ ਤਰ੍ਹਾਂ ਬੜੀ ਸੋਚੀ-ਸਮਝੀ ਚਾਲ ਨਾਲ ਅੰਗਰੇਜ਼ੀ ਨੇ ਦੁਨੀਆਂ ਦੀਆਂ ਦੂਜੀਆਂ ਜ਼ੁਬਾਨਾਂ ਨੂੰ ਖੂੰਜੇ ਲਾਇਆ ਹੈ ਉਸ ਦੀ ਮਾਰ ਵਿਚ ਪੰਜਾਬੀ ਭਾਸ਼ਾ ਵੀ ਆਈ ਹੈ ਅਤੇ ਇਸ ਨੂੰ ਬਚਾਉਣ ਲਈ ਕੋਸ਼ਸ਼ ਕਰਨ ਦੀ ਲੋੜ ਹੈ। ਕੈਨੇਡਾ ਵਿਚ ਪੰਜਾਬੀ ਬੋਲੀ ਲਈ ਕੰਮ ਨੂੰ ਮੈਂ ਇਸ ਵੱਡੇ ਸੰਘਰਸ਼ ਦਾ ਹਿੱਸਾ ਸਮਝਦਾ ਹਾਂ। ਜਿੱਥੋਂ ਤਕ ਸੰਸਥਾਵਾਂ ਦੀ ਗੱਲ ਹੈ, ਅਸੀਂ ਉੱਨੀ ਸੌ ਇਕੱਤਰ ਬਹੱਤਰ ਵਿਚ ਪੰਜਾਬੀ ਕਲਚਰ ਐਸੋਸੀਏਸ਼ਨ ਬਣਾਈ ਸੀ। ਮੈਂ ਉਸ ਦਾ ਫਾਊਂਡਰ ਪ੍ਰੇਜ਼ੀਡੈਂਟ ਸੀ। ਵੈਨਕੂਵਰ ਦੀ ਪੰਜਾਬੀ ਸਾਹਿਤ ਸਭਾ, ਜੋ ਬਾਅਦ ਵਿਚ ਪੰਜਾਬੀ ਲੇਖਕ ਮੰਚ ਦੇ ਨਾਂ ਨਾਲ ਜਾਣੀ ਗਈ, ਦਾ ਵੀ ਫਾਊਂਡਰ ਮੈਂਬਰ ਸੀ। ਏਸੇ ਤਰ੍ਹਾਂ ਵੈਨਕੂਵਰ ਸੱਥ, ਪੰਜਾਬੀ ਲੈਂਗੁਏਜ ਐਜੂਕੇਸ਼ਨ ਐਸੋਸੀਏ

ਸ਼ਨ (ਪਲੀ) ਆਦਿ ਨਾਲ ਮੈਂ ਕੰਮ ਕਰਦਾ ਆ ਰਿਹਾ ਹਾਂ। ਪਿਛਲੇ ਵੀਹ ਪੱਚੀ ਸਾਲ ਤੋਂ ਰਾਈਟਰਜ਼ ਯੂਨੀਅਨ ਆਫ਼ ਕੈਨੇਡਾ ਦਾ ਮੈਂਬਰ ਹਾਂ ਅਤੇ ਕੁਝ ਵਰ੍ਹੇ ਬੀ. ਸੀ. ਆਰਟਸ ਬੋਰਡ 'ਤੇ ਵੀ ਰਿਹਾ ਹਾਂ।

? ਤੁਸੀਂ ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਵਿਚ ਪੰਜਾਬੀ ਪੜ੍ਹਾਉਂਦੇ ਹੋ। ਪੰਜਾਬੀ ਦੇ ਅਧਿਆਪਕ ਹੋਣ ਦੇ ਨਾਤੇ ਅਤੇ ਪੰਜਾਬੀ ਮੂਲ ਦੇ ਇਕ ਪਰਵਾਸੀ ਵਜੋਂ ਵੀ ਤੁਸੀਂ ਕੈਨੇਡਾ ਵਿਚ ਪੰਜਾਬੀ ਦਾ ਭਵਿੱਖ ਕਿਸ ਤਰ੍ਹਾਂ ਵੇਖ ਰਹੇ ਹੋ?

– ਸਤਨਾਮ ਜੀ, ਇਹ ਇਕ ਬਹੁਤ ਮਹੱਤਵਪੂਰਨ ਸਵਾਲ ਹੈ। ਜਿੱਦਾਂ ਮੈਂ ਪਹਿਲਾਂ ਵੀ ਕਿਹਾ ਹੈ ਕਿ ਕੈਨੇਡਾ ਵਿਚ ਪੰਜਾਬੀ ਬੋਲੀ ਦੀ ਸੰਭਾਲ ਤੇ ਵਿਕਾਸ ਦੇ ਕੰਮ ਨੂੰ ਮੈਂ ਗਲੋਬਲ ਪੱਧਰ 'ਤੇ ਚੱਲ ਰਹੇ ਸੰਘਰਸ਼ ਦਾ ਹੀ ਹਿੱਸਾ ਸਮਝਦਾ ਹਾਂ। ਮੈਨੂੰ ਏਦਾਂ ਲਗਦੈ ਕਿ ਕੈਨੇਡਾ ਵਿਚ ਪੰਜਾਬੀ ਦਾ ਭਵਿੱਖ ਕੋਈ ਏਨਾ ਮਾੜਾ ਨਹੀਂ। ਭਾਵੇਂ ਅੱਜੋਕੇ ਦੌਰ ਵਿਚ ਆਰਥਿਕ ਤੇ ਸਿਆਸੀ ਕਾਰਨਾਂ ਕਰਕੇ ਲੋਕ ਪੰਜਾਬ ਵਿਚ ਹੀ ਪੰਜਾਬੀ ਬੋਲੀ ਤੋਂ ਦੂਰ ਜਾ ਰਹੇ ਹਨ। ਪਰ ਕੈਨੇਡਾ ਵਿਚ ਆਸ ਵਾਲੀ ਗੱਲ ਇਹ ਹੈ ਕਿ ਲੋਕਾਂ ਵਿਚ ਇਸ ਬਾਰੇ ਜਾਗ੍ਰਤੀ ਆ ਰਹੀ ਹੈ ਕਿ ਆਪਨੀ ਭਾਸ਼ਾ ਦੀ ਕੀ ਮਹੱਤਤਾ ਹੁੰਦੀ ਹੈ। ਇਸ ਨਾਲ ਸਥਿਤੀ 'ਤੇ ਅਸਰ ਪੈਣਾ ਹੀ ਪੈਣਾ ਹੈ। ਜੇ ਸਾਨੂੰ ਪਤਾ ਹੋਵੇ ਕਿ ਦੋ ਸੌ ਮੀਟਰ 'ਤੇ ਜਾ ਕੇ ਇਹ ਸੜਕ ਮੁੱਕ ਜਾਂਦੀ ਹੈ ਅਤੇ ਅੱਗੇ ਖਾਈ ਹੈ, ਅਸੀਂ ਕੋਸ਼ਿਸ਼ ਜ਼ਰੂਰ ਕਰਾਂਗੇ ਕਿ ਖਾਈ 'ਚ ਡਿੱਗਣ ਤੋਂ ਪਹਿਲਾਂ ਪਹਿਲਾਂ ਕਾਰ ਦਾ ਰੁੱਖ ਬਦਲਿਆ ਜਾਵੇ ਜਾਂ ਖੜ੍ਹੀ ਕਰਨ ਦੀ ਕੋਸ਼ਸ਼ ਕੀਤੀ ਜਾਵੇ। ਪਹਿਲਾਂ ਆਮ ਮੰਨਿਆ ਜਾਂਦਾ ਸੀ ਕਿ ਨਵੀਂ ਥਾਂ ਜਾ ਕੇ ਤਿੰਨਾਂ ਪੀੜ੍ਹੀਆਂ ਤੋਂ ਬਾਅਦ ਲੋਕ ਆਪਨੀ ਬੋਲੀ ਨੂੰ ਛੱਡ ਕੇ ਉਸ ਦੇਸ਼ ਦੀ ਬੋਲੀ ਅਪਨਾ ਲੈਂਦੇ ਹਨ ਜਿਸ ਵਿਚ ਉਹ ਰਹਿੰਦੇ ਹੋਣ। ਇਹ ਗੱਲ ਹੁਣ ਨਹੀਂ ਹੋਵੇਗੀ, ਖ਼ਾਸ ਕਰਕੇ ਪੰਜਾਬੀ ਬੋਲੀ ਲਈ। ਇਸ ਦੇ ਕਈ ਕਾਰਨ ਆਪਾਂ ਦੇਖ ਸਕਦੇ ਹਾਂ। ਸਭ ਤੋਂ ਵੱਡਾ ਕਾਰਨ ਤਾਂ ਆਵਾਜਾਈ ਅਤੇ ਸੰਚਾਰ ਮਾਧਿਅਮ ਵਿਚ ਆਈਆਂ ਵੱਡੀਆਂ ਤਬਦੀਲੀਆਂ ਹਨ। ਅਸੀਂ ਪੰਜਾਬ ਤੋਂ ਪਹਿਲਾਂ ਵਾਂਗ ਪੂਰੀ ਤਰ੍ਹਾਂ ਟੁੱਟਦੇ ਨਹੀਂ। ਦੂਜੇ ਪਾਸੇ ਕੈਨੇਡਾ ਵਿਚ ਪੰਜਾਬੀ ਮੀਡੀਆ, ਪੰਜਾਬੀ ਵਪਾਰ, ਸੰਗੀਤ, ਖਾਣੇ ਜਿਸ ਪੱਧਰ ਤਕ ਸਥਾਪਤ ਹੋ ਰਹੇ ਹਨ ਇਹ ਵੀ ਪੰਜਾਬੀ ਭਾਸ਼ਾ ਨੂੰ ਜਿਉਂਦਾ ਰੱਖਣ ਵਿਚ ਸਹਾਈ ਹੋਣਗੇ। ਪੰਜਾਬੀਆਂ ਦੀ ਕੈਨੇਡਾ ਵਿਚ ਵਧਦੀ ਗਿਣਤੀ ਦਾ ਵੀ ਅਸਰ ਹੋ ਰਿਹਾ ਹੈ। ਪਿਛਲੇ ਇਕ ਸੌ ਦਸ ਸਾਲਾਂ ਦੇ ਸਾਡੀ ਬੋਲੀ ਦੇ ਤੇ ਸਾਡੇ ਯੋਗਦਾਨ ਨੂੰ ਹੁਣ ਕੈਨੇਡੀਅਨ ਸਮਾਜ ਨੇ ਵੀ ਮੰਨਣਾ ਸ਼ੁਰੂ ਕਰ ਦਿੱਤਾ ਹੈ। ਬੀ. ਸੀ. ਵਿਚ ਸਕੂਲਾਂ ਵਿਚ ਪੰਜਾਬੀ ਪੜ੍ਹਾਈ ਜਾ ਰਹੀ ਹੈ, ਅਲਬਰਟਾ ਵਿਚ ਵੀ ਸ਼ੁਰੂ ਹੋ ਰਹੀ ਹੈ। ਇਹ ਜੋ ਅਮਲ ਸ਼ੁਰੂ ਹੋਇਆ ਹੈ ਇਹ ਛੇਤੀ ਕੀਤਿਆਂ ਖਤਮ ਨਹੀਂ ਹੋਣ ਲੱਗਾ।

? ਯੂਨੀਵਰਸਿਟੀ ਵਿਚ ਪੰਜਾਬੀ ਪੜ੍ਹਾਉਣ ਦੇ ਆਪਨੇ ਤਜਰਬੇ ਦੇ ਹਵਾਲੇ ਨਾਲ ਦੱਸੋ ਕਿ ਕੈਨੇਡਾ ਵਿਚ ਪੰਜਾਬੀ ਦੀ ਪੜ੍ਹਾਈ ਦੇ ਸੰਬੰਧ ਵਿਚ ਕਿਸ ਕਿਸਮ ਦੀਆਂ ਸਮੱਸਿਆਵਾਂ ਦਰਪੇਸ਼ ਹਨ?

–ਸਤਨਾਮ ਜੀ, ਮੁੱਖ ਸਮੱਸਿਆ ਤਾਂ ਪਹਿਲਾਂ ਇਹ ਹੀ ਆ ਰਹੀ ਸੀ ਕਿ ਸਾਡਾ ਭਾਈਚਾਰਾ ਮਾਂ ਬੋਲੀ ਪੰਜਾਬੀ ਬਾਰੇ ਗੰਭੀਰਤਾ ਨਾਲ ਨਹੀਂ ਸੀ ਸੋਚ ਰਿਹਾ। ਪਰ ਹੁਣ ਹੌਲੀ ਹੌਲੀ ਲੋਕਾਂ ਨੇ ਆਪਨਾ ਰਵੱਈਆ ਬਦਲਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬੀ ਪੜ੍ਹਾਉਣ ਲਈ ਯੋਗ ਮੈਟੀਰੀਅਲ ਦੀ ਘਾਟ ਵੀ ਹੈ। ਪੰਜਾਬੀ ਨੂੰ ਦੂਸਰੀਆਂ ਮਾਡਰਨ ਭਾਸ਼ਾਵਾਂ ਵਾਂਗ ਸਹੂਲਤਾਂ ਉਪਲਭਦ ਨਹੀਂ। ਪਰ ਹੁਣ ਕੰਪਿਊਟਰ ਬਹੁਤ ਸਾਰੀਆਂ ਮੁਸ਼ਕਲਾਂ ਦੂਰ ਕਰ ਰਿਹਾ ਹੈ। ਇੰਟਰਨੈੱਟ 'ਤੇ ਪੰਜਾਬੀ ਦੀ ਪੜ੍ਹਾਈ ਸੰਬੰਧੀ ਬੜੀਆਂ ਨਵੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਪਹਿਲਾਂ ਬਹੁਤ ਸਾਰੇ ਲੋਕ ਪੰਜਾਬੀ ਨੂੰ ਬੋਲ ਚਾਲ ਤਕ ਹੀ ਸੀਮਤ ਰੱਖਣਾ ਚਾਹੁੰਦੇ ਸਨ ਪਰ ਹੁਣ ਕਾਫ਼ੀ ਤਬਦੀਲੀ ਆਈ ਹੈ।

? ਤੁਸੀਂ ਪਿਛਲੇ ਦਿਨੀਂ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ, ਵੈਨਕੂਵਰ ਵਿਚ ਵੱਡੇ ਪੱਧਰ 'ਤੇ ਪੰਜਾਬੀ ਬੋਲੀ ਬਾਰੇ ਇਕ ਕਾਨਫ਼ਰੰਸ ਕੀਤੀ ਸੀ, ਇਸ ਬਾਰੇ ਕੁਝ ਦੱਸੋ?

–ਹਾਂ ਜੀ, ਇਹ ਸਾਹਿਤਕ ਕਾਨਫ਼ਰੰਸ 26, 27 ਅਪਰੈਲ 2008 ਨੂੰ ਯੂਨੀਵਰਸਿਟੀ ਵੱਲੋਂ ਕੀਤੀ

ਗਈ ਸੀ। ਇਸ ਦਾ ਵਿਸ਼ਾ ਆਧੁਨਿਕ ਪੰਜਾਬੀ ਸਾਹਿਤ ਸੀ। ਯੂਨੀਵਰਸਿਟੀ ਵਲੋਂ ਇਹ ਪਹਿਲੀ ਕੋਸ਼ਿਸ਼ ਸੀ ਕਿ ਆਧੁਨਿਕ ਪੰਜਾਬੀ ਸਾਹਿਤ ਨੂੰ ਅੰਗਰੇਜ਼ੀ ਬੋਲਣ ਵਾਲਿਆਂ ਅੱਗੇ ਪੇਸ਼ ਕੀਤਾ ਜਾਵੇ। ਇਸ ਕਾਨਫ਼ਰੰਸ ਵਿਚ ਅਮਰੀਕਾ, ਕੈਨੇਡਾ ਤੇ ਇੰਡੀਆ ਤੋਂ ਵਿਦਵਾਨਾਂ ਨੇ ਹਿੱਸਾ ਲਿਆ। ਕਾਨਫਰੰਸ ਤੋਂ ਕੁਝ ਦੇਰ ਪਹਿਲਾਂ ਮੈਂ ਯੂ. ਬੀ. ਸੀ. ਤੋਂ ਰੀਟਾਇਰ ਹੋਣ ਦਾ ਇਰਾਦਾ ਬਣਾ ਲਿਆ। ਡਾਕਟਰ ਐਂਨ. ਮਰਫੀ, ਜੋ ਇਸ ਵੇਲੇ ਯੂ. ਬੀ. ਸੀ. ਦੀ ਸਿੱਖ ਪੰਜਾਬੀ ਚੇਅਰ 'ਤੇ ਹਨ, ਇਹ ਕਾਨਫਰੰਸ ਮੇਰੇ ਨਾਂ ਹੀ ਕਰ ਦਿੱਤੀ। ਮੈਨੂੰ ਸਗੋਂ ਇਸ ਗੱਲੋਂ ਸੰਗ ਜਿਹੀ ਆਉਂਦੀ ਰਹੀ ਹੈ।

? ਤੁਸੀਂ ਬਹੁਤ ਲੰਬੇ ਸਮੇਂ ਤੋਂ ਕੈਨੇਡਾ ਵਿਚ ਰਹਿੰਦੇ ਹੋ। ਇਸ ਸਮੇਂ ਦੌਰਾਨ ਕੋਈ ਨਸਲੀ ਵਿਤਕਰੇ ਦਾ ਅਨੁਭਵ ਵੀ ਹੋਇਆ?

–ਨਸਲੀ ਵਿਤਕਰਾ ਤਾਂ ਹਮੇਸ਼ਾ ਹੀ ਰਿਹਾ ਹੈ ਪਰ ਸੱਤਰਵਿਆਂ ਦੇ ਸ਼ੁਰੂ ਵਿਚ ਜਦੋਂ ਆਪਨੇ ਲੋਕ ਕਾਫ਼ੀ ਵੱਡੀ ਗਿਣਤੀ ਵਿਚ ਕੈਨੇਡਾ ਆਏ ਤਾਂ ਨਸਲੀ ਗੋਰਿਆਂ ਵੱਲੋਂ ਬੜੀ ਨਫ਼ਰਤ ਦਿਖਾਈ ਗਈ। ਸਰੀ, ਜਿਹੜੀ ਹੁਣ ਪੰਜਾਬ ਤੋਂ ਵੀ ਵੱਧ ਪੰਜਾਬ ਲਗਦੀ ਹੈ, ਵਿਚ ਤੁਰਿਆਂ ਜਾਂਦਿਆਂ ਨੂੰ ਗੋਰੇ ਗਾਲ੍ਹਾਂ ਕੱਢ ਜਾਂਦੇ, ਥੁੱਕ ਜਾਂਦੇ, ਧੱਕੇ ਮਾਰ ਜਾਂਦੇ। ਪੁਰਾਣੇ ਲੋਕਾਂ ਨੇ ਹੌਲੀ ਹੌਲੀ ਆਪਨਾ ਥਾਂ ਬਣਾ ਲਿਆ ਹੋਇਆ ਸੀ ਤੇ ਆਪਨੇ ਆਪ ਨੂੰ ਹਾਲਤਾਂ ਅਨੁਸਾਰ ਅਡਜਸਟ ਕੀਤਾ ਹੋਇਆ ਸੀ। ਉਹ ਕਹਿੰਦੇ ਸਨ ਕਿ ਨਵੇਂ ਮੁੰਡੇ ਗੋਰੀਆਂ ਨੂੰ ਛੇੜਦੇ ਹਨ, ਇਸ ਕਰਕੇ ਲੜਾਈਆਂ ਹੁੰਦੀਆਂ ਹਨ। ਪਰ ਨਵੇਂ ਮੁੰਡੇ ਸਿਆਸੀ ਚੇਤਨਾ ਵਾਲੇ ਤੇ ਪੜ੍ਹੇ ਲਿਖੇ ਵੀ ਸਨ। ਉਹਨਾਂ ਨੇ ਆਉਂਦਿਆਂ ਹੀ ਆਪਨੇ ਹੱਕ ਮੰਗਣੇ ਸ਼ੁਰੂ ਕਰ ਦਿੱਤੇ। ਜੱਥੇਬੰਦ ਹੋ ਕੇ ਨਸਲਵਾਦ ਦਾ ਵਿਰੋਧ ਕੀਤਾ। ਹੌਲੀ ਹੌਲੀ ਸਮੇਂ ਨਾਲ ਫਰਕ ਪੈਂਦਾ ਗਿਆ। ਹੁਣ ਪਹਿਲਾਂ ਵਾਲੀ ਗੱਲ ਨਹੀਂ ਪਰ ਫੇਰ ਵੀ ਆਪਾਂ ਇਹ ਨਹੀਂ ਕਹਿ ਸਕਦੇ ਕਿ ਵਿਤਕਰਾ ਖ਼ਤਮ ਹੋ ਗਿਆ ਹੈ। ਵੱਖਰੇ ਵੱਖਰੇ ਰੂਪਾਂ ਵਿਚ ਇਹ ਅਜੇ ਵੀ ਕਾਇਮ ਹੈ ਅਤੇ ਸਮੇਂ ਸਮੇਂ ਆਪਨੀ ਧੌਣ ਚੁੱਕ ਲੈਂਦਾ ਹੈ। ਅਜੇ ਬਹੁਤ ਸਾਰਾ ਕੰਮ ਕਰਨ ਵਾਲਾ ਪਿਆ ਹੈ। ਜਿੱਥੋਂ ਤਕ ਜਾਤੀ ਪੱਧਰ 'ਤੇ ਨਸਲੀ ਵਿਤਕਰੇ ਦਾ ਸਬੰਧ ਹੈ, ਮੇਰਾ ਤਜਰਬਾ ਵੀ ਬਾਕੀਆਂ ਵਰਗਾ ਹੀ ਹੈ। ਮੈਂ 1970 ਵਿਚ ਵੈਨਕੂਵਰ ਪੋਸਟ ਆਫਿਸ ਵਿਚ ਕੰਮ ਕਰਨ ਲੱਗਾ ਸੀ। ਇਕੱਲਾ ਪੰਜਾਬੀ ਹੋਣ ਕਰਕੇ ਬੜੇ ਤਲਖ ਤਜਰਬੇ ਹੋਏ। ਕੈਨੇਡਾ ਵਿਚ ਆਪਨੇ ਜੀਵਨ ਦੇ ਪਹਿਲੇ ਦਸ ਪੰਦਰਾਂ ਸਾਲ ਮੈਂ ਓਪਰਾ ਹੀ ਮਹਿਸੂਸ ਕਰਦਾ ਰਿਹਾ ਤੇ ਇਸ ਨਿਸ਼ਾਨੇ ਨਾਲ ਜੀਂਦਾ ਰਿਹਾ ਕਿ ਵਾਪਸ ਮੁੜ ਜਾਣਾ ਹੈ। ਕੰਮ ਕਰਨ ਦੇ ਨਾਲ ਨਾਲ ਪੜ੍ਹਾਈ ਕਰਨ ਪਿੱਛੇ ਵੀ ਮੇਰਾ ਇਕ ਕਾਰਨ ਇਹ ਸੀ ਕਿ ਪੰਜਾਬ ਜਾ ਕੇ ਕਾਲਿਜ ਵਗੈਰਾ ਵਿਚ ਨੌਕਰੀ ਕਰਨ ਜੋਗਾ ਹੋ ਜਾਵਾਂ। ਪਰ ਯੂਨੀਵਰਸਿਟੀ ਦੇ ਮਾਹੌਲ ਤੇ ਕੁਝ ਏਥੋਂ ਦੀਆਂ ਸਰਗਰਮੀਆਂ ਦੇ ਅਸਰ ਨਾਲ ਮੈਂ ਹੌਲੀ ਹੌਲੀ ਮਹਿਸੂਸ ਕੀਤਾ ਕਿ ਜੀਵਨ 'ਚ ਸੰਘਰਸ਼ ਤਾਂ ਹਰ ਥਾਂ ਹੀ ਕਰਨਾ ਪੈਣਾ ਹੈ ਅਤੇ ਉਹ ਏਥੇ ਵੀ ਕੀਤਾ ਜਾ ਸਕਦਾ ਹੈ। ਮੈਂ ਫੇਰ ਚੇਤਨ ਤੌਰ 'ਤੇ ਇਹ ਫੈਸਲਾ ਲਿਆ ਕਿ ਹੁਣ ਕਨੇਡਾ ਹੀ ਮੇਰਾ ਮੁਲਕ ਹੈ ਤੇ ਮੈਂ ਏਥੇ ਹੀ ਰਹਿਣਾ ਹੈ ਤੇ ਇਸੇ ਨੂੰ ਵਧੀਆ ਸਮਾਜ ਬਣਾਉਣ ਵਿਚ ਯੋਗਦਾਨ ਪਾਉਣਾ ਚਾਹੀਦਾ ਹੈ।

? ਕੋਈ ਸਨੇਹਾ ਪੰਜਾਬੀ ਬੋਲਣ ਸੁਣਨ ਵਾਲੇ ਕੈਨੇਡਾ ਵਿਚਲੇ ਸਾਡੇ ਭਾਈਚਾਰੇ ਲਈ?

–ਮੇਰਾ ਵਿਚਾਰ ਹੈ ਕਿ ਸਾਨੂੰ ਕੈਨੇਡਾ ਦੇ ਵਧੀਆ ਸ਼ਹਿਰੀ ਬਣਨ ਦੀ ਕੋਸ਼ਸ਼ ਕਰਨੀ ਚਾਹੀਦੀ ਹੈ। ਪਰ ਏਥੋਂ ਦੇ ਚੰਗੇ ਸ਼ਹਿਰੀ ਬਣਨ ਦਾ ਇਹ ਅਰਥ ਨਹੀਂ ਕਿ ਅਸੀਂ ਧਰਮ ਤੋਂ ਬਿਨਾਂ ਪੰਜਾਬੀ ਸਭਿਆਚਾਰ ਨਾਲ ਸੰਬੰਧਤ ਬਾਕੀ ਸਭ ਕੁਝ ਭੁਲਾ ਦੇਈਏ। ਅੰਗਰੇਜ਼ੀ ਦੇ ਨਾਲ ਨਾਲ ਸਾਨੂੰ ਪੰਜਾਬੀ ਬੋਲੀ ਵੀ ਕਾਇਮ ਰੱਖਣੀ ਚਾਹੀਦੀ ਹੈ। ਨਾਲ ਹੀ ਸਾਨੂੰ ਪੰਜਾਬੀ ਸਭਿਆਚਾਰ ਦੀਆਂ ਕੁਝ ਚੀਜ਼ਾਂ ਛੱਡ ਵੀ ਦੇਣੀਆਂ ਚਾਹੀਦੀਆਂ ਹਨ ਜਿਵੇਂ ਕਿ ਜਾਤ ਪਾਤ। ਇਸ ਪਾਸੇ ਸਾਨੂੰ ਖਾਸ ਤੌਰ 'ਤੇ ਧਿਆਨ ਦੇਣਾ ਚਾਹੀਦਾ ਹੈ ਕਿ ਜੇ ਅਸੀਂ ਗੋਰਿਆਂ ਕੋਲੋਂ ਇਹ ਮੰਗ ਕਰਦੇ ਹਾਂ ਕਿ ਉਹ ਸਾਨੂੰ ਬਣਦਾ ਬਰਾਬਰ ਦਾ ਮਾਣ ਸਤਿਕਾਰ ਦੇਣ ਤਾਂ ਸਾਨੂੰ ਵੀ ਇਕ ਦੂਜੇ ਨਾਲ ਇਹੋ ਜਿਹਾ ਹੀ ਵਰਤਾਅ ਕਰਨਾ ਸਿੱਖਣਾ ਚਾਹੀਦਾ ਹੈ। ❑❑

[318, California Place, NE, Calgary, AB Canada T1Y 6T1]

ਅਹਿਦ [ਦਲਵੀਰ ਕੌਰ]

'ਅਹਿਦ' ਮੇਰੇ ਲਈ ਦਲਵੀਰ ਕੌਰ ਦੀ ਪਹਿਲੀ ਕਾਵਿ ਪੁਸਤਕ (ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨੇ 120, ਮੁੱਲ 200 ਰੁਪਏ) ਹੈ। ਵਧੀਆ ਦਿੱਖ, 18 ਤਸਵੀਰਾਂ ਤੇ ਭਾਵਪੂਰਤ ਕਵਿਤਾਵਾਂ ਵਾਲੀ। ਇਹ ਕਵਿਤਾਵਾਂ ਕਿਸੇ ਵੀ ਰੂਪ ਵਿਚ ਪਹਿਲਾਂ ਛਪੀਆਂ ਹੋਣ ਦਾ ਮੈਨੂੰ ਨਹੀਂ ਪਤਾ। ਦਲਵੀਰ ਕੌਰ ਬਰਤਾਨੀਆਂ ਦੇ ਵੁਲਵਰਹੈਂਪਟਨ ਸ਼ਹਿਰ ਦੀ ਵਸਨੀਕ ਹੈ ਤੇ ਉਥੋਂ ਦੀ ਚਿਕਤਸਾ ਪ੍ਰਣਾਲੀ ਵਿਚ ਕਾਊਂਸਲਰ ਹੈ। ਨਿਸਚੇ ਹੀ ਉਸਦਾ ਹਰ ਤਰ੍ਹਾਂ ਦੇ ਸ਼ਹਿਰੀਆਂ ਨਾਲ ਵਾਹ ਪੈਂਦਾ ਹੈ। ਉਸਦੀ ਸਮੁੱਚੀ ਕਵਿਤਾ ਵਿਚ ਇਸ ਵਾਹ ਵਾਸਤੇ ਦੀਆਂ ਉੱਚੀਆਂ ਨੀਵੀਆਂ ਸੁਰਾਂ ਪ੍ਰਧਾਨ ਹਨ:

ਸਰੀਰ ਵਿਚ/ਸੌ ਸਪੋਲੀਏ ਦੇ/ਡੰਗ ਹੰਢਾਉਂਦੀ/ਉਹ ਮਾਸੂਮ ਕੁੜੀ
ਕੁਰਸੀ 'ਤੇ ਬੈਠਦਿਆਂ ਹੀ/ਗੁੱਛਾ ਮੁੱਛਾ ਹੁੰਦੀ
ਮਨੋਰੋਗ ਦੇ ਮਾਹਰ ਦੇ/ਕੁਝ ਪੁੱਛਣ ਤੋਂ/ਪਹਿਲਾਂ ਹੀ
ਡਰ ਨਾਲ ਕੰਬਦੀ/ਤਿਰਛੀ ਨਜ਼ਰ/ਬੰਦ ਦਰਵਾਜ਼ੇ 'ਤੇ ਟਿਕਾ
ਸਹਿਮੀ ਆਵਾਜ਼ 'ਚ ਸਾਹੋ ਸਾਹ ਹੋਈ ਪੁੱਛਦੀ
"Doctor you have knife on you?
Doctor do you have/foster father as well
Do you want me/take my clothes off
and recite Alphabet loudly?"

ਇਸ ਕਵਿਤਾ ਵਿਚ ਬਹੁਤ ਕੁਝ ਹੈ। ਤੇ ਨਹੀਂ ਵੀ। ਪ੍ਰਧਾਨਗੀ ਉਸ ਨਹੀਂ ਦੀ ਹੈ ਜੋ ਹੈ ਨਹੀਂ। ਉਸ ਨਹੀਂ ਦੀ ਬਾਤ ਪਾਉਣ ਤੋਂ ਪਹਿਲਾਂ ਇਕ ਹੋਰ ਕਵਿਤਾ ਦੀਆਂ ਕੁਝ ਲਾਈਨਾਂ ਦੀ ਗੱਲ ਹੋ ਜਾਵੇ ਤਾਂ ਠੀਕ ਹੈ:

ਪਿਤਾ ਦੀ ਪੱਗ/ਪੱਗ ਹੈ ਪੱਤ/ਪੱਤ ਹੈ ਪੱਗ
ਇਹ ਤਿੰਨ ਸਤਰਾਂ/ਉਹਦੇ ਬੋਝੇ ਪਾ
ਮਾਂ ਉਹਨੂੰ/ਰੋਜ਼ ਪੜ੍ਹਨੇ ਤੋਰਦੀ...
ਸਹੁਰੇ ਘਰ ਦਾ/ਵੇਲਾ ਆਇਆ
ਸਿਰ 'ਤੇ ਹੱਥ ਧਰਦਿਆਂ
ਨਾਨੀ ਦੇ ਦਿੱਤੇ/ਤਿੰਨ ਮੰਜ਼ਲੇ ਕਾਂਟੇ
ਮਾਂ ਨੇ ਉਸਦੇ ਤਾਜ਼ਾ ਵਿੰਨ੍ਹੇ/ਕੰਨਾਂ 'ਚ ਪਾ ਦਿੱਤੇ

ਇਹ ਤਿੰਨ ਮੰਜ਼ਲੇ ਕਾਂਟੇ ਉਹਨਾਂ ਤਿੰਨ ਸਤਰਾਂ ਦਾ ਪ੍ਰਤੀਕ ਹਨ ਜਿਹੜੀਆਂ ਉਸ ਦੀ ਮਾਂ ਵਾਰ ਵਾਰ ਦੁਹਰਾਉਂਦੀ ਰਹੀ ਹੈ। ਪਰ ਉਸ ਦਾ ਬਾਪ ਇਸ ਦੁਨੀਆਂ ਨੂੰ ਅਲਵਿਦਾ ਕਹਿਣ ਸਮੇਂ ਉਸਨੂੰ ਬਦਲੇ ਜ਼ਮਾਨੇ ਦੀ ਗੱਲ ਸਮਝਾਉਂਦਾ ਹੋਇਆ ਉਸਦੀਆਂ ਖੁਸ਼ੀਆਂ ਦੀ ਬਹਾਲੀ ਮੰਗਦਾ ਹੈ ਤਾਂ ਦੋ ਦਹਾਕਿਆਂ ਤੋਂ ਆਪਣੀ ਸਾਧੀ ਹੋਈ ਚੁੱਪ ਉਹ ਆਪਣੇ ਬਾਪ ਦੀ ਝੋਲੀ ਪਾ ਦਿੰਦੀ ਹੈ। ਇਹ ਬਾਪ ਦੇ ਸਦਾ ਲਈ ਚੁੱਪ ਕਰ ਜਾਣ ਦੀ ਘੜੀ ਹੈ। ਹੁਣ ਉਸਦਾ ਪੁੱਤਰ ਇਹਨਾਂ ਤਿੰਨ ਸਤਰਾਂ ਨੂੰ ਨਵੇਂ ਅਰਥ ਦੇਣ ਖਾਤਰ ਇਹਨਾਂ ਦੇ ਪ੍ਰਤੀਕ ਤਿੰਨ ਮੰਜ਼ਲੇ ਕਾਂਟਿਆਂ ਨੂੰ ਆਪਣੀ ਨਾਨੀ ਦੇ ਹਵਾਲੇ ਕਰ ਆਉਂਦਾ ਹੈ।

ਦੋਨਾਂ ਕਵਿਤਾਵਾਂ ਵਿਚ ਕਹੀ ਗੱਲ ਨਾਲੋਂ ਅਣਕਹੀ ਗੱਲ ਦੇ ਅਰਥ ਡੂੰਘੇ ਹਨ। ਨਿਸ਼ਚੇ

ਹੀ ਪਹਿਲੀ ਕਵਿਤਾ ਵਿਦੇਸ਼ੀ ਕੁੜੀ ਦੀ ਹੈ ਤੇ ਦੂਜੀ ਦੇਸੀ ਕੁੜੀ ਦੀ। ਕਾਊਂਸਲਰ ਸ਼ਾਇਰਾ ਦੋਹਾਂ ਦਾ ਦੁੱਖ ਪਛਾਣਦੀ ਹੈ। ਉਹ ਵਿਦੇਸ਼ੀ ਕੁੜੀ ਦਾ ਦੁੱਖ ਦੱਸਣ ਵਿਚ ਉਨਾ ਸਹਿਜ ਨਹੀਂ ਦਿਖਾਉਂਦੀ ਜਿੰਨਾ ਦੇਸੀ ਕੁੜੀ ਦੇ ਦੁੱਖ ਵਿਚ ਪ੍ਰਤੱਖ ਹੈ। ਸ਼ਾਇਦ ਏਸ ਲਈ ਵਿਦੇਸ਼ੀ ਵਰਤਾਰਾ, ਜਿਹੜਾ ਕਿ ਸਮੇਂ ਦੇ ਬਦਲਣ ਨਾਲ ਉਸਦੇ ਆਪਣੇ ਦੇਸ ਵਿਚ ਪ੍ਰਵੇਸ਼ ਕਰਦਾ ਜਾ ਰਿਹਾ ਹੈ, ਉਹਦੇ ਲਈ ਮੂਲੋਂ ਨਵਾਂ ਸੀ। ਏਸ ਅੰਤਰ ਨੂੰ ਲਾਂਭੇ ਰੱਖ ਕੇ ਦੇਖੀਏ ਤਾਂ ਦੋਵੇਂ ਕਵਿਤਾਵਾਂ ਅੰਤਾਂ ਦੇ ਚਿੰਤਨ ਦੀ ਉਪਜ ਹਨ। 'ਅਹਿਦ' ਵਿਚਲੀਆਂ ਸਾਰੀਆਂ ਕਵਿਤਾਵਾਂ ਵਿਚ ਇਹ ਸੁਰ ਲੋੜੀਂਦੀ ਮਾਤਰਾ ਵਿਚ ਸਮਾਈ ਹੋਈ ਹੈ। ਹਰ ਕਵਿਤਾ ਦੇ ਵਹਾਅ ਤੇ ਉਹਦੇ ਲਈ ਢੁਕਵੇਂ ਸ਼ਬਦਾਂ ਤੇ ਬਿੰਬਾਂ ਦੀ ਚੋਣ ਰਚਨਾ ਨੂੰ ਡੂੰਘੇ ਅਰਥ ਪ੍ਰਦਾਨ ਕਰਦੀ ਹੈ।

ਦਲਵੀਰ ਕੌਰ ਦੀ ਕਵਿਤਾ ਰਿਸ਼ਤਿਆਂ ਦੀ ਕਵਿਤਾ ਹੈ। ਇਹ ਰਿਸ਼ਤੇ ਨੌਜਵਾਨ ਮੁੰਡੇ, ਕੁੜੀਆਂ ਦੇ ਮਾਪਾ ਪੀੜ੍ਹੀ ਨਾਲ ਮਤਭੇਦਾਂ ਤਕ ਹੀ ਸੀਮਤ ਨਹੀਂ। ਏਥੇ ਪ੍ਰੇਮ ਸੰਬੰਧਾਂ ਦੀਆਂ ਵਿਰਲਾਂ, ਵਿਆਹੁਤਾ ਜੀਵਨ ਦੀਆਂ ਤ੍ਰੇੜਾਂ, ਯੁਵਾ ਪੀੜ੍ਹੀ ਦੀ ਵਿਦੇਸ਼ਾਂ ਲਈ ਅੰਨ੍ਹੀ ਦੌੜ, ਮੰਡੀਕਰਨ ਦੇ ਮਾਰੂ ਅੰਸ਼ ਅਤੇ ਲੋੜਵੰਦਾਂ ਦੀਆਂ ਲੋੜਾਂ ਪ੍ਰਤੀ ਪਰਵਰਦਗਾਰ ਪਰਮਾਤਮਾ ਦੀ ਅਣਗਹਿਲੀ ਤੇ ਬੇਰੁਖੀ ਉੱਤੇ ਵੀ ਤਿੱਖੀ ਚੋਭ ਕੀਤੀ ਮਿਲਦੀ ਹੈ:

ਭੁੱਖੇ ਬੱਚੇ ਦੇ/ਪੇਟ ਦੀਆਂ/ਖੁੱਤੀਆਂ 'ਚ ਬੈਠੀ
ਮਾਂ ਦਾ ਕਦੇ ਕੋਈ/ਭਗਵਾਨ ਨਹੀਂ ਹੁੰਦਾ
ਗ਼ਰੀਬ ਦਾ ਰੱਬ
ਉਸਦੇ ਪੇਟ ਦੀ/ਭੁੱਖ ਜੇਡਾ ਹੀ ਰਹਿੰਦਾ ਹੈ
ਤੇ ਰੱਜਵਾਂ ਅੰਨ/ਉਸਦੀ ਪੂਜਾ!!

ਦਲਵੀਰ ਦੀ ਕਵਿਤਾ ਦਾ ਮੀਰੀ ਗੁਣ ਬੋਲੋੜੀ ਤੇ ਲੋੜੀਂਦੀ ਧਾਰਨਾ ਨੂੰ ਉਜਾਗਰ ਕਰਨ ਵਿਚ ਹੈ। ਅਜਿਹਾ ਕਰਨ ਲਈ ਉਹ ਟਕਰਾਓ ਤੇ ਵਿਅੰਗ ਦਾ ਸਹਾਰਾ ਲੈਂਦੀ ਹੈ। ਏਥੇ ਵੀ ਉਹ ਬੇਲੋੜੇ ਵਿਸਥਾਰ ਵਿਚ ਨਹੀਂ ਪੈਂਦੀ। ਕਿਧਰੇ ਕਿਧਰੇ ਇਹ ਟਕਰਾਓ ਏਨਾ ਸੂਖਮ ਹੁੰਦਾ ਹੈ ਕਿ ਜ਼ਰਾ ਜਿੰਨਾ ਵੀ ਧਿਆਨ ਏਧਰ ਉਧਰ ਹੋਵੇ ਤਾਂ ਕਵਿਤਾ ਦਾ ਅਸਲ ਪ੍ਰਭਾਵ ਗੁਆਚ ਸਕਦਾ ਹੈ। ਦਲਵੀਰ ਕੌਰ ਦੀ ਸਮੁੱਚੀ ਸੁਰ ਗੰਭੀਰਤਾ ਵਾਲੀ ਹੈ ਤੇ ਗੰਭੀਰ ਪਾਠ ਦੀ ਮੰਗ ਕਰਦੀ ਹੈ:

ਨੱਪ ਦੇਂਦੀਆਂ ਨੇ ਮਾਵਾਂ/ਬੜੇ ਸਬਰ ਨਾਲ
ਅਣਜੰਮੀ ਧੀ ਦੀ ਚੀਖ...
ਆਵੇਗਾ ਫਿਰ/ਸਾਂਝੀ ਬੁਰਕੀ ਦਾ ਦੌਰ
ਵੰਡ ਲੈਣਗੇ ਸਤਯੁਗੀ/ਇਕੱਲੀ ਕਹਿਰੀ ਚੀਖ
ਦੇਣਗੇ ਢੇਰਾਂ ਬਸਤਰ/ਪਾਉਣਗੇ ਨੱਥ, ਟਿੱਕਾ, ਝਾਂਜਰ
ਚੀਕੇਗੀ ਫਿਰ ਖਿਲਾਅ ਵਿਚ
ਅੱਜ ਦੀ ਦਰੋਪਤੀ ਦੀ ਚੀਖ!!!

ਏਥੇ ਦਲਵੀਰ ਨੇ ਅਣਜੰਮੀ ਧੀ ਨੂੰ ਦਰੋਪਤੀ ਦਾ ਬਿੰਬ ਪ੍ਰਦਾਨ ਕਰਕੇ ਭਰੂਣ ਹੱਤਿਆ ਦੇ ਕੋਹੜ ਤੇ ਕੁਕਰਮ ਨੂੰ ਪ੍ਰਭਾਵੀ ਤੇ ਸੁਥਰੇ ਅਰਥ ਦਿੱਤੇ ਹਨ। ਹੇਠਲੀਆਂ ਸਤਰਾਂ ਵਿਚ ਖੰਡਰ ਹੋਏ ਜਿਸਮ ਦਾ ਬਿੰਬ ਵੀ ਏਸੇ ਤਰ੍ਹਾਂ ਦਾ ਹੈ:

ਭਾਲ ਮੇਰੀ ਵਿਚ/ਛੱਡ ਗਿਆ ਮੈਨੂੰ
ਜਿਸਨੂੰ ਮੇਰੀ ਭਾਲ ਸੀ
ਤੇ ਲੈ ਗਿਆ/ਰੂਹ ਮੇਰੀ

ਖੰਡਰ ਆਪਣੇ 'ਚ/ਵਸਾ

ਏਥੇ ਰੂਹ ਤਾਂ ਸਹੀ ਸਲਾਮਤ ਹੈ ਪਰ ਇਸਨੂੰ ਚੋਰੀ ਕਰਨ ਵਾਲੇ ਦਾ ਜਿਸਮ ਇਕ ਖੰਡਰ ਸਮਾਨ ਹੋ ਚੁੱਕਾ ਹੈ। ਬਿਲਕੁਲ ਨਵਾਂ ਟਕਰਾਓ ਤੇ ਤਨਜ਼। ਕਿਸੇ ਦੀ ਰੂਹਾਨੀ ਉੱਤਮਤਾ ਤੋਂ ਮੂੰਹ ਮੋੜਨ ਵਾਲੇ ਮਰਦ ਦੇ ਜਿਸਮ ਨੂੰ ਖੰਡਰ ਦਾ ਬਿੰਬ ਦੇਣ ਨਾਲ ਕਵਿਤਾ ਦੇ ਅਰਥ ਉੱਤਮ ਹੋ ਨਿਬੜਦੇ ਹਨ।

ਮਰਦ ਭਾਵੇਂ ਪਤੀ ਹੋਵੇ ਪਿਤਾ ਜਾਂ ਪ੍ਰੇਮੀ, ਉਹਦੇ ਵੱਲੋਂ ਦਿੱਤੀ ਜਾ ਰਹੀ ਨਿਰਮੂਲ ਨਸੀਹਤ, ਪ੍ਰਦਾਨ ਕੀਤੀ ਜਾ ਰਹੀ ਸੁਰਖਿਆ ਤੇ ਸਦਾਚਾਰਕ ਸਿਖਲਾਈ ਨਿੰਦਣਯੋਗ ਹੁੰਦੀ ਹੈ। ਦਲਵੀਰ ਅਜਿਹੇ ਵਰਤਾਰੇ ਉੱਤੇ ਚੋਟ ਕਰਨ ਲੱਗੀ ਨਹੀਂ ਝਿਜਕਦੀ। ਏਥੇ ਵੀ ਥੋੜ੍ਹਾ ਬਹੁਤ ਕਾਵਿਕ ਬਚ-ਬਚਾਓ ਤੇ ਸਹਿਜ ਉਸਦੀ ਕਵਿਤਾ ਅੰਦਰਲੀ ਸਾਹਿਤਕ ਉੱਤਮਤਾ ਉੱਤੇ ਸਹੀ ਪਾਉਂਦਾ ਹੈ। ਪਰੰਪਰਾ ਨਾਲ ਆਢਾ ਲੈਣਾ ਸੌਖਾ ਤਾਂ ਨਹੀਂ ਪਰ ਦਲਵੀਰ ਇਸਤੋਂ ਪਿੱਛੇ ਨਹੀਂ ਹਟਦੀ:

ਮੈਂ ਇੱਕੀਵੀਂ ਸਦੀ 'ਚ
ਕੁਝ ਮਾਂ ਦੇ ਉਪਦੇਸ਼/ਕੁਝ ਪਿਓ ਦਾ ਕਰਮ
ਆਪਣੇ ਮੱਥੇ ਟੰਗਦੀ ਹਾਂ
ਇਕ ਸਾਹ ਜਿਊਂਦੀ ਹਾਂ/ਇਕ ਸਾਹ ਮਰਦੀ ਹਾਂ
ਮੇਰਾ ਬੱਚਾ/ਦੋਹਾਂ ਤੋਂ ਆਜ਼ਾਦ ਹੈ
ਫਰਾਇਡ ਨੂੰ ਪੜ੍ਹਦਾ ਹੈ/ਕੁਦਰਤੀ ਵੇਗ 'ਚ ਵਹਿੰਦਾ ਹੈ
ਆਪਣਾ ਨੰਗ ਪਛਾਣਦਾ ਹੈ/ਦੂਜੇ ਦਾ ਨੰਗ ਜਰਦਾ ਹੈ
ਇਹ ਵੇਖ ਹੁਣ ਨਾਨੀ ਕਹਿੰਦੀ ਹੈ,
"ਸਾਡੇ ਨਾਲੋਂ ਤਾਂ ਇਹ ਚੰਗਾ ਹੈ
ਜੋ ਸੱਚ ਜਿਊਂਦਾ ਹੈ
ਤੇ ਅਫਲਾਤੂਨੀ ਪਾਖੰਡ ਤੋਂ/ਕੰਡ ਕਰਦਾ ਹੈ!!"

ਕਿਧਰੇ ਕਿਧਰੇ ਦਲਵੀਰ ਕੌਰ ਦੀ ਕਵਿਤਾ ਵਿਚਲਾ ਵਿਅੰਗ ਬਹੁਤ ਤਿੱਖਾ ਵੀ ਹੋ ਜਾਂਦਾ ਹੈ। 'ਚੁੱਪ' ਨਾਂ ਦੀ ਕਵਿਤਾ ਵਿਚ ਬਾਪ ਦੀਆਂ ਵਧੀਕੀਆਂ ਦਾ ਸਤਿਆ ਪੁੱਤਰ ਆਪਣੀ ਮਾਂ ਨੂੰ Silly Cow ਕਹਿ ਕੇ ਜ਼ੋਰ ਦੀ ਧਰਤੀ 'ਤੇ ਪੈਰ ਪਟਕਾਂਦਾ ਤੇ ਉੱਚੀ ਉੱਚੀ ਬੋਲਦਾ ਹੈ:

ਇਸ ਗਲੀ ਦੇ 18 ਨੰਬਰ ਘਰ
ਮੇਰੀ ਮਾਂ ਦੇ ਨਾਲ/ਕਦੇ ਨਾ ਜਾਣਾ
He is a bloody beast
He has ripped me apart
Torn me left, right and centre

ਤੇ ਅੰਤ ਵਿਚ ਆਪਣੀ ਅਸੀਲ ਗਾਂ ਵਰਗੀ ਮਾਂ ਨੂੰ ਕੋਸਣ ਤੋਂ ਬਾਜ਼ ਨਹੀਂ ਆਉਂਦਾ। ਜੇ ਮਾਂ ਫੇਰ ਵੀ ਉਸਨੂੰ ਪਿਆਰ ਕਰਦੀ ਹੈ ਤਾਂ ਉਹਦੀਆਂ ਉਹੀ ਜਾਣੇ। ਹਰ ਕਿਸੇ ਨੂੰ ਆਪਣਾ ਮਾਰਗ ਆਪ ਹੀ ਲੱਭਣਾ ਪੈਂਦਾ ਹੈ। ਉਂਝ ਕਿਧਰੇ ਕਿਧਰੇ ਅਜਿਹੀਆਂ ਚੋਟਾਂ ਦੇ ਬਾਵਜੂਦ ਦਲਵੀਰ ਦੀ ਸਮੁੱਚੀ ਕਵਿਤਾ ਸਹਿਜ ਪਾਲਣ ਤੇ ਸੁਚੇਤ ਰਹਿਣ ਦਾ ਸੁਨੇਹਾ ਦਿੰਦੀ ਹੈ:

ਧੁਰ ਅੰਦਰ ਤਕ/ਧੁਖਦੇ ਹੌਕਿਆ ਦੀ
ਕੋਈ ਨਕਲ ਨਹੀਂ ਹੁੰਦੀ
ਤੇ ਲੀਕਾਂ ਲੀਕਦੀਆਂ/ਸਿਸਕਦੀਆਂ ਔਸੀਆਂ

ਵਿਛੋੜੇ ਦਾ ਹੱਲ ਨਹੀਂ ਕਰਦੀਆਂ
ਨਾ ਹੀ ਵਸਲ ਦੇ ਪਲਾਂ ਦਾ/ਕੋਈ ਬਦਲ ਹੁੰਦੇ
ਹਾਂ, ਕੱਚ ਜੇਹੇ ਕੱਚੇ ਸੁਨੇਹੜੇ/ਅਕਸਰ ਕਾਂਵਾਂ ਦੀਆਂ ਚੁੰਝਾਂ 'ਚੋਂ
ਰਸਤਿਆਂ ਵਿਚ ਹੀ/ਕਿਰ ਜਾਇਆ ਕਰਦੇ ਨੇ!!

ਰਿਸ਼ਤਿਆਂ ਦੀ ਨਬਜ਼ ਨੂੰ ਪਛਾਨਣਾ, ਮਨੁੱਖੀ ਮਨ ਦੀਆਂ ਅੰਦਰਲੀਆਂ ਤਹਿਆਂ ਦੀ ਥਾਹ ਪਾਉਣਾ ਤੇ ਕਿਸੇ ਮਨੋਰੋਗੀ ਨੂੰ ਠੀਕ ਰਸਤੇ ਤੋਰਨਾ ਤਾਂ ਕਾਊਂਸਲਰ ਹੋਣ ਦੇ ਨਾਤੇ ਦਲਵੀਰ ਕੌਰ ਦਾ ਕਸਬ ਜਾਂ ਧੰਦਾ ਵੀ ਹੋ ਸਕਦਾ ਹੈ ਪਰ ਦਲਵੀਰ ਦੀ ਕਵਿਤਾ ਵਿਚ ਇਸਤੋਂ ਅੱਗੇ ਵੀ ਬਹੁਤ ਕੁਝ ਹੈ। ਉਹ ਰੱਬ ਦੀ ਉਸਤਤ ਲਈ ਉਸਾਰੇ ਬੁੱਤਾਂ ਦੀ ਔਕਾਤ ਪਛਾਣੇ ਬਿਨਾਂ ਵੀ ਨਹੀਂ ਰਹਿੰਦੀ। ਇਕ ਬੁੱਤ ਦੇ ਬੋਲ ਜਾਣਿਆਂ ਦਲਵੀਰ ਦੀ ਕਵਿਤਾ ਦਾ ਇਹ ਪੱਖ ਵੀ ਉਜਾਗਰ ਹੋ ਜਾਂਦਾ ਹੈ:

ਐ ਬੰਦੇ ਤੂੰ ਜਿੰਦਾ ਪਲ/ਮੈਂ ਨਤਮਸਤਕ ਤੈਨੂੰ
ਤੂੰ ਫਿਰ ਵੀ ਆਵੀਂ
ਵਹਿੰਦੇ ਪਾਣੀ ਦਾ ਰਾਜ਼
ਮੇਰੀ ਬੇਵਸੀ 'ਚੋਂ ਲੈ ਜਾਵੀਂ
ਬੁੱਤ ਤਾਂ ਸਦਾ ਉਡੀਕਦੇ/ਗਰਮ ਲਹੂ ਦੀ ਪੈੜ

ਗਰਮ ਲਹੂ ਦੀ ਪੈੜ ਛੱਡਣ ਵਾਲੇ ਕਿਸੇ ਵੀ ਅਹਿਦ ਦਾ ਸਵਾਗਤ ਕਰਨਾ ਬਣਦਾ ਹੈ। ਦਲਵੀਰ ਕੌਰ ਦੇ 'ਅਹਿਦ' ਨੂੰ 'ਜੀ ਆਇਆਂ ਨੂੰ' ਕਹਿੰਦਿਆਂ ਖੁਸ਼ੀ ਮਿਲ ਰਹੀ ਹੈ ਤੇ ਸੰਤੁਸ਼ਟੀ ਵੀ। ਬਹੁਤੀ ਏਸ ਲਈ ਕਿ ਸਾਡੀ ਕੁੜੀ ਵਤਨ ਤੋਂ ਏਨੀ ਦੂਰ ਬੈਠੀ ਸਾਡੀ ਮਾਤ ਭਾਸ਼ਾ ਵਿਚ ਨਵੀਆਂ ਪੈੜਾਂ ਪਾ ਰਹੀ ਹੈ।

-ਗੁਲਜ਼ਾਰ ਸਿੰਘ ਸੰਧੂ

ਸਿਫ਼ਰ [ਨੀਰੂ ਅਸੀਮ]

'ਭੂਰੀਆਂ ਕੀੜੀਆਂ' ਤੋਂ ਬਾਅਦ 'ਸਿਫ਼ਰ' (ਪੰਨੇ 104, ਮੁੱਲ 150 ਰੁਪਏ, ਅਭੀ ਬੁੱਕਸ, ਚੰਡੀਗੜ੍ਹ) ਨੀਰੂ ਅਸੀਮ ਦੀ ਦੂਜੀ ਕਾਵਿ ਕਿਤਾਬ ਹੈ। ਨੀਰੂ ਸਿਫ਼ਰ ਦੀ ਸਮਰੱਥਾ ਤੋਂ ਭਲੀਭਾਂਤ ਵਾਕਿਫ਼ ਹੈ। ਇਹ ਸਮਰੱਥਾ ਹਿੰਦਸਿਆਂ ਨਾਲ ਜੁੜ ਕੇ ਚੱਲਣ ਦੀ ਹੈ। ਸਿਫ਼ਰ ਦਾ ਇਕ ਹੋਰ ਅਹਿਮ ਪੱਖ ਜ਼ਰਬ ਖਾ ਕੇ ਸਿਫ਼ਰ ਹੋ ਜਾਣਾ ਹੈ। ਇਸ ਕਵਿਤਾ ਦੇ ਸ਼ਬਦ ਆਪਸ 'ਚ ਜੁੜਦੇ ਨਵੇਂ ਅਰਥਾਂ ਦਾ ਸੰਚਾਰ ਕਰਦੇ ਹਨ। ਇਸ ਤੋਂ ਬਾਅਦ ਅਰਥ ਜਿਸ ਤਰ੍ਹਾਂ ਆਪਸ ਵਿਚ ਖਹਿ ਕੇ ਬਹੁਤ ਚੁੱਪ-ਚੁਪੀਤੇ ਸੁਹਜ ਅਤੇ ਸਹਿਜ ਦਾ ਦਾ ਕੁੰਡਾ ਖੜਕਾਉਂਦੇ ਹਨ, ਉਨ੍ਹਾਂ ਦਾ ਰੰਗ ਦੇਖਣ ਹੀ ਵਾਲਾ ਹੈ। ਇਹ ਦਰਅਸਲ ਸਿਫ਼ਰ ਤੋਂ ਸਮਰੱਥਾ ਦਾ ਸਫ਼ਰ ਹੈ। ਇਸ ਸਫ਼ਰ ਦੀ ਉੱਡਦੀ ਧੂੜ ਸਾਰੀਆਂ ਕਵਿਤਾਵਾਂ ਵਿਚ ਇੰਨੇ ਸਹਿਜ ਤੇ ਸਲੀਕੇ ਨਾਲ ਆਣ ਬੈਠੀ ਹੈ ਕਿ ਇਹ ਸ਼ਬਦਾਂ ਦਾ ਸ਼ਿੰਗਾਰ ਬਣ ਗਈ ਹੈ।

ਇਸ ਕਿਤਾਬ ਦੀ ਟਾਈਟਲ ਕਵਿਤਾ 'ਸਿਫ਼ਰ' ਮਾਨੋ ਕਿਤਾਬ ਦੀ ਥੀਮ ਕਵਿਤਾ ਹੈ। ਸਭ ਤੋਂ ਅਖ਼ੀਰਲੀ ਅਤੇ ਲੰਮੀ ਕਵਿਤਾ 'ਸੁਪਨ ਸੁਹੇਲੇ' ਇਸੇ ਕਵਿਤਾ ਦਾ ਵਿਸਥਾਰ ਹੀ ਹੈ ਪਰ ਬਹੁਤ ਵੱਖਰੇ ਰੂਪ ਵਿਚ। ਅਸਲ ਵਿਚ ਇਹੀ ਗੱਲ ਨੀਰੂ ਦੀ ਕਵਿਤਾ ਵਿਚੋਂ ਨੋਟ ਕਰਨ ਵਾਲੀ ਹੈ। ਉਸ ਦੀ ਹਰ ਕਵਿਤਾ ਇਕ ਦੂਜੀ ਨਾਲ ਗਹਿਰੀ ਤਰ੍ਹਾਂ ਜੁੜੀ ਹੋਈ ਹੈ ਅਤੇ ਨਾਲ ਦੀ ਨਾਲ ਹੀ ਅਸਲੋਂ ਭਿੰਨ ਵੀ। ਮਸਲਨ 'ਸੁਪਨ ਸੁਹੇਲੇ' ਦੀ ਸ਼ੁਰੂਆਤ ਸਿੱਧੀ ਨਹੀਂ। ਤੁਹਾਨੂੰ ਪਹਿਲਾਂ ਇਸ ਕਵਿਤਾ ਦਾ ਮੁੱਖਬੰਦ ਪੜ੍ਹਨਾ ਪੈਂਦਾ ਹੈ, ਕਵਿਤਾ ਦੇ ਰੂਪ ਵਿਚ ਹੀ। ਜਿਵੇਂ ਚਰਚਿਤ ਦਾਗ਼ਿਸਤਾਨੀ ਲੇਖਕ ਰਸੂਲ ਹਮਜ਼ਾਤੋਵ ਕਹਿੰਦਾ ਹੈ- ਹਵਾ ਵਿਚ ਉੱਡਣ ਤੋਂ ਪਹਿਲਾਂ ਹਵਾਈ ਜਹਾਜ਼ ਦੌੜਦਾ ਹੈ, ਰੌਲਾ ਪਾਉਂਦਾ ਹੈ- ਠੀਕ ਉਸੇ ਤਰ੍ਹਾਂ ਇਹ ਕਵਿਤਾ ਵੀ ਉਡਾਣ ਭਰਨ ਤੋਂ ਪਹਿਲਾਂ ਮੁੱਖਬੰਦ ਦੇ ਰੂਪ ਵਿਚ ਦੌੜਦੀ ਹੈ ਅਤੇ

ਪਾਠਕ ਨੂੰ, ਵਾਹ ਲਗਦੀ, ਤਿਆਰ ਕਰਦੀ ਹੈ-ਇਕ ਭਰਵੀਂ ਉਡਾਣ ਲਈ। ਨੀਰੂ ਦਾ ਅਸੀਮ ਜ਼ੋਰ-ਇ-ਕਲਮ ਦੇਖੋ:

ਕਦੀ ਕਦੀ ਤਾਂ ਹਵਾ ਵੀ ਸ਼ਹਿ ਕੇ
ਬਹਿ ਜਾਇਆ ਕਰਦੀ ਸੀ

ਇਸ ਮੁੱਖਬੰਦ ਤੋਂ ਬਾਅਦ 13 ਹਿੱਸਿਆਂ ਵਿਚ ਪੇਸ਼ ਇਸ ਕਵਿਤਾ ਵਿਚ ਆਈਆਂ ਅਗਲੀਆਂ ਗੱਲਾਂ ਵਿਚਾਰਨ ਵਾਲੀਆਂ ਹਨ। ਇਨ੍ਹਾਂ ਗੱਲਾਂ ਵਿਚ ਉਸ ਤੜਫਾਹਟ ਦੀਆਂ ਰਮਜ਼ਾਂ ਲੁਕੀਆਂ-ਛੁਪੀਆਂ ਪਈਆਂ ਹਨ ਜਿਹੜੀਆਂ ਲੇਖਕਾ ਦੀ ਤਾਂਘ ਅਤੇ ਤਮੰਨਾ ਦਾ ਨਿਝੱਕ ਵਰਨਣ ਕਰਦੀਆਂ ਹਨ। ਇਸ ਵਰਨਣ ਲਈ ਉਸ ਨੂੰ ਕਿਸੇ ਰਸਮ ਦੀ ਕੋਈ ਲੋੜ ਨਹੀਂ ਪੈਂਦੀ ਸਗੋਂ ਉਹ ਇਹ ਰੰਗ ਆਪਣੇ ਹੱਥੀਂ ਆਪਣੇ ਚਿੱਤਰ ਵਿਚ ਭਰਦੀ ਹੈ। ਇਨ੍ਹਾਂ ਰੰਗਾਂ ਨੂੰ ਤਰਤੀਬ ਦੇਣ ਅਤੇ ਮੜਕ ਨਾਲ ਪੇਸ਼ ਕਰਨ ਦਾ ਰੰਗ ਬੜਾ ਨਿਰਾਲਾ ਪਰ ਸਾਧਾਰਨ ਹੈ:

ਮੈਂ ਕਿਹੜਾ ਬਹੁਤੀ ਗੋਰੀ ਚਿੱਟੀ ਹਾਂ
ਇਸ ਸਾਂਵਲੇ ਰੰਗ 'ਚ ਤੂੰ ਕੋਈ ਰੰਗ ਭਰ ਦੇ

ਇਹ ਸਾਂਝ ਦਾ ਸਲੀਕਾ ਹੈ। ਕੋਈ ਇਸ ਨੂੰ ਸਮਰਪਣ ਦਾ ਨਾਂ ਵੀ ਦੇ ਸਕਦਾ ਹੈ। ਪਹਿਲੀ ਨਜ਼ਰੇ ਇਸ ਕਵਿਤਾ ਦਾ ਇਹੀ ਸਮਰਪਣ ਵਾਲਾ ਪ੍ਰਭਾਵ ਹੀ ਉੱਘੜਦਾ ਹੈ ਪਰ ਜਿਉਂ-ਜਿਉਂ ਕਵਿਤਾ ਅੱਗੇ ਤੁਰਦੀ ਹੈ, ਗੰਢਾਂ ਖੁੱਲ੍ਹਦੀਆਂ ਜਾਂਦੀਆਂ ਹਨ। ਆਖ਼ਰਕਾਰ ਗੱਲ ਸਿੱਧੀ ਹੀ ਸਾਥੀ ਦੀ ਬੇਵਫ਼ਾਈ ਨਾਲ ਜਾ ਜੁੜਦੀ ਹੈ:

ਤੂੰ ਰੱਬ ਲੱਭਣ ਨਾ ਜਾ
ਮੈਂ ਮੁਹੱਬਤ ਕਰ ਰਹੀ ਹਾਂ
ਲੋਕ ਰੱਬ ਨੂੰ ਲੱਭਦੇ ਝੱਲੇ ਨੇ
ਮੈਂ ਰੱਬ ਨੂੰ ਤੱਕਦੀ ਝੱਲੀ ਹਾਂ
ਇਕ ਸੁਪਨਾ ਤਾਮੀਰ ਕਰ
ਆਪਣੇ ਸੁਪਨੇ ਦੀਆਂ ਕੰਧਾਂ
ਮੇਰੇ ਜਿਸਮ ਦੇ ਅਣੂਆਂ ਨਾਲ ਬਣਾ
ਮੇਰੇ ਹੱਥ ਦਿਲ 'ਚੋਂ ਵਹਿ ਰਹੀ ਰੱਤ ਨਾਲ ਲਿਬੜੇ ਨੇ
ਲਹੂ ਭਿੱਜੇ ਹੱਥਾਂ ਦੀ ਦਸਤਕ ਤਾਂ ਸੁਣ
ਤੂੰ ਦਰ ਤਾਂ ਖੋਲ੍ਹ...
ਜਦੋਂ ਆਵੇਂ ਮੇਰਾ ਸੁਪਨਾ ਅੱਖਾਂ 'ਚ ਧਰ ਲਿਆਵੀਂ
ਨਹੀਂ ਤਾਂ ਮੈਥੋਂ ਪਛਾਣ ਨਹੀਂ ਹੋਣਾ
ਮੈਂ ਪੁੱਛ ਬੈਠਾਂਗੀ ਕੌਣ ਹੋ...

ਇਸ ਪੁੱਛ ਅਤੇ ਇਨ੍ਹਾਂ ਤਾਂਘਾਂ ਤੇ ਤੁਣਕਿਆਂ ਦਾ ਅਕਸ ਜੇ ਲੱਭਣਾ ਹੋਵੇ ਤਾਂ 'ਮਾਂ' ਕਵਿਤਾ ਵਿਚੋਂ ਲੱਭ ਸਕਦਾ ਹੈ। ਮਾਂ ਦੀ ਹੋਣੀ ਇਸ ਕਵਿਤਾ ਵਿਚ ਆਮ ਔਰਤ ਦੀ ਹੋਣੀ ਬਣ ਕੇ ਪੇਸ਼ ਹੋਈ ਹੈ ਪਰ ਨੀਰੂ ਦਾ ਕਹਿਣ ਢੰਗ ਹੀ ਉਸ ਨੂੰ ਬਾਕੀਆਂ ਨਾਲੋਂ ਵੱਖਰੀ ਕਰਦਾ ਹੈ, ਇੰਨੀ ਕੁ ਵੱਖਰੀ ਕਿ ਉਹ ਸਾਧਾਰਨ ਵੇਰਵਿਆਂ ਵਿਚ ਵੀ ਅਸਾਧਾਰਨ ਚਿੱਤਰ ਖਿੱਚ ਦਿੰਦੀ ਹੈ। ਮਾਂ ਦਾ ਚਿੱਤਰ ਇਸ ਕਵਿਤਾ ਵਿਚ ਇਉਂ ਪੇਸ਼ ਹੁੰਦਾ ਹੈ:

ਇਕ ਸੀ ਮਾਂ
ਜਿਹੜੀ ਤੇਰੇ ਅੰਦਰ ਸੀ ਪਰ ਕਦੇ ਹੋ ਨਾ ਸਕੀ
ਤੇ ਇਕ ਤੂੰ ਉਹ ਸੀ ਮਾਂ

ਜੋ ਤੂੰ ਸੀ ਨਹੀਂ ਪਰ ਸਾਰੀ ਉਮਰ ਹੋਈ ਰਹੀ

ਇਹੀ ਗੂੰਜ 'ਕਿਸੇ ਦਿਨ' ਨਾਂ ਦੀ ਕਵਿਤਾ ਵਿਚ ਪੈਂਦੀ ਹੈ। ਮੌਲਿਕ ਖ਼ਿਆਲ ਅਤੇ ਨਵੇਕਲੇ ਵਿਚਾਰ ਅਸਲ ਵਿਚ ਮੌਲਿਕ ਤੇ ਨਵੇਕਲੇ ਨਹੀਂ ਬਲਕਿ ਮਾਂ ਅਤੇ ਪਿਉ ਥਾਣੀਂ ਆਏ ਹਨ, ਕਦੀ ਬੇੜੀਆਂ ਤੇ ਕਦੀ ਨਸ਼ਤਰ ਬਣ ਕੇ। ਇਸ ਦਾ ਬਦਲ ਸੰਵਾਦੀ ਕਵਿਤਾ 'ਟੀਨ ਏਜਰ ਦਾ ਸੰਬੋਧਨ' ਵਿਚ ਬੇਹੱਦ ਤਿੱਖੇ ਰੂਪ ਵਿਚ ਪੇਸ਼ ਹੋਇਆ ਹੈ। ਇਹ ਕਵਿਤਾ ਫ਼ਰਜ਼ ਦੇ ਨਾਂ 'ਤੇ ਬੱਚਿਆਂ ਦੇ ਪੈਰੀਂ ਪਾਈਆਂ ਬੇੜੀਆਂ ਦੇ ਕੋਣ ਤੋਂ ਸੰਵਾਦ ਰਚਾਉਂਦੀ ਹੈ। ਇਹ ਸੰਵਾਦ ਭਾਵੇਂ ਇਕਪਾਸੜ ਅਤੇ ਇਕਹਿਰਾ ਹੈ ਪਰ ਮਹੱਤਵਪੂਰਨ ਇਸ ਕਰਕੇ ਹੈ ਕਿਉਂਕਿ ਫ਼ਰਜ਼ਾਂ ਦੇ ਰਾਮ-ਰੌਲੇ ਵਿਚ ਇਸ ਉਮਰ-ਵਰਗ ਦੀਆਂ ਸੱਧਰਾਂ ਅਤੇ ਚਾਵਾਂ ਦੀ ਗੱਲ ਕੀਤੀ ਹੀ ਨਹੀਂ ਜਾ ਰਹੀ। ਸਾਰਾ ਕੁਝ ਅਤੇ ਸਾਰੀ ਚਰਚਾ ਤੇ ਵਿਆਖਿਆਨ ਮਾਪਿਆਂ ਦੇ ਹੀ ਦ੍ਰਿਸ਼ਟੀਕੋਣ ਤੋਂ ਹੋ ਰਿਹਾ ਹੈ। ਇਹ ਉਮਰ-ਵਰਗ ਅਸਮਾਨ ਵਿਚ ਉੱਡਣਾ ਲੋਚਦਾ ਹੈ।

ਇਸ ਕਵਿਤਾ ਨੂੰ ਜੇਕਰ ਇਕ ਵੱਖਰੇ ਕੋਣ ਤੋਂ ਅਤੇ ਰਤਾ ਕੁ ਵਡੇਰੇ ਪ੍ਰਸੰਗ ਵਿਚ ਵਿਚਾਰਿਆ ਜਾਵੇ ਤਾਂ ਅੱਜ ਦੇ ਮਾਹੌਲ ਦੀਆਂ ਲੜੀਆਂ ਆਪ ਮੁਹਾਰੇ ਜੁੜਨ ਲਗਦੀਆਂ ਹਨ। ਦਰਅਸਲ ਇਸ ਵਿਸ਼ੇਸ਼ ਉਮਰ-ਵਰਗ ਦੀ ਛਟਪਟਾਹਟ ਅਤੇ ਮੁਹਿੰਮਾਂ ਦੇ ਮੁਹਾਣਾਂ ਉੱਤੇ ਆਈ ਖੜੋਤ ਨੂੰ ਇਸ ਉਲਝੀ ਤਾਣੀ ਦੇ ਪ੍ਰਸੰਗ ਵਿਚ ਵਿਚਾਰ ਕੇ ਹੀ ਰਿੜਕਿਆ ਜਾ ਸਕਦਾ ਹੈ। ਇਸ ਵੇਲੇ ਮਸਲਾ ਬੁਰੀ ਤਰ੍ਹਾਂ ਉਲਝੀ ਤਾਣੀ ਦਾ ਨਹੀਂ, ਸਹੀ ਦਿਸ਼ਾ ਦੀ ਨਿਸ਼ਾਨਦੇਹੀ ਦਾ ਹੈ। ਇਸ ਨਿਸ਼ਾਨਦੇਹੀ ਦੀ ਕਨਸੋਅ ਭਾਵੇਂ ਹਲਕੇ ਰੂਪ ਵਿਚ ਹੀ ਸਹੀ, 'ਨਜ਼ਰੀਆ' ਨਾਂ ਦੀ ਕਵਿਤਾ ਵਿਚ ਪੈਂਦੀ ਹੈ:

ਅਕਸਰ ਹੀ ਗੁੰਮ ਜਾਂਦੀਆਂ ਰਹੀਆਂ ਨੇ
ਘਰ 'ਚ ਕਿਤਾਬਾਂ, ਕਾਪੀਆਂ, ਕੰਘੇ, ਚਾਬੀਆਂ...
ਥੋੜ੍ਹੀ ਕੋਸ਼ਿਸ਼ ਤੋਂ ਬਾਅਦ , ਖਿਝ ਖਪਾਈ ਤੋਂ ਬਾਅਦ
ਲੱਭਦੀਆਂ ਰਹੀਆਂ ਨੇ

***

ਮੈਂ ਨਜ਼ਮ ਨੂੰ ਕਹਿ ਰਹੀ ਹਾਂ-
ਬਹੁਤਾ ਨਹੀਂ ਬੋਲੀਦਾ
ਇਹ ਫੇਰ ਵੀ ਬਾਤਾਂ ਪਾ ਰਹੀ ਹੈ

'ਕਠਪੁਤਲੀਆਂ' ਇਸ ਕਿਤਾਬ ਦਾ ਹਾਸਲ ਹੈ। ਇਸ ਕਵਿਤਾ ਲਈ ਚਿਣੇ ਸ਼ਬਦ ਪਾਠਕ ਨੂੰ ਝੰਜੋੜ ਸੁੱਟਦੇ ਹਨ। ਇੰਨੀ ਸਹਿਜਤਾ ਨਾਲ ਰੋਸ ਅਤੇ ਰੋਸਾ, ਉਹ ਵੀ ਕਣਦਾਰ ਰੂਪ ਵਿਚ, ਘੱਟ ਪੜ੍ਹਨ-ਸੁਣਨ ਨੂੰ ਮਿਲਦਾ ਹੈ :

ਕਠਪੁਤਲੀਆਂ ਦੇ ਪੈਰਾਂ 'ਚ
ਛਾਲੇ ਹੋ ਗਏ ਨੇ-ਨੱਚਦਿਆਂ ਨੱਚਦਿਆਂ...
ਕਠਪੁਤਲੀਆਂ ਦੀਆਂ
ਅੱਖਾਂ ਭਰ ਆਈਆਂ ਨੇ- ਹੱਸਦਿਆਂ ਹੱਸਦਿਆਂ...
ਖ਼ਬਰ- ਕੋਈ ਅਖ਼ਬਾਰ ਨਹੀਂ ਦੇ ਰਿਹਾ...

ਦਰਅਸਲ ਇਨ੍ਹਾਂ ਸਤਰਾਂ ਦੀ ਸ਼ਕਤੀ ਸਹਿਜਤਾ ਵਿਚ ਹੀ ਹੈ। ਇਹੀ ਸਹਿਜ ਸਰਸਵਤੀ ਦਾ ਕੋਈ ਰੂਪ, ਕੋਈ ਰੰਗ ਹੈ। ਇਸ ਤੋਂ ਅੱਗੇ ਜਦੋਂ ਇਨ੍ਹਾਂ ਉਪਰਲੀਆਂ ਸਤਰਾਂ ਦੀ ਵਿਆਖਿਆ ਸ਼ੁਰੂ ਹੋ ਜਾਂਦੀ ਹੈ ਤਾਂ ਸਹਿਜਤਾ ਦੀ ਲੜੀ ਟੁੱਟਦੀ ਟੁੱਟਦੀ ਆਖ਼ਰ ਟੁੱਟ ਜਾਂਦੀ ਹੈ। ਕਿਤਾਬ ਵਿਚ ਕੁਝ ਹੋਰ ਥਾਈਂ ਵੀ ਇਹ ਭਾਣਾ ਵਰਤਿਆ ਹੈ। ਅਜਿਹੀਆਂ ਘੜੀਆਂ ਕਵਿਤਾ ਲਈ ਬਹੁਤ ਔਖੀਆਂ ਹੁੰਦੀਆਂ ਹਨ। ਇਨ੍ਹਾਂ ਘੜੀਆਂ ਨਾਲ ਹੀ ਬੜਾ ਕੁਝ ਤੈਅ ਹੁੰਦਾ ਹੈ। ਲੜੀ ਜੋੜਨ ਦੇ ਲੋਭ ਵਿਚ ਜਦ

ਜਦ ਇਹ ਕੜੱਕ ਕਰਕੇ ਟੁੱਟਦੀ ਹੈ ਤਾਂ ਕਵਿਤਾ ਦਾ ਰੰਗ ਰਤਾ ਕੁ ਫਿੱਕਾ ਪੈ ਜਾਂਦਾ ਹੈ। ਫਿਰ ਵੀ ਇਸ ਕਵਿਤਾ ਦਾ ਵੇਗ ਅਤੇ ਵੇਦਨਾ ਪਾਠਕ ਨਾਲੋਂ ਖਹਿਸਰ ਕੇ ਲੰਘਦੇ ਹਨ। ਇਸ ਵੇਗ ਅਤੇ ਵੇਦਨਾ ਦੀ ਇਕੋ-ਇਕ ਰਮਜ਼ 'ਫਿਲਹਾਲ' ਨਾਂ ਦੀ ਕਵਿਤਾ ਰਾਹੀਂ ਤੁਹਾਡੇ ਸਾਹਵੇਂ ਆਣ ਖਲੋਂਦੀ ਹੈ। ਇਹ ਕਵਿਤਾ ਸ਼ੁਰੂ ਹੀ ਇੱਥੋਂ ਹੁੰਦੀ ਹੈ:

ਮੈਂ ਬੰਦ ਖਿੜਕੀਆਂ ਖੁੱਲ੍ਹਣ ਦੀ ਇੰਤਜ਼ਾਰ 'ਚ ਹਾਂ
ਫਿਲਹਾਲ ਮੇਰੇ ਘਰ 'ਚ ਖੁੱਲ੍ਹੀ ਹੋਈ ਏ ਦੁਕਾਨ
ਬੀਵੀ ਬੱਚੇ ਵਿਅਸਤ ਨੇ
ਵਿਖਾਣ ਨੂੰ ਨੁਮਾਇਸ਼ 'ਚ ਰੱਖਿਆ ਸਾਮਾਨ
ਆਸ ਤਾਂ ਹੈ ਦੁਕਾਨਾਂ ਤੋਂ ਪਰਤਣਗੇ
ਕਦੀ ਆਪਣੇ
ਘਰ ਘਰ ਹੋਵੇਗਾ
ਤੇ ਅਸੀਂ ਵੀ ਕਦੀ ਮੌਲਾਂਗੇ

ਮੌਲਣ ਦੀ ਇਸ ਤਾਂਘ ਨੂੰ ਇਸ ਕਿਤਾਬ ਦੇ ਮੁੱਖਬੰਦਕਾਰ ਸੁਰਜੀਤ ਪਾਤਰ ਨੇ ਅਹਿਸਾਸ, ਸੋਚ ਤੇ ਸਿਰਜਣ ਦੀ ਸੋਝੀ, ਰਮਜ਼ ਤੇ ਸਮਰੱਥਾ ਕਿਹਾ ਹੈ। ਇਹ ਤਾਂਘ 'ਮਹਾਂਯੱਗ-ਸਵੈ ਨਾਲ ਸੰਵਾਦ' ਕਵਿਤਾ ਵਿਚ ਜੇ ਸਿਰੇ ਦਾ ਸਮਰਪਣ ਹੈ ਤਾਂ 'ਆ ਜਾ ਰਮਣੀਕ' ਵਿਚ ਨਾਨਕ ਵਰਗੀਆਂ ਉਦਾਸੀਆਂ ਦੀ ਲਲ੍ਹਕ ਦੀ ਝਲਕ ਵੀ ਬਣਦੀ ਹੈ । 'ਜੋਕਾਂ' ਨਾਂ ਦੀ ਕਵਿਤਾ ਦੀਆਂ ਆਖ਼ਰੀ ਸਤਰਾਂ ਵਿਚ ਉਹ ਯਥਾਰਥ ਦੀਆਂ ਗਲੀਆਂ ਵਿਚ ਗੇੜਾ ਮਾਰਦੀ ਹੈ। ਇਸ ਗੇੜੇ ਦਾ ਰੰਗ ਦੇਖੋ, ਢੰਗ ਦੇਖੋ:

ਮੈਨੂੰ ਮਹਿਸੂਸ ਹੁੰਦੈ
ਜ਼ਿੰਦਗੀ ਨੂੰ ਜਿੰਨੀ ਮੁਹੱਬਤ ਦੀ ਲੋੜ ਸੀ
ਓਨੀ ਮੈਂ ਉਸ ਨੂੰ ਕਦੀ ਨਹੀਂ ਕੀਤੀ

ਇਸ ਤਾਲਾਸ਼ ਵਿਚ ਹੀ 'ਅੱਜ ਘਰ ਖੁੱਲ੍ਹਾ ਹੋਇਆ ਹੈ' ਦੀ ਰਚਨਾ ਹੋਈ ਹੋਵੇਗੀ। ਇਸ ਕਰਕੇ ਹੀ ਇਸ ਵਿਚ 'ਪੰਨਾ ਚੁਰਾਸੀ' ਵਾਲਾ ਰੰਗ ਘੁਲਦਾ ਹੈ। ਇਸ ਰੰਗ ਦੀ ਅਖ਼ੀਰ ਜੇ ਮਿਥਣੀ ਹੋਵੇ ਤਾਂ 'ਸ਼ਿਵ' ਹੋ ਸਕਦੀ ਹੈ। ਇਸਦੀ ਸੁਰ ਇੰਨੀ ਕੁ ਉੱਚੀ ਤੇ ਸੁੱਚੀ ਤਾਂ ਜ਼ਰੂਰ ਹੈ ਕਿ ਇਹ ਸਾਫ਼ ਸੁਣੀ ਜਾ ਸਕਦੀ ਹੈ। ਦਰਅਸਲ ਨੀਰੂ ਦੀ ਕਵਿਤਾ ਦੀ ਤਾਕਤ ਹੀ ਇਹ ਹੈ ਕਿ ਇਸ ਨੂੰ ਪੜ੍ਹੇ-ਸੁਣੇ ਤੇ ਗੌਲੇ ਬਗ਼ੈਰ ਰਿਹਾ ਨਹੀਂ ਜਾ ਸਕਦਾ ।

-ਜਸਬੀਰ

ਪੱਤ ਕੁਮਲਾ ਗਏ [ਅਵਤਾਰ ਸਿੰਘ ਬਿਲਿੰਗ]

ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਸਾਹਮਣੇ ਆਉਣ ਵਾਲੇ ਪੰਜਾਬੀ ਨਾਵਲਕਾਰਾਂ ਵਿਚ ਉਭਰਵਾਂ ਨਾਮ ਹੈ ਅਵਤਾਰ ਸਿੰਘ ਬਿਲਿੰਗ। ਨਿਵੇਕਲੀ ਗਲਪ-ਭਾਸ਼ਾ ਸਦਕਾ ਪੰਜਾਬੀ ਨਾਵਲ ਵਿਚ ਆਪਣਾ ਨਿਸਚਤ ਸਥਾਨ ਬਣਾਉਣ ਵਾਲੇ ਇਸ ਨਾਵਲਕਾਰ ਨੇ ਪਿਛਲੇ ਇਕ ਦਹਾਕੇ ਦੌਰਾਨ ਤਿੰਨ ਨਾਵਲਾਂ ਦੀ ਸਿਰਜਣਾ ਕੀਤੀ ਹੈ। ਪਹਿਲਾ, 'ਨਰੰਜਣ ਮਸ਼ਾਲਚੀ' (1997), ਦੂਸਰਾ, 'ਖੇੜੇ ਸੁੱਖ ਵਿਹੜੇ ਸੁੱਖ' (2002) ਅਤੇ ਤੀਸਰਾ, 'ਇਹਨਾਂ ਰਾਹਾਂ ਉੱਤੇ' (2007) । 'ਪੱਤ ਕੁਮਲਾ ਗਏ' ਏਸ ਵਰ੍ਹੇ ਹੁਣੇ ਜਿਹੇ ਪ੍ਰਕਾਸ਼ਤ ਹੋਇਆ ਉਸਦਾ ਚੌਥਾ ਨਾਵਲ ਹੈ।

ਵਿਚਾਰ ਅਧੀਨ ਨਾਵਲ 'ਪੱਤ ਕੁਮਲਾ ਗਏ' (ਪੰਨੇ 176, ਮੁੱਖ 180 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ) ਪਿੰਡ ਮਾਨੂੰਪਰ ਦੇ ਜੀਵਨ-ਯਥਾਰਥ ਦਾ ਗਲਪੀ ਰੂਪਾਂਤਰਣ ਹੈ। ਨਾਵਲਕਾਰ ਨੇ ਅਜਿਹੇ ਰੂਪਾਂਤਰਣ ਨੂੰ ਰੂਪਵਾਨ ਕਰਨ ਲਈ ਨਾਵਲ ਦੇ ਪਾਤਰ ਬਣਦੇ ਮਾਨੂੰਪੁਰ ਦੇ

ਪਿੰਡ ਵਾਸੀਆਂ ਦਾ ਸੰਬੰਧ ਮਾਨੂੰਪੁਰ ਦੇ ਨਾਲ ਲਗਦੇ ਘੁੰਗਰਾਲੀ, ਮਲਕਪੁਰ, ਲੋਪੋਂ, ਕੋਟਲਾ, ਜੱਲ੍ਹਣਪੁਰ, ਉੱਚਾ ਪਿੰਡ, ਸੰਘੋਲ , ਬੱਸੀ ਗੁੱਜਰਾਂ, ਆਦਿ ਪਿੰਡਾਂ ਦੇ ਨਾਲ ਨਾਲ ਖੰਨਾ, ਖਮਾਣੋਂ, ਮੁਹਾਲੀ, ਚੰਡੀਗੜ੍ਹ, ਦਿੱਲੀ, ਮਨੀਲਾ, ਚੀਨ, ਥਾਈਲੈਂਡ, ਇਟਲੀ, ਜਰਮਨੀ, ਕੈਨੇਡਾ, ਅਮਰੀਕਾ ਆਦਿ ਸ਼ਹਿਰਾਂ ਤੇ ਦੇਸ਼ਾਂ ਨਾਲ ਵੀ ਜੋੜਿਆ ਹੈ। ਨਾਵਲ ਵਿਚ ਪਿੰਡਾਂ, ਸ਼ਹਿਰਾਂ ਤੇ ਦੇਸ਼ਾਂ ਦੇ ਅਜਿਹੇ ਸੰਕੇਤਕ ਹਵਾਲੇ ਹੱਥਲੇ ਨਾਵਲ ਦਾ ਸਹਿਜ ਤੱਥਾਤਮਕ ਆਧਾਰ ਬਣੇ ਹਨ। ਗਲਪ ਸਿਰਜਣ ਲਈ ਅਜਿਹੇ ਤੱਥਾਤਮਕ ਵੇਰਵਿਆਂ ਦਾ ਕਾਰਜ ਡਾ. ਗੁਰਬਖਸ਼ ਸਿੰਘ ਫ਼ਰੈਂਕ ਦੀ ਇਸ ਸਿਧਾਂਤਕ ਦਲੀਲ ਵਿਚੋਂ ਲੱਭਿਆ ਜਾ ਸਕਦਾ ਹੈ: "ਤੱਥ ਸਾਹਿਤ ਦਾ ਤੁਰਨ-ਬਿੰਦੂ ਹੁੰਦਾ ਹੈ, ਸੀਮਾ ਨਹੀਂ, ਕਿਉਂਕਿ ਸਾਹਿਤ ਤੱਥ ਨੂੰ ਜਿਉਂ ਦਾ ਤਿਉਂ ਪੇਸ਼ ਕਰਨ ਦਾ ਨਾ ਜ਼ਿੰਮਾ ਲੈਂਦਾ ਹੈ, ਨਾ ਦਾਅਵਾ ਕਰਦਾ ਹੈ। ਸਾਹਿਤ ਵਿਚ ਤੱਥ ਬਿੰਬ ਦਾ ਰੂਪ ਧਾਰਨ ਕਰਕੇ ਪੇਸ਼ ਹੁੰਦਾ ਹੈ, ਅਤੇ ਬਿੰਬ ਯਥਾਰਥ ਤੋਂ ਇਲਾਵਾ ਬੜਾ ਕੁਝ ਹੁੰਦਾ ਹੈ। ਇਹ ਸੁਹਜ ਪੈਦਾ ਕਰਨ ਦਾ ਵਸੀਲਾ ਹੁੰਦਾ ਹੈ ਅਤੇ ਨਾਲ ਹੀ ਲੇਖਕ ਦੇ ਸੰਸਾਰ ਦ੍ਰਿਸ਼ਟੀਕੋਨ ਨੂੰ ਪੇਸ਼ ਕਰਦਾ ਹੈ।"

ਹੱਥਲੇ ਨਾਵਲ ਵਿਚੋਂ ਉਘੜਦਾ ਬਿੰਬ ਪਾਠਕ ਨੂੰ ਇਸ ਗੱਲ ਦੀ ਸੋਝੀ ਕਰਵਾਉਂਦਾ ਹੈ ਕਿ ਅਵਤਾਰ ਸਿੰਘ ਬਿਲਿੰਗ ਆਲੋਚਨਾਤਮਕ ਯਥਾਰਥਵਾਦੀ ਦ੍ਰਿਸ਼ਟੀ ਵਾਲਾ ਅਜਿਹਾ ਗਲਪਕਾਰ ਹੈ ਜੋ ਗਲਪ ਸਿਰਜਣ ਵੇਲੇ ਸਮਾਜਕ ਯਥਾਰਥ ਉੱਤੇ ਕੱਸਵੀਂ ਨਜ਼ਰ ਰੱਖਣ ਦੇ ਨਾਲ ਨਾਲ ਆਪਣੇ ਸਿਰਜੇ ਪਾਤਰਾਂ ਦੇ ਵਾਰਤਾਲਾਪ ਰਾਹੀਂ ਉਸ ਉੱਤੇ ਪੜਚੋਲਵੀਂ ਟੀਕਾ-ਟਿੱਪਣੀ ਵੀ ਕਰਦਾ ਹੈ। ਇਸ ਨਾਵਲ ਵਿਚ ਵਰਤੀਆਂ ਰੁਲਦਾ ਨਾਮੀ ਪਾਤਰ ਦੀਆਂ "ਫਰੌਟੀਆਂ" ਨੂੰ ਇਸੇ ਪ੍ਰਸੰਗ 'ਚ ਵਿਚਾਰਿਆ ਜਾ ਸਕਦਾ ਹੈ। ਰੁਲਦੇ ਦੀਆਂ ਫਰੌਟੀਆਂ ਜਿੱਥੇ ਬਿਲਿੰਗ ਦੀ ਵਿਚਾਰਧਾਰਕ ਸੂਝ ਦਾ ਪ੍ਰਮਾਣ ਦਿੰਦੀਆਂ ਹਨ ਉੱਥੇ ਬਿਰਤਾਂਤਕ ਜੁਗਤ ਦੇ ਰੂਪ ਵਿਚ ਨਾਵਲ ਦੀ ਸਮੁੱਚੀ ਵਸਤੂ ਨੂੰ ਕੇਂਦਰੀ ਸੰਗਠਨ ਵਿਚ ਬੰਨ੍ਹ ਕੇ ਕਲਾਤਮਕ ਸੁਹਜ ਵੀ ਪੈਦਾ ਕਰਦੀਆਂ ਹਨ।

ਰੁਲਦੇ ਦੀਆਂ ਫਰੌਟੀਆਂ ਇਸ ਨਾਵਲ ਦਾ ਵਸਤੂਗਤ ਗਲਪੀ ਉਸਾਰ ਬਣਨ ਦੇ ਨਾਲ ਨਾਲ ਰੂਪਗਤ ਬਿਰਤਾਂਤਕ ਆਧਾਰ ਵੀ ਬਣੀਆਂ ਹਨ। ਮਿਸਾਲ ਦੇ ਤੌਰ 'ਤੇ ਉਸ ਦੀਆਂ ਕੁਝ ਫਰੌਟੀਆਂ ਲੈਂਦੇ ਹਾਂ: (ੳ) "ਆਹਲਾ ਤੋਂ ਆਹਲਾ ਮਸ਼ੀਨਾਂ ਆ ਜਾਣ, ਚਾਹੇ। ਸੱਪਾਂ ਦੀਆਂ ਸਿਰੀਆਂ ਤਾਂ ਸਾਨੂੰ ਸਾਂਝੀਆਂ-ਸੀਰੀਆਂ ਨੂੰ ਹੀ ਮਿੱਧਣੀਆਂ ਪੈਣੀਆਂ ਨੇ।" (ਅ) "ਦੇਖ ਲੈ, ਮਸ਼ੀਨਰੀ ਦੇ ਸਿਰ 'ਤੇ ਕਿੱਥੇ ਤੋਂ ਕਿੱਥੇ ਪਹੁੰਚ ਗਏ ਨੇ ਅਗਲੇ। ਟਰੈਕਟਰ, ਟਰੱਕ, ਟੈਕਸੀਆਂ ਅਰ ਹੁਣ ਆਹ ਹੂੰਝਾ।" (ੲ) "ਪਰ ਫਿੱਡਿਆ! ਤੂੰ ਤਾਂ ਉਹਨਾਂ ਚਾਰਾਂ ਵਿਚ ਵੀ ਨਹੀਂ ਆਉਂਦਾ। ਵੱਡਾ ਜ਼ਿਮੀਂਦਾਰ ਬਣਿਆ ਫਿਰਦੈਂ। ਗੱਠਿਆਂ ਦੀ ਪਨੀਰੀ ਲਾਉਣ ਜੋਗਾ ਕਿਆਰਾ ਕੋਈ ਬਚਿਆ ਵੀ ਹੈਗਾ ਤੇਰੇ ਕੋਲ?" (ਸ) "ਬਈ ਫਰੌਟੀਆ! ਜੱਟਾਂ ਜ਼ਿਮੀਂਦਾਰਾਂ ਦਾ ਘਰ ਤਾਂ ਏਹ ਲੱਗਦਾ ਹੀ ਨਹੀ।" (ਹ) "ਤੂੰ ਵੀ ਮਾੜੀ ਮੋਟੀ ਮੁਲਾਜ਼ਮਤ ਕਰ ਲੈ, ਜੈਬੇ ਯਾਰ! ਚਾਹੇ ਕਿਸੇ ਮਿੱਲ ਮੂਹਰੇ ਡੰਡਾ ਲੈ ਕੇ ਖੜ੍ਹਨ ਦੀਓ ਹੋਵੇ। ਜੇ ਕਹੇਂ, ਚਿੱਠੀ-ਰਸਾਇਣ ਲਵਾਂ ਦੇਵਾਂ ਤੈਨੂੰ?" (ਕ) "ਜਿੱਕਣ ਮਰਜ਼ੀ ਸਮਝ ਲੈ, ਬਾਈ। ਪਰ ਆਪਣਾ ਤਾਂ ਉਹੀ ਰੰਡੀ-ਰੋਣਾ। ਉਹੀ ਬੀਬੀ ਦੇ ਕੱਪੜੇ ਸੁੱਥਣ ਨਾਲ਼ਾ ਹੱਥ। ਲੈ ਲਵੇਂਗਾ ਤੂੰ ਵੀ ਟਰੈਕਟਰ ਕਦੇ? ਟਰੱਕ ਖਰੀਦਣ ਦਾ ਤਾਂ ਭਲਾ ਤੂੰ ਸੁਫਨਾ ਵੀ ਨਹੀਂ ਲੈ ਸਕਦਾ, ਮਿੱਤਰਾ!" (ਖ) "ਵਿਹਲੀ ਜੱਟਵੈੜ੍ਹ ਚਾਂਭਲੀ ਐ। ਭਈਆਂ ਦੇ ਸਿਰ 'ਤੇ ਢਿਡੈਲ ਬਣੀ ਜਾਂਦੇ ਨੇ।" (ਗ) "ਜੇ ਏਸ ਮਿੱਟੀ ਦੀ ਮਾਲਕੀ ਤੋਂ ਬਾਹਲੇ ਔਖੇ ਹੋ ਤਾਂ ਲਿਆਓ ਸੰਭਾਲੋ ਸਾਨੂੰ ਆਪਣੀਆਂ ਜ਼ਮੀਨਾਂ! ਜੇ ਦਿਨਾਂ 'ਚ ਹੀ ਪੰਜਾਬ ਨੂੰ ਡੈਨਮਾਰਕ ਨਾ ਬਣਾ ਦੇਈਏ। ਤੁਸੀਂ ਡੱਕਾ ਨ੍ਹੀ ਦੂਹਰਾ ਕਰਦੇ ਅਰ ਥੋਡੇ ਭਈਆਂ ਤੋਂ ਥੋਡੇ ਰੱਖੇ ਵਲਾਇਤੀ ਵੱਛੇ ਨਹੀਂ ਸੰਭਾਲੇ ਜਾਂਦੇ।" (ਘ) "ਕੋਈ ਭੁੱਲਿਆ ਨਹੀਂ ਹੋਇਆ, ਕਾਕਾ। ਤੁਸੀਂ ਨੌਕਰੀ ਵੀ ਤਾਂ ਏਹੀ ਜਾਤ ਲਿਖਾ ਕੇ ਲਈ ਐ। ਏਹੀ ਜਾਤ ਲਿਖਾ ਕੇ ਏਨੀਆਂ ਜਮਾਤਾਂ ਪੜ੍ਹੀਆਂ ਨੇ। ਹੁਣ ਬੇਸ਼ੱਕ ਕਬੂਤਰ ਵਾਂਗ ਅੱਖਾਂ ਮੀਚੀਂ ਫਿਰੀ ਜਾਓ।" (ਙ) "ਆਪਾਂ ਤਾਂ ਰਜਰਬ ਹਾਂ,

ਰਾਮ ਸਿਆਂ? ਆਪਣੀ ਨੌਕਰੀ 'ਚ ਵੀ ਏਨੀ ਅਟਕਾਰ ਪੈਣ ਲੱਗ ਪਈ ਯਾਰੋ। ਜੇ ਐਂਕਣ ਖੜ੍ਹਤ ਪੈਂਦੀ ਗਈ ਤਾਂ ਆਪਣਾ ਬਣੂੰ ਕੀ?" (ਚ) "ਉਹ! ਲੋਹੜਾ ਆ ਗਿਆ। ਕਿਧਰ ਘੁੱਸੜਗੀ ਆਪਣੀ ਰਜਰਬੇਸ਼ਨ ਪੁੱਤਰਾ?" (ਛ) "ਓਏ ਬੀਰ! ਮੇਰੇ ਆਪਣੇ ਪੁੱਤਰ ਵੀ ਮੇਰੇ ਨਹੀਂ ਰਹੇ। ਪੈਸਾ ਖੋਟਾ ਆਪਣਾ ਬਾਣੀਏ ਨੂੰ ਕੀ ਦੋਸ਼?" (ਜ) "ਬਈ ਹੱਦ ਹੋ ਗੀ। ਸਾਰੀ ਮੁਲਾਜ਼ਮ ਜਮਾਤ ਦਾ ਹੀ ਦਿਵਾਲਾ ਨਿਕਲ ਗਿਆ?" (ਝ) "ਵੱਢਦੇ ਕਿਉਂ ਨਹੀਂ? ਰੱਜ ਪੁੱਜ ਕੇ ਨੰਗ-ਭੁੱਖ ਨਾਲ ਘੁਲਦੇ ਖ਼ਾਲੀ ਭੜੋਲਿਓ? ਕਦੇ ਪਿੰਡ ਆ ਕੇ ਪਿਓ ਦੀ ਸਾਰ ਵੀ ਲਈ ਐ? ਜਨਮ-ਜਨਮਾਂਤਰਾਂ ਦੇ ਭੁੱਖੜੋ!" (ਵ) "ਸੱਚਮੁੱਚ ਅਮੀਰ ਦੀ ਕੋਈ ਜਾਤ ਨ੍ਹੀਂ ਹੁੰਦੀ, ਜੈਬੇ ਯਾਰ। ਇਹ ਸਾਰੇ ਖੇਖਣ ਗ਼ਰੀਬ ਲੋਕ ਕਰਦੇ ਨੇ।"

ਉਪਰੋਕਤ ਵਰਣਿਤ ਰੁਲਦੇ ਦੀਆਂ ਫਰੌਟੀਆਂ ਯਾਨੀ ਰੁਲਦੇ ਦੀਆਂ ਵਾਰਤਾਲਾਪੀ ਗੱਲਾਂਬਾਤਾਂ ਨਾਵਲਕਾਰ ਦੀ ਸਮਾਜ-ਸ਼ਾਸਤਰੀ ਪਹੁੰਚ ਦੇ ਇਹਨਾਂ ਨੁਕਤਿਆਂ ਵੱਲ ਇਸ਼ਾਰਾ ਕਰਦੀਆਂ ਹਨ : (ੳ) ਪੰਜਾਬ ਦੇ ਕਿਸਾਨੀ ਸਮਾਜ ਅੰਦਰ ਸਾਂਝੀ-ਸੀਰੀ ਪ੍ਰਥਾ ਸਹਿਜੇ ਕੀਤੇ ਅਲੋਪ ਨਹੀਂ ਹੋ ਸਕਦੀ। (ਅ) ਛੋਟੀ ਕਿਸਾਨੀ ਸਿਰ ਸਰਕਾਰੀ ਤੇ ਗ਼ੈਰ-ਸਰਕਾਰੀ ਕਰਜ਼ਾ ਏਨਾ ਵਧ ਗਿਆ ਹੈ ਕਿ ਉਹ ਸਮਾਜਕ ਤੇ ਆਰਥਿਕ ਸੰਕਟਾਂ ਵਿਚ ਘਿਰੀ ਆਪਣੀ ਮੌਤੇ ਮਰ ਰਹੀ ਹੈ ਅਤੇ ਉਸਨੂੰ ਬਚਾਉਣ ਵਾਲਾ ਕੋਈ ਨਹੀਂ; ਨਾ ਪਰਿਵਾਰ, ਤੇ ਨਾ ਹੀ ਸਰਕਾਰ। (ੲ) ਛੋਟੇ ਕਿਸਾਨ ਸ਼ਹਿਰੀ ਦਿਹਾੜੀਦਾਰ ਬਣ ਰਹੇ ਹਨ। (ਸ) ਪੰਜਾਬ ਵਿਚ ਵਧ ਰਹੇ ਨਸ਼ਿਆਂ ਦਾ ਛੋਟੀ ਕਿਸਾਨੀ ਦੇ ਜੀਵਨ ਉੱਤੇ ਮਾਰੂ ਪ੍ਰਭਾਵ ਪਿਆ ਹੈ। (ਹ) ਪੰਜਾਬ ਦੇ ਮੁਲਾਜ਼ਮ ਵਰਗ ਦਾ ਦਿਵਾਲਾ ਨਿਕਲ ਚੁੱਕਾ ਹੈ। (ਕ) ਸਰਮਾਏਦਾਰੀ ਵਿੱਦਿਅਕ ਢਾਂਚੇ ਦਾ ਪ੍ਰਚਲਨ ਹੋ ਚੁੱਕਾ ਹੈ। (ਖ) ਜਾਤ ਆਧਾਰਤ ਸ਼ਹਿਰੀ ਦਲਿਤ ਮੱਧਵਰਗ ਨਿੱਘਰੀ ਸਮਾਜਕ ਤੇ ਆਰਥਿਕ ਸਥਿਤੀ ਹੰਢਾ ਰਿਹਾ ਹੈ।

ਉੱਪਰ ਵਰਣਨ ਕੀਤੇ ਨੁਕਤਿਆਂ ਦੀ ਗਲਪੀ ਪੁਸ਼ਟੀ ਰੁਲਦੇ ਅਤੇ ਜੈਬੇ ਦੇ ਜੀਵਨ-ਬਿਰਤਾਂਤ ਨੂੰ ਜਾਣ ਕੇ ਸਹਿਜੇ ਹੀ ਹੋ ਜਾਂਦੀ ਹੈ। ਦੋਵੇਂ ਇਕੋ ਪਿੰਡ, ਪਰ ਦੋ ਅਲੱਗ-ਅਲੱਗ ਸ਼੍ਰੇਣੀਆਂ ਵਿਚੋਂ ਹਨ। ਜੈਬਾ ਜੱਟ-ਸ਼੍ਰੇਣੀ ਨਾਲ, ਤੇ ਰੁਲਦਾ ਚਮਾਰ-ਸ਼੍ਰੇਣੀ ਨਾਲ ਸੰਬੰਧਤ ਪਾਤਰ ਹਨ। ਸਾਰਾ ਨਾਵਲ ਇਹਨਾਂ ਦੋਵਾਂ ਪਾਤਰਾਂ ਅਤੇ ਇਹਨਾਂ ਦੇ ਪੁੱਤਰਾਂ ਦੇ ਕਿਰਦਾਰ ਸਿਰਜਣ ਰਾਹੀਂ ਵਰਣਾਂ ਤੇ ਵਰਗਾਂ ਵਿਚ ਵੰਡੇ ਪਿਛਲੇ ਪੰਜਾਹ ਸਾਲ ਦੇ ਪੰਜਾਬ ਨੂੰ ਪਾਠਕਾਂ ਸਾਹਵੇਂ ਲਿਆ ਧਰਦਾ ਹੈ। ਸ਼ਾਇਦ ਏਸੇ ਲਈ ਨਾਵਲ ਵਿਚ ਹੋਰਨਾਂ ਜਾਤਾਂ ਦੇ ਪਾਤਰਾਂ (ਬ੍ਰਾਹਮਣ, ਸੁਨਿਆਰ, ਬਾਣੀਆਂ, ਤਰਖਾਣ, ਛੀਂਬੇ ਆਦਿ) ਨੂੰ ਲਿਆ ਗਿਆ ਹੈ। ਐਪਰ ਨਾਵਲ ਵਿਚ ਇਹਨਾਂ ਪਾਤਰਾਂ ਦੀ ਰਸਾਈ ਰੜਕਦੀ ਨਹੀਂ, ਸਗੋਂ ਨਾਵਲ ਨੂੰ ਰੌਚਕ ਤੇ ਸੁਹਜ ਭਰਪੂਰ ਬਣਾਉਂਦੀ ਹੋਈ ਯਥਾਰਥਕ ਤੌਰ ਉੱਤੇ ਵੱਧ ਸਮਝਣਯੋਗ ਤੇ ਮੰਨਣਯੋਗ ਬਣਾਉਂਦੀ ਹੈ। ਅਤੇ ਇਸ ਤੋਂ ਨਾਵਲਕਾਰ ਦੀ ਪੇਂਡੂ ਸਮਾਜਕ ਬਣਤਰ ਨੂੰ ਸਮਝਣ ਵਾਲੀ ਪਾਰਦਰਸ਼ੀ ਦ੍ਰਿਸ਼ਟੀ ਦੀ ਵੀ ਸੋਝੀ ਹੁੰਦੀ ਹੈ।

ਸਮੁੱਚੇ ਨਾਵਲ ਦੀ ਪੜ੍ਹਤ ਤੋਂ ਪਤਾ ਲਗਦਾ ਹੈ ਕਿ ਸੰਯੁਕਤ ਪਰਿਵਾਰ ਦੀ ਇਕਾਈ ਅਵਤਾਰ ਸਿੰਘ ਬਿਲਿੰਗ ਦੀ ਵਿਚਾਰਧਾਰਕ ਦ੍ਰਿਸ਼ਟੀ ਵਿਚ ਬੈਠੀ ਹੋਈ ਹੈ ਜਿਸਨੂੰ ਉਹ ਹਰ ਹੀਲੇ ਕਾਇਮ ਰੱਖਣਾ ਚਾਹੁੰਦਾ ਹੈ। ਪਰ ਸਮਾਜਕ, ਆਰਥਿਕ ਤੇ ਰਾਜਨੀਤਕ ਸਥਿਤੀਆਂ ਏਨੀਆਂ ਜ਼ੋਰਾਵਰ ਹਨ ਕਿ ਉਹ ਸੰਯੁਕਤ ਪਰਿਵਾਰ ਜਿਹੇ ਰੁੱਖ ਦੇ ਪੱਤੇ (ਵਿਅਕਤੀ) ਕੁਮਲਾ ਕੇ ਰੱਖ ਦਿੰਦੀਆਂ ਹਨ। ਇਸੇ ਲਈ ਇਹ ਨਾਵਲ ਰਿਸ਼ਤਿਆਂ ਦੇ ਨਿੱਘ ਦੀ ਅਣਹੋਂਦ ਵਾਲੇ ਕੁਮਲਾਏ ਪੱਤਾਂ (ਵਿਅਕਤੀਆਂ) ਦੀ ਦਾਸਤਾਨ ਬਣਨ ਦੇ ਨਾਲ ਨਾਲ ਪਰਿਵਾਰ, ਪਿੰਡ ਤੇ ਪ੍ਰਾਂਤ ਦੀਆਂ ਬਦਲਦੀਆਂ ਆਰਥਿਕ ਸਮੀਕਰਣਾਂ ਵਿਚੋਂ ਉਪਜੇ ਉਹਨਾਂ ਦੇ ਸਮਾਜਕ ਤੇ ਸਭਿਆਚਾਰਕ ਸੰਕਟਾਂ ਦੀ ਨਿਸ਼ਾਨਦੇਹੀ ਕਰਦਾ ਇਕ ਦਸਤਾਵੇਜ਼ ਵੀ ਬਣ ਜਾਂਦਾ ਹੈ। ਮਸਲਨ, "ਹਰੀਸ਼ ਚੰਦਰ ਦਾ ਟੱਬਰ" ਯਾਨੀ ਜੈਬੇ ਦਾ ਪਰਿਵਾਰ ਤਿਲ ਤਿਲ ਕਰਕੇ ਕਿਉਂ ਮਰਦਾ ਹੈ? ਬੁਢੇਪੇ ਵਿਚ "ਮੋਹ ਦੀ ਮੂਰਤ" ਰੁਲਦੇ ਦੀਆਂ ਅੱਖਾਂ ਨਮ ਕਿਉਂ ਰਹਿੰਦੀਆਂ ਹਨ? ਦੋਵਾਂ ਪ੍ਰਸ਼ਨਾਂ ਦਾ ਉੱਤਰ ਨਾਵਲ ਵਿਚ ਸਿਰਜੇ ਵਿਭਿੰਨ ਪਾਤਰਾਂ ਦੇ ਆਰਥਿਕ

ਜੀਵਨ ਵਿਚਲੀ ਸਾਂਝ ਤੇ ਵਿਰੋਧਤਾਈ ਨੂੰ ਸਮਝ ਕੇ ਹੀ ਲੱਭਿਆ ਜਾ ਸਕਦਾ ਹੈ। ਕਿਉਂਕਿ ਇਸ ਨਾਵਲ ਵਿਚ ਆਰਥਿਕ ਆਧਾਰ ਉੱਤੇ ਉਸਰੇ ਸਮਾਜਕ ਤੇ ਸਭਿਆਚਾਰਕ ਢਾਂਚੇ ਬਹੁਤ ਸਪਸ਼ਟ ਰੂਪ ਵਿਚ ਦਿਖਾਈ ਦਿੰਦੇ ਹਨ।

ਏਥੇ ਸਿਰਫ਼ ਇਸ਼ਾਰੇ ਮਾਤਰ ਇਹ ਗੱਲ ਕਹਿਣੀ ਬਣਦੀ ਹੈ ਕਿ ਰਾਜ, ਰਾਜਨੀਤੀ ਤੇ ਲੋਕਤੰਤਰ ਵਰਗੀਆਂ ਰਾਜਕੀ ਸੰਸਥਾਵਾਂ ਦੇ ਵਿਗਾੜ ਨੇ ਮਹਿੰਦਰ ਸਿਹੁੰ ਮੋਹਤਬਰ ਵਰਗੇ ਪਿਓ; ਜੈਬੇ ਦੇ ਸੋਹਣੇ; ਬਾਲੇ, ਮੇਹਰੂ ਅਤੇ ਰੁਲਦੇ ਦੇ ਰਾਮੇ, ਰਾਜੇ ਤੇ ਗੋਲੂ ਵਰਗੇ ਪੁੱਤ; ਬਖਤੌਰੇ ਤੇ ਮਾਧੋ ਵਰਗੇ ਭਰਾ; ਗ਼ੈਰ-ਕਾਨੂੰਨੀ ਢੰਗ ਨਾਲ ਪਰਵਾਸ ਧਾਰਨ ਕਰਨ ਵਾਲੇ ਅਮਰਜੀਤ ਵਰਗੇ ਜਵਾਈ ਅਤੇ ਮੇਲਾ ਸਿੰਘ ਵਰਗੇ ਸਰਪੰਚ ਪੈਦਾ ਕੀਤੇ ਹਨ। ਐਪਰ ਬਿਲਿੰਗ ਦੀ ਵਿਚਾਰਧਾਰਾ ਜੈਬੇ ਤੇ ਰੁਲਦੇ ਦੇ ਮਾਨਵਵਾਦੀ ਕਿਰਦਾਰ ਵਿਚ ਸਮਾਈ ਹੈ। ਇਹ ਵਿਚਾਰਧਾਰਾ ਵਿਅਕਤੀ ਨੂੰ ਉਲਝੇ ਸਮਾਜਕ ਤੇ ਆਰਥਿਕ ਪ੍ਰਬੰਧਾਂ ਨਾਲ ਨਿਪਟਣ ਦੀ ਪ੍ਰੇਰਨਾ ਦਿੰਦੀ ਹੈ। ਭਾਵੇਂ ਕਿ ਅਜਿਹੀ ਵਿਚਾਰਧਾਰਾ ਉੱਤੇ ਚੱਲਦਿਆਂ ਜੈਬੇ ਦਾ ਆਪਣੇ ਪੁੱਤ ਹੱਥੋਂ ਅਣਜਾਣੇ ਹੀ ਕਤਲ ਹੋ ਜਾਂਦਾ ਹੈ ਅਤੇ ਰੁਲਦੇ ਦਾ ਜਿਊਂਦੇ ਜੀਅ ਆਪਣੇ ਰੱਜੇ-ਪੁੱਜੇ ਪੁੱਤਾਂ ਨਾਲੋਂ ਤੋੜ-ਵਿਛੋੜਾ ਹੋ ਜਾਂਦਾ ਹੈ। ਬਿਲਿੰਗ ਨੇ ਦੋਵਾਂ ਪਾਤਰਾਂ ਦੀਆਂ ਜੀਵਨ-ਸਥਿਤੀਆਂ ਨੂੰ ਅੱਜੋਕੇ ਸਮੇਂ ਦੇ ਸੰਬਾਦ-ਛੇੜੂ ਜਾਤੀ ਤੇ ਜਮਾਤੀ ਮਸਲਿਆਂ ਨਾਲ ਜੋੜਦੇ ਹੋਏ ਰਾਜ, ਰਾਜਨੀਤੀ ਤੇ ਲੋਕਤੰਤਰ ਦੇ ਯਥਾਰਥਕ ਪੱਖਾਂ ਦੀ ਡੂੰਘੀ ਸਮਝ ਵਾਲੇ ਚੇਤਨਾਮਈ ਨਾਵਲ ਦੀ ਸਿਰਜਣਾ ਕੀਤੀ ਹੈ। ਪਾਤਰਾਂ ਦੀਆਂ ਸੋਚਾਂ ਨਾਲ ਛੇੜ-ਛਾੜ ਦੀ ਤਕਨੀਕੀ ਵਿਧੀ ਰਾਹੀਂ ਉਹਨਾਂ ਦੇ ਸਮਿਆਂ ਦੇ ਵਿਭਿੰਨ ਸੱਚ ਸਾਕਾਰ ਕੀਤੇ ਹਨ। ਜਿਹਨਾਂ ਵਿਚੋਂ ਪਹਿਲਾ ਸੱਚ ਤਾਂ ਇਹੋ ਹੈ ਕਿ ਪਦਾਰਥਵਾਦੀ ਯੁੱਗ ਵਿਚ ਮਾਨਵੀ ਰਿਸ਼ਤੇ ਪਦਾਰਥ ਨਾਲ ਤੋਲੇ ਜਾਂਦੇ ਹਨ। ਦੂਸਰਾ ਸੱਚ ਇਹ ਹੈ ਕਿ ਅਜਿਹੇ ਯੁੱਗ ਵਿਚ ਕਿਤੇ ਕਿਤੇ ਅਪਣੱਤ ਦੀ ਭਾਵਨਾ ਵੀ ਮੌਜੂਦ ਰਹਿੰਦੀ ਹੈ। ਦੋਵੇਂ ਤਰ੍ਹਾਂ ਦੇ ਸੱਚਾਂ ਦਾ ਘੋਲ-ਮਥੋਲਾ ਜਿੱਥੇ ਹੱਥਲੇ ਨਾਵਲ ਦੇ ਰੂਪਕ ਪੱਖ ਨੂੰ ਨਿਖਾਰਦਾ ਹੈ ਉੱਥੇ ਇਹ ਵਿਚਾਰ ਵੀ ਦ੍ਰਿੜਾਉਂਦਾ ਹੈ ਕਿ ਮਾਨਵੀ ਜੀਵਨ ਦੇ ਆਰਥਿਕ ਕਲਿਆਣ ਲਈ ਜੇ ਇਕ ਵਸਤੂ-ਸਥਿਤੀ ਕਾਰਗਰ ਨਾ ਰਹੇ ਤਾਂ ਉਸਦੇ ਬਦਲ ਵਜੋਂ ਦੂਸਰੀ ਵਸਤੂ-ਸਥਿਤੀ ਪੈਦਾ ਕੀਤੀ ਜਾ ਸਕਦੀ ਹੈ। ਇਸ ਵਿਚਾਰ ਦੀ ਗਲਪੀ ਪੁਸ਼ਟੀ ਲਈ ਨਾਵਲ ਦੇ ਅੰਤ ਵਿਚ ਮਰਨ ਕੰਢੇ ਪਏ ਕਾਮਰੇਡ ਪਰਮਾਤਮਾ ਸਰੂਪ ਦੇ ਇਹਨਾਂ ਬੋਲਾਂ ਨੂੰ ਵਿਚਾਰਿਆ ਜਾ ਸਕਦਾ ਹੈ: "ਇਹਨਾਂ ਰੰਗਾਂ ਦਾ ਕੋਈ ਇਤਬਾਰ ਨਹੀਂ ਮੱਲੋ। ਜ਼ਰੂਰ ਕੋਈ ਹੋਰ ਚਾਰਾ ਕਰਨਾ ਪਊ। ਤੁਸੀਂ ਭਲਾ ਆਪਣਾ ਮਿੱਲ ਕਿਉਂ ਨ੍ਹੀ ਲਾਉਂਦੇ ਯਾਰੋ?"

ਪੰਜਾਬ ਦੀ ਛੋਟੀ ਕਿਸਾਨੀ ਦੇ ਸਮਾਜਕ ਆਰਥਿਕ ਸੰਕਟਾਂ ਦਾ ਹੱਲ ਕੀ ਪੰਜਾਬ ਅੰਦਰ ਮਿੱਲਾਂ ਲਗਾ ਕੇ ਸੰਭਵ ਹੋ ਸਕਦਾ ਹੈ? ਕੀ ਕੁਮਲਾਏ ਪੱਤਾਂ ਵਿਚ ਜਾਨ ਪਾਉਣ ਦੇ ਸਿਰਜੇ ਅਜਿਹੇ ਕਲਾਤਮਕ ਵਸੀਲੇ ਇੱਕੀਵੀਂ ਸਦੀ ਦੇ ਪੰਜਾਬੀ ਨਾਵਲ ਦੀ ਕਲਾਤਮਕ ਲੋੜ ਤਾਂ ਨਹੀਂ ਬਣ ਗਏ? ਦੋਵਾਂ ਵਿਚਾਰਾਂ ਉੱਤੇ ਵਿਚਾਰ 'ਪੱਤ ਕੁਮਲਾ ਗਏ' ਨਾਵਲ ਨੂੰ ਪੜ੍ਹ ਕੇ ਤੇ ਵਿਚਾਰ ਕੇ ਹੋ ਸਕਦੀ ਹੈ।

-ਚੰਦਰ ਮੋਹਨ

ਤਮਾਸ਼ਾ [ਕੇ.ਐੱਲ.ਗਰਗ]

ਕੇ.ਐੱਲ.ਗਰਗ ਨੇ ਸਾਹਿਤ ਦੀ ਕਿਸੇ ਵੀ ਵਿਧਾ ਉੱਤੇ ਹੱਥ ਅਜ਼ਮਾਇਆ ਹੋਵੇ, ਵਿਅੰਗ ਉਸਦੀ ਰਚਨਾ ਦਾ ਹਮੇਸ਼ਾ ਉਭਰਵਾਂ ਨਕਸ਼ ਰਿਹਾ ਹੈ। ਪਿੱਛੇ ਜਿਹੇ ਪ੍ਰਕਾਸ਼ਤ ਹੋਏ ਉਸਦੇ ਨਵੇਂ ਨਾਵਲ 'ਤਮਾਸ਼ਾ'(ਪੰਨੇ 149, ਮੁੱਲ 125 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ) ਵਿਚੋਂ ਵੀ ਇਸ ਧਾਰਨਾ ਦੀ ਪੁਸ਼ਟੀ ਹੁੰਦੀ ਹੈ। ਆਪਣੇ ਨਾਮਕਰਨ ਤੋਂ ਹੀ ਸਪਸ਼ਟ ਇਹ ਨਾਵਲ ਅੰਧ ਵਿਸ਼ਵਾਸ, ਜਾਤਾਂ, ਗੋਤਾਂ, ਰੰਗਾਂ ਦੇ ਵਿਤਕਰੇ, ਸੁਆਰਥੀ ਰਾਜਨੀਤੀ ਅਤੇ ਭ੍ਰਸ਼ਟ ਵਿਵਸਥਾ ਉੱਤੇ ਤਿੱਖੇ ਵਿਅੰਗ

ਬਾਣ ਚਲਾਉਂਦਾ ਹੋਇਆ ਗਲਪੀ ਰਚਨਾ ਦੇ ਰੂਪ ਵਿਚ ਇਕ ਸਾਰਥਕ ਸੰਦੇਸ਼ ਦਿੰਦਾ ਹੈ।

ਨਾਵਲ ਦਾ ਵਿਸ਼ਾ-ਵਸਤ ਅਤੇ ਕਥਾਨਕ ਇਕ ਗਾਂ ਦੀ ਮੌਤ ਦੁਆਲੇ ਘੁੰਮਦਾ ਹੈ। ਨਾਵਲ ਦੀ ਕਥਾ ਗਾਂ ਦੀ ਮੌਤ ਦੀ ਸੂਚਨਾ ਤੋਂ ਹੀ ਸ਼ੁਰੂ ਹੁੰਦੀ ਹੈ ਜਦੋਂ ਸ਼ਾਮੂ ਕਮਲਾ ਸਵੇਰੇ ਸਵੇਰੇ 'ਗਊ ਮਾਤਾ ਮਾਲਤੀ' 'ਗਊ ਮਾਤਾ ਮਾਲਤੀ' ਦਾ ਰੌਲਾ ਪਾਉਂਦਾ ਨਜ਼ਰ ਆਉਂਦਾ ਹੈ। ਸ਼ਹਿਰ ਦੇ ਚੌਂਕ ਚੁਰਾਹੇ ਵਿਚ ਸ਼ਾਮੂ ਕਮਲੇ ਦੇ ਪਾਏ ਰੌਲੇ ਨੂੰ ਲੀਡਰੀ ਚਮਕਾਉਣ ਦਾ ਮੌਕਾ ਉਡੀਕਦੇ ਲੋਕ ਇਕ ਰੱਬੀ ਦਾਤ ਵਜੋਂ ਲੈਂਦੇ ਹਨ। ਜਿਸ ਨਿਆਸਾਰਾ ਗਊ ਦੀ ਹੁਣ ਤਕ ਕੋਈ ਸਾਰ ਨਹੀਂ ਸੀ ਲੈ ਰਿਹਾ,ਹੁਣ ਭੁੱਖ ਦੁੱਖ ਨਾਲ ਹੋਈ ਉਸਦੀ ਮੌਤ ਨੂੰ ਧਾਰਮਿਕ ਭਾਵਨਾਵਾਂ ਭੜਕਾਉਣ ਅਤੇ ਰਾਜਨੀਤੀ ਕਰਨ ਦੇ ਮਾਧਿਅਮ ਵਜੋਂ ਵਰਤਿਆ ਜਾਂਦਾ ਹੈ। ਇਹ ਨਾਵਲਕਾਰ ਦੀ ਕਲਾਤਮਕ ਖੂਬੀ ਦਾ ਹੀ ਪਰਿਣਾਮ ਹੈ ਕਿ ਉਸਨੇ ਸੁਆਰਥੀ ਹਿਤਾਂ ਦੀਆਂ ਚਾਲਾਂ ਦੇ ਪ੍ਰਸੰਗ ਵਿਚ ਸਮਾਜਕ ਧਾਰਮਿਕ ਵਿਸੰਗਤੀਆਂ ਨੂੰ ਚੰਗੀ ਤਰ੍ਹਾਂ ਉਘਾੜਿਆ ਹੈ।

ਕਥਿਤ ਗਊ ਹੱਤਿਆ ਨੂੰ ਕਿਸੇ ਦੇ ਨਾਂ ਨਾਲ ਜੋੜਨ ਲਈ ਸ਼ਾਮੂ ਕਮਲੇ ਦੀ ਆਖੀ ਗੱਲ ਨੂੰ ਸੱਚ ਮੰਨਣਾ ਕਿ ਮੁਸਲਮਾਨ ਭਾਈਚਾਰੇ ਨਾਲ ਸੰਬੰਧਤ ਨੂਰੇ ਅਤੇ ਖੇਰੂ ਨੇ ਗਊ ਦੇ ਸੋਟੀਆਂ ਮਾਰੀਆਂ ਸਨ,ਜਿੱਥੇ ਇਕ ਪਾਸੇ ਫਿਰਕੂਵਾਦ ਨੂੰ ਉਭਾਰਦਾ ਹੈ ਉਥੇ ਹੜਤਾਲ,ਅੱਗਜ਼ਨੀ ਤੇ ਲੁੱਟਮਾਰ ਰਾਹੀਂ ਮਿਹਨਤਕਸ਼ ਲੋਕਾਂ ਦੇ ਨਿੱਕੇ ਮੋਟੇ ਕਾਰੋਬਾਰਾਂ ਦੇ ਤਬਾਹ ਹੋਣ,ਉਹਨਾਂ ਦੇ ਘਰੋਂ ਬੇਘਰ ਹੋਣ ਤੇ ਉਜੜਨ ਦਾ ਕਾਰਨ ਵੀ ਬਣਦਾ ਹੈ। 'ਗਊ ਹੱਤਿਆ' ਦੇ ਰੋਸ ਵਜੋਂ ਬਾਜ਼ਾਰ ਬੰਦ ਕਰਾਉਣ ਅਤੇ ਸਭ ਕੰਮਕਾਰ ਠੱਪ ਕਰਾਉਣ ਦਾ ਹਥਿਆਰ ਗ਼ਰੀਬ ਕੰਮੀਆਂ ਉੱਤੇ ਕੁਝ ਜ਼ਿਆਦਾ ਤੇਜ਼ ਧਾਰ ਨਾਲ ਮਾਰ ਕਰਦਾ ਹੈ। ਲੇਖਕ ਨੇ ਇਸ ਸਭ ਕੁਝ ਨੂੰ ਇਕ ਤਮਾਸ਼ਾ ਗਰਦਾਨਿਆ ਹੈ ਜਿਸ ਤਮਾਸ਼ੇ ਵਿਚ ਨੁਕਸਾਨ ਆਮ ਲੋਕਾਂ ਦਾ ਹੁੰਦਾ ਹੈ।

ਮਖੌਲੀਆ,ਮਖੌਲਣ ਅਤੇ ਲਿਖਿਆਰ ਦੇ ਪਾਤਰਾਂ ਰਾਹੀਂ ਬਹੁਤ ਖੂਬਸੂਰਤੀ ਨਾਲ ਛੋਹੀ ਗਈ ਕਥਾ ਅੱਗੇ ਤੁਰਦੀ ਹੈ ਤਾਂ ਆਪੋ ਆਪਣੇ ਹਿਤਾਂ ਨਾਲ ਬੱਝੇ ਗਊ ਮਾਤਾ ਦੇ ਭਾਂਤ ਸੁਭਾਂਤੇ ਭਗਤ ਮੰਚ ਉੱਤੇ ਪ੍ਰਵੇਸ਼ ਕਰਨ ਲਗਦੇ ਹਨ। ਗਾਂ ਦੇ ਮਰਨ ਦੇ ਕਾਰਨਾਂ ਨੂੰ ਜਾਨਣ ਵਿਚ ਕਿਸੇ ਦੀ ਦਿਲਚਸਪੀ ਨਹੀਂ, ਲੇਕਿਨ ਮੰਗਲ ਸ਼ਾਸਤਰੀ, ਮੱਖਣ, ਪ੍ਰੇਮ,ਅਖਲਾਨੰਦ,ਦੇਵਕੀਨੰਦ,ਪ੍ਰੋਹਤ ਵਰਗੇ ਵਿਅਕਤੀ ਆਪਣੇ ਦਿਮਾਗ਼ ਨਾਲ ਗਊ ਹੱਤਿਆ ਦੀ ਕਹਾਣੀ ਘੜਕੇ ਲੋਕਾਂ ਨੂੰ ਭੜਕਾਉਂਦੇ ਹਨ। ਇਹਨਾਂ ਵਾਂਗ ਹੀ ਗੁਲਾਬਾ ਕੰਜਰ ਤੇ ਉਸਦੇ ਸਾਥੀ ਪੱਟੂ ਚੱਟੂ ਆਦਿ ਖੂਬ ਲੁੱਟ ਮਚਾਉਂਦੇ ਹਨ। ਰਾਮਦੇਵ ਐੱਮ.ਐੱਲ.ਏ. ਨੇ ਭੀੜ ਦਾ ਮੋਹਰੀ ਬਣਕੇ ਬਲਦੀ ਉੱਤੇ ਤੇਲ ਪਾਇਆ ਅਤੇ ਮਾਮਲੇ ਨੂੰ ਚੰਗੀ ਤਰ੍ਹਾਂ ਭਖਾਕੇ ਰਾਜਨੀਤਕ ਰੰਗਣ ਦਿੱਤੀ ਹੈ। ਪੁਲਸ ਨੇ ਵੀ ਸ਼ਹਿਰ ਵਿਚ ਸ਼ਾਂਤੀ ਬਣਾਈ ਰੱਖਣ ਦੇ ਆਪਣੇ ਕਰਤੱਵ ਦੇ ਉਲਟ ਸਗੋਂ ਸ਼ਰੀਫ ਆਦਮੀਆਂ ਦੇ ਵਿਰੁੱਧ ਪਰਚੇ ਕੱਟਕੇ ਉਹਨਾਂ ਨੂੰ ਅੰਦਰ ਕੀਤਾ ਹੈ। ਸਿੱਟੇ ਵਜੋਂ ਐੱਮ. ਐੱਲ. ਏ. ਦੇ ਫਰਜ਼ੰਦ ਅਤੇ ਸ਼ਾਸਤਰੀ ਹੋਰਾਂ ਦੇ ਕਾਕਿਆਂ ਵਿਵੇਕ,ਹਰਸ਼ ਆਦਿ ਵੱਲੋਂ ਭਵਿੱਖ ਵਿਚ ਅਜਿਹੇ ਹੋਰ ਕਾਰਨਾਮੇ ਕਰਨ ਲਈ ਭੀੜ ਇਕੱਠੀ ਕਰਨ ਤੇ ਉਸਦੀ ਵਾਗਡੋਰ ਸੰਭਾਲਣ ਦਾ ਸੰਕੇਤ ਮਿਲਦਾ ਹੈ।

ਸਮੁੱਚੇ ਨਾਵਲ ਦੀ ਇਕ ਪ੍ਰਕਾਰ ਦੀ ਭੂਮਿਕਾ ਵਜੋਂ ਲਿਖਿਆ ਗਿਆ ਨਾਵਲ ਦਾ ਪਹਿਲਾ ਕਾਂਡ 'ਪਰਦਾ ਜੋ ਉਠ ਗਿਆ ਤੋ' ਜਿੱਥੇ ਜਨ-ਜੀਵਨ ਵਿਚੋਂ ਅਲੋਪ ਹੁੰਦੇ ਜਾ ਰਹੇ ਹਾਸਿਆਂ ਦੀ ਗੰਭੀਰ ਦਾਸਤਾਂ ਬਿਆਨ ਕਰਦਾ ਹੈ ਉਥੇ ਇਹ ਪਰਦੇ ਦੇ ਪਿੱਛੇ ਹੁੰਦੇ ਨਿੱਤ ਦੇ ਕਾਰ-ਵਿਹਾਰ ਦੀ ਲੁਕਵੀਂ ਅਸਲੀਅਤ ਨੂੰ ਵੀ ਬੇਪਰਦ ਕਰਦਾ ਹੈ। ਨਾਵਲ ਦਾ ਆਖਰੀ ਕਾਂਡ 'ਹੋਤਾ ਹੈ ਸ਼ੱਬੋਰੋਜ਼ ਤਮਾਸ਼ਾ' ਸਮਕਾਲ ਵਿਚ ਵਾਪਰਦੇ ਤਮਾਸ਼ਿਆਂ ਦੀ ਇਕ ਕੜੀ ਦੇ ਬਿਰਤਾਂਤ ਦਾ ਸਹੀ ਸਮਾਪਨ ਹੈ ਜੋ ਤਿੰਨ ਪਾਤਰਾਂ ਮਖੌਲੀਆ,ਮਖੌਲਣ ਤੇ ਲਿਖਿਆਰ ਨਾਲ ਸ਼ੁਰੂ ਹੋਇਆ ਸੀ। ਇਹਨਾਂ ਦੀ ਵਾਰਤਾਲਾਪ ਰਾਹੀਂ ਇਹ ਕਾਂਡ ਖਤਮ ਨਹੀਂ ਹੁੰਦਾ ਸਗੋਂ ਜਗਿਆਸੂ ਦੇ ਇਹਨਾਂ ਬੋਲਾਂ ਦੁਆਰਾ

ਭਵਿੱਖ ਬਾਰੇ ਚੌਕਸੀ ਪ੍ਰਦਾਨ ਕਰਦਾ ਹੈ: "ਇਹੋ ਜਹੇ ਤਮਾਸ਼ੇ ਤਾਂ ਹੁਣ ਇਸ ਮੁਲਕ ਵਿਚ ਹਰ ਰੋਜ਼ ਈ ਹੋਇਆ ਕਰਨਗੇ। ਹਰ ਰੋਜ਼ ਈ। ਕਦੀ ਚੀਨ ਦੇ ਨਾਂ 'ਤੇ, ਕਦੇ ਬੀਨ ਦੇ ਨਾਂ 'ਤੇ,ਕਦੇ ਰਾਜਨੀਤੀ ਦੇ ਨਾਂ 'ਤੇ, ਕਦੇ ਬਦਨੀਤੀ ਦੇ ਨਾਂ 'ਤੇ। ਸਾਡੇ ਲੋਕਾਂ ਨੂੰ ਹੁਣ ਥਹੁ ਜਿਹਾ ਆ ਗਿਆ ਖੇਲੇ ਕਰਨ ਦਾ"।

ਨਾਵਲ ਦੇ ਪਹਿਲੇ ਕਾਂਡ ਤੋਂ ਆਖਰੀ ਕਾਂਡ ਤਕ ਗਿਰਗਿਟ ਵਾਂਗ ਰੰਗ ਬਦਲਦੇ ਲੋਕਾਂ ਦੇ ਵਿਹਾਰ ਉੱਤੇ ਕੀਤਾ ਤਿੱਖਾ ਕਟਾਖਸ਼ ਪਾਠਕ ਨੂੰ ਸੋਚਣ ਲਈ ਮਜਬੂਰ ਕਰਦਾ ਹੈ। ਹਾਸ ਵਿਅੰਗ ਤੇ ਕਟਾਖ ਨਾਲ ਵਰੋਸਾਈ ਗਰਗ ਦੀ ਗਲਪ ਵਾਸਤਵ ਵਿਚ ਸਮਕਾਲੀ ਸਮਾਜਕ ਤੇ ਰਾਜਨੀਤਕ ਹਾਲਤਾਂ ਦੀ ਗੰਭੀਰ ਤੇ ਤਿੱਖੀ ਆਲੋਚਨਾ ਦਾ ਪੈਂਤੜਾ ਮੱਲਦੀ ਹੈ। ਇਸ ਤਰ੍ਹਾਂ ਪਤਾ ਚਲਦਾ ਹੈ ਕਿ ਅਸੀਂ ਮਖੌਟੇਧਾਰੀਆਂ ਦੇ ਦੇਸ਼ ਦੇ ਵਸਨੀਕ ਹਾਂ ਅਤੇ ਅਸੀਂ ਆਪਣੇ ਵਰਤੋਂ- ਵਿਹਾਰ ਵਿਚ ਆਪਣਿਆਂ ਨਾਲ ਹੀ ਲੁਕਵੀਆਂ ਖੇਡਾਂ ਖੇਡਦੇ ਹਾਂ। ਧਰਮ ਦੇ ਨਾਂ 'ਤੇ ਰੋਟੀਆਂ ਸੇਕਣ ਅਤੇ ਵੋਟਾਂ ਪੱਕੀਆਂ ਕਰਨ ਵਾਲੇ ਭ੍ਰਿਸ਼ਟ ਸਿਆਸਤਦਾਨਾਂ ਨੂੰ ਇਸ ਨਾਵਲ ਰਾਹੀਂ ਗਰਗ ਨੇ ਆੜੇ ਹੱਥੀਂ ਲੈਂਦਿਆਂ ਹੋਇਆਂ ਉਹਨਾਂ ਨੂੰ ਵੰਗਾਰਿਆ ਹੈ। ਨਾਵਲ ਵਿਚ ਇਹ ਭਲੀ ਭਾਂਤ ਉਭਾਰਿਆ ਗਿਆ ਹੈ ਕਿ ਗਊ ਮਾਤਾ ਦੀ ਪੂਜਾ ਕਰਨ ਵਾਲਿਆਂ ਦੇ ਦੇਸ਼ ਵਿਚ ਗਾਵਾਂ ਦੇ ਵੱਗਾਂ ਦੇ ਵੱਗ ਸ਼ਹਿਰਾਂ ਥਾਵਾਂ 'ਤੇ ਅਵਾਰਾ ਫਿਰਦੇ ਹਨ ਅਤੇ ਅਵਾਰਾ ਪਸ਼ੂਆਂ ਵਜੋਂ ਅਨੇਕਾਂ ਹਾਦਸਿਆਂ ਦਾ ਕਾਰਨ ਬਣਦੇ ਹਨ। ਐਪਰ ਪਾਖੰਡੀ ਲੋਕ ਸਮੇਂ ਸਮੇਂ ਆਮ ਲੋਕਾਂ ਨੂੰ ਗੁਮਰਾਹ ਕਰਨ ਵਿਚ ਸਫਲ ਰਹਿੰਦੇ ਹਨ। ਪਾਖੰਡੀ ਲੋਕ ਆਪਣੇ ਸਕਿਆਂ ਤੇ ਵਡੇਰਿਆਂ ਨੂੰ ਤਾਂ ਕੋਈ ਮਾਣ ਸਤਿਕਾਰ ਨਹੀਂ ਦਿੰਦੇ ਜਦਕਿ ਅਖੌਤੀ ਸਮਾਜ ਸੇਵਕਾਂ ਵਜੋਂ ਭਾਈਚਾਰੇ ਵਿਚ ਆਪਣੀ ਪੈਂਠ ਬਣਾਉਣ ਦਾ ਪੂਰਾ ਯਤਨ ਕਰਦੇ ਹਨ। ਮੰਗਲ ਸ਼ਾਸਤਰੀ ਇਸੇ ਵੰਨਗੀ ਦਾ ਜੀਵ ਹੈ ਜਿਸਨੇ ਆਪਣੀ ਮਾਂ ਦਮਯੰਤੀ ਨੂੰ ਘਰੋਂ ਧੱਕਾ ਦੇਕੇ ਹਰਿਦੁਆਰ ਛੱਡਿਆ ਹੋਇਆ ਹੈ। ਆਪਣੀ ਮਾਂ ਨੂੰ ਘਰੋਂ ਕੱਢਣ ਵਾਲਾ ਇਹ ਵਿਅਕਤੀ ਹੁਣ ਗਊ ਮਾਤਾ ਦਾ ਰੱਖਿਅਕ ਬਣਕੇ ਸਾਰੇ ਸ਼ਹਿਰ ਨੂੰ ਭੜਕਾਉਣ ਵਿਚ ਰੁੱਝਿਆ ਹੋਇਆ ਹੈ। ਮੰਗਲ ਸ਼ਾਸਤਰੀ ਵਾਂਗ ਹੀ ਅਖਲਾਨੰਦ,ਮੱਖਣ,ਪ੍ਰੇਮ,ਮੋਹਨ,ਧਰਮ,ਰਾਮਦੇਵ ਵਰਗੇ ਪਾਤਰਾਂ ਦਾ ਜੀਵਨ- ਵਿਹਾਰ ਉਹਨਾਂ ਦੇ ਨਾਵਾਂ ਦੇ ਬਿਲਕੁਲ ਉਲਟ ਹੈ। ਅਜਿਹੇ ਲੋਕਾਂ ਦੁਆਰਾ ਹੀ ਸਮਾਜ ਵਿਚ ਧਰਮਾਂ,ਜਾਤਾਂ,ਰੰਗਾਂ, ਨਸਲਾਂ ਦੀਆਂ ਵੰਡੀਆਂ ਪਾਈਆਂ ਜਾਂਦੀਆਂ ਹਨ ਅਤੇ ਇਹਨਾਂ ਦੀ ਕੀਤੀ ਰਾਜਨੀਤੀ ਕਾਰਨ ਨੂਰਾ,ਖੇਰਾ,ਅਤਰ ਸਿੰਘ ਤੇ ਚਤਰ ਸਿੰਘ ਵਰਗੇ ਆਮ ਲੋਕ ਵਾਰ ਵਾਰ ਉਜੜਦੇ ਹਨ।

ਕਥਾ-ਵਸਤੂ ਨੂੰ ਗੁੰਦਣ ਅਤੇ ਪਾਤਰ ਚਿਤਰਨ ਵਿਚ ਕਲਾਤਮਕ ਤੇ ਯਥਾਰਥਕ ਸੋਝੀ ਦਾ ਗਰਗ ਨੇ ਇਸ ਨਾਵਲ ਵਿਚ ਚੋਖਾ ਪ੍ਰਮਾਣ ਦਿੱਤਾ ਹੈ। ਸਮੁੱਚੀ ਕਥਾ ਨੂੰ ਬਹੁਤ ਸੰਜਮ ਨਾਲ ਸਮੇਟਦਿਆਂ ਹੋਇਆਂ ਉਹ ਨਾਵਲ ਵਿਚ ਰੌਚਿਕਤਾ ਬਣਾਈ ਰੱਖਣ ਵਿਚ ਪੂਰੀ ਤਰ੍ਹਾਂ ਸਫਲ ਹੋਇਆ ਹੈ। ਹਰ ਪਾਤਰ ਦੀ ਨਿਵੇਕਲੀ ਨੁਹਾਰ ਉਸਦੀ ਯਥਾਰਥਕਤਾ ਉੱਤੇ ਕੋਈ ਆਂਚ ਨਹੀਂ ਆਉਣ ਦਿੰਦੀ। ਮੁਹਾਵਰੇਦਾਰ ਚੁਸਤ ਫੁਰਤ ਭਾਸ਼ਾ ਦੀ ਵਰਤੋਂ ਤਾਂ ਗਰਗ ਦੀ ਲਿਖਤ ਦਾ ਪਛਾਣ-ਚਿੰਨ੍ਹ ਹੈ ਜੋ ਇਸ ਨਾਵਲ ਵਿਚ ਵੀ ਹਾਜ਼ਰ ਨਾਜ਼ਰ ਹੈ। ਵੱਖ ਵੱਖ ਕਾਂਡਾਂ ਨੂੰ ਦਿੱਤੇ ਗਏ ਸਿਰਲੇਖ ਆਪਣੇ ਆਪ ਵਿਚ ਬਹੁਤ ਅਰਥ ਭਰਪੂਰ ਹਨ। ਜੇ ਕੋਈ ਨੁਕਸ ਹੈ ਤਾਂ ਇਹ ਕਿ ਕਿਤੇ ਕਿਤੇ ਹਾਸਾ ਠੱਠਾ ਪੈਦਾ ਕਰਨ ਦੀ ਇੱਛਾ ਕਾਰਨ ਬਿਰਤਾਂਤ ਸਤਈ ਪੱਧਰ ਉੱਤੇ ਰਹਿੰਦਾ ਜਾਪਣ ਲਗਦਾ ਹੈ।

ਇਕ ਰੌਚਕ ਪੜ੍ਹਨਯੋਗ ਲਿਖਤ ਵਜੋਂ ਤਾਂ ਨਾਵਲ 'ਤਮਾਸ਼ਾ' ਗੌਲਣਯੋਗ ਹੈ ਹੀ,ਪਰ ਇਸ ਵਿਚ ਗਊ ਦੀ ਰੱਖਿਆ ਦੇ ਨਾਂ 'ਤੇ ਰੋਟੀਆਂ ਸੇਕਣ ਵਾਲਿਆਂ ਵਿਰੁੱਧ ਜੋ ਸੰਦੇਸ਼ ਸਿਰਜਿਆ ਗਿਆ ਹੈ,ਉਹ ਵੀ ਘੱਟ ਸਲਾਹੁਣਯੋਗ ਨਹੀਂ। ਵਿਅੰਗ ਦੀ ਚਾਸਣੀ ਵਾਲੀ ਆਪਣੀ ਇਸ ਨਾਵਲੀ ਲਿਖਤ ਦੀ ਕਲਾਤਮਕਤਾ ਲਈ ਵੀ ਅਤੇ ਇਸ ਵਿਚਲੇ ਸੰਦੇਸ਼ ਲਈ ਵੀ ਕੇ.ਐੱਲ.ਗਰਗ ਸ਼ਾਬਾਸ਼ੇ ਦਾ ਹੱਕਦਾਰ ਹੈ। ❑❑

-ਦਵਿੰਦਰ ਸਿੰਘ ਬੋਹਾ

ਗੁਆਚਿਆ ਮੁੰਡਾ [ਜਗਦੀਸ਼ ਕੌਸ਼ਲ]

ਜੇ ਸਾਹਿਤ ਸਿਰਜਣਾ ਜ਼ਿੰਮੇਵਾਰੀ ਵਾਲਾ ਕੰਮ ਹੈ ਤਾਂ ਬਾਲ ਸਾਹਿਤ ਜਾਂ ਕਿਸ਼ੋਰ ਸਾਹਿਤ ਸਿਰਜਣਾ ਹੋਰ ਵੀ ਜ਼ਿੰਮੇਵਾਰੀ ਵਾਲਾ ਕੰਮ ਹੈ। ਸਹੀ ਭਾਸ਼ਾ, ਸਹੀ ਭਾਵ, ਸਹੀ ਚਿੰਤਨ, ਸਹੀ ਦਿਸ਼ਾ ਦਾ ਤਵਾਜ਼ਨ ਕੀਤੇ ਬਿਨਾਂ ਇਸ ਕੰਮ ਨੂੰ ਹੱਥ ਨਹੀਂ ਪਾਇਆ ਜਾ ਸਕਦਾ। ਇਹ ਕਰਦਿਆਂ ਅਸੀਂ ਆਪਣੇ ਛੋਟੇ ਪਾਠਕਾਂ ਨੂੰ ਪੰਜਾਬੀ ਭਾਸ਼ਾ,ਸਭਿਆਚਾਰ,ਸਮਾਜਕ ਕੀਮਤਾਂ,ਇਤਿਹਾਸ ਮਿਥਿਹਾਸ ਨਾਲ ਵੀ ਜੋੜ ਰਹੇ ਹੁੰਦੇ ਹਾਂ। ਇਹ ਗਿਆਨ ਸਿਰਜਣ ਤੇ ਸੰਚਾਰਨ ਦਾ ਕੋਮਲ ਰਾਹ ਹੈ। ਬਾਲ ਸਾਹਿਤ ਰਚਣਾ ਸੌਖ ਵੱਲ ਰੁਚਿਤ ਹੋਣਾ ਨਹੀਂ ਸਗੋਂ ਇਕ ਚੈਲਿੰਜ ਸਵੀਕਾਰ ਕਰਨ ਵਾਂਗ ਹੈ।

ਜਗਦੀਸ਼ ਕੌਸ਼ਲ ਦਾ ਨਾਵਲ 'ਗੁਆਚਿਆ ਮੁੰਡਾ' ਬਾਲ ਜਾਂ ਕਿਸ਼ੋਰ ਸਾਹਿਤ ਵਿਚ ਅਤਿ ਲੋੜੀਂਦੇ ਕਦਮ ਵਾਂਗ ਪਛਾਣਿਆ ਜਾ ਸਕਦਾ ਹੈ। ਪੇਸ਼ੇ ਤੋਂ ਅਧਿਆਪਕ ਰਹੇ ਕੌਸ਼ਲ ਨੂੰ ਪਤਾ ਹੈ ਕਿ ਪੇਂਡੂ ਵਾਤਾਵਰਣ ਦੇ ਸਕੂਲੀ ਮੁੰਡੇ ਦੀ ਭਟਕਣ ਦੀ ਦਿਸ਼ਾ ਕੀ ਹੁੰਦੀ ਹੈ। ਘਰ ਵਿਚ ਉਸਦੀ ਸਥਿਤੀ ਜਾਂ ਸਾਥੀ ਮੁੰਡਿਆਂ ਵਿਚ ਉਸਦੀ ਸੋਚ ਕਿਸ ਦਿਸ਼ਾ ਵੱਲ ਨੂੰ ਤੁਰਦੀ ਹੈ। ਉਹ ਇਕੱਲਾ ਹੁੰਦਾ ਹੈ ਤਾਂ ਕਿਵੇਂ ਸੋਚਦਾ ਹੈ। ਉਹ ਹਿੰਮਤ ਹਾਰਦਾ ਹੈ ਤਾਂ ਕਿਹੋ ਜਿਹਾ ਪ੍ਰਤੀਕਰਮ ਕਰਦਾ ਹੈ ਅਤੇ ਜੇ ਹਿੰਮਤ ਕਰਦਾ ਹੈ ਤਾਂ ਕੀ ਹਾਵ ਭਾਵ ਦਿਖਾਉਂਦਾ ਹੈ।

ਇਹ ਇਕ ਕਿਸ਼ੋਰ ਮੁੰਡੇ ਘੋਗੇ ਦੀ ਕਹਾਣੀ ਹੈ। ਇਹ ਪਿੰਡ ਦਾ ਮੁੰਡਾ ਹੈ ਅਤੇ ਪਿੰਡ ਦੇ ਸਕੂਲ ਵਿਚ ਪੜ੍ਹਦਾ ਹੈ। ਇਕ ਬਾਗ ਵਿਚ ਇਸਦਾ ਸਕੂਲ ਹੈ। ਪੜ੍ਹਾਈ ਉਸਨੂੰ ਔਖੀ ਲਗਦੀ ਹੈ ਅਤੇ ਉਹ ਸੌਖ ਦਾ ਰਾਹ ਲੱਭਣ ਦੇ ਯਤਨ ਵਿਚ ਹੈ। ਉਹ ਕਦੇ ਕਾਲਪਨਿਕ ਸੋਨ ਕਾਟੋ ਨੂੰ ਲੱਭਣ ਤੇ ਉਸ ਪਾਸੋਂ ਗ਼ੈਬੀ ਤਾਕਤ ਹਾਸਲ ਕਰਨ ਦੀ ਕੋਸ਼ਿਸ਼ ਕਰਦਾ ਹੈ,ਕਦੇ ਪਾਖੰਡੀ ਸਾਧੂ ਕੋਲੋਂ ਤੇ ਕਦੇ ਹੋਰ ਜਾਦੂਈ ਵਿਧੀਆਂ ਕੋਲੋਂ। ਸ਼ਕਤੀ ਉਸਦੇ ਆਪਣੇ ਪਾਸ ਹੀ ਹੈ ਤੇ ਉਹ ਉਸਨੂੰ ਪਛਾਣਦਾ ਨਹੀਂ। ਉਹੰ ਗੁਆਚਿਆ ਹੋਇਆ ਹੈ। ਹਰ ਵਾਰ ਜਦੋਂ ਉਹ ਕਾਮਯਾਬ ਹੁੰਦਾ ਹੈ ਤਾਂ ਆਪਣੀ ਮਿਹਨਤ ਤੇ ਲਗਨ ਨਾਲ ਹੁੰਦਾ ਹੈ ਪਰ ਉਹ ਇਹ ਮੰਨਦਾ ਨਹੀਂ। ਉਹ ਮੰਨਦਾ ਹੈ ਕਿ ਕਾਮਯਾਬੀ ਬਾਹਰਲੀ ਸ਼ਕਤੀ ਦਾ ਕਮਾਲ ਹੈ; ਗੁਆਚਿਆ ਜੁ ਹੋਇਆ। ਉਹ ਤੱਤ ਵੀ ਮੌਜੂਦ ਹਨ ਜਿਹੜੇ ਉਸਨੂੰ ਤਾਰਕਿਕ ਤਰੀਕੇ ਨਾਲ ਸਮਝਾਉਣ ਤੇ ਵਹਿਮ 'ਚੋਂ ਨਿਕਲਣ ਲਈ ਪ੍ਰੇਰਦੇ ਹਨ ਪਰ ਉਹ ਇਸ ਰਾਹੇ ਨਹੀਂ ਪੈਂਦਾ ਗੁਆਚਿਆ ਮੁੰਡਾ। ਉਹ ਇਕ ਲੰਮੀ ਪ੍ਰਕਿਰਿਆ ਵਿਚੋਂ ਲੰਘਦਾ ਹੈ ਤੇ ਜਦੋਂ ਉਸਦੇ ਸਾਰੇ ਆਸਰੇ ਟੁੱਟ ਜਾਂਦੇ ਹਨ ਤੇ ਹਕੀਕਤ ਉਸਦੇ ਸਾਹਮਣੇ ਆ ਖੜ੍ਹਦੀ ਹੈ ਤਾਂ ਉਹ ਸਵੈ ਨੂੰ ਪਛਾਣਦਾ ਹੈ। ਉਹ ਖੁਦ ਨੂੰ ਲੱਭ ਲੈਂਦਾ ਹੈ। ਗੁਆਚ ਜਾਣ,ਭਟਕ ਜਾਣ ਤੋਂ ਲੱਭ ਜਾਣ,ਪਛਾਣੇ ਜਾਣ ਤਕ ਦੀ ਯਾਤਰਾ ਹੈ ਇਹ ਨਾਵਲ। ਕਦਮ ਕਦਮ,ਘਟਨਾ-ਦਰ-ਘਟਨਾ ਯਾਤਰਾ ਕਰਦਾ ਉਹ ਸਵੈ ਗਿਆਨ ਤਕ ਅੱਪੜਦਾ ਹੈ।

ਇਸ ਕਥਾ ਨੇ ਇਕ ਪੂਰਾ ਸੰਸਾਰ ਸਿਰਜਿਆ ਹੈ-ਇਸ ਨਾਵਲੀ ਰੂਪ ਵਿਚ। ਅਸੀਂ ਘੋਗੇ ਦੇ ਕੰਮਚੋਰ ਤੇ ਫਰਾਰ ਹੋਏ ਚਰਿੱਤਰ ਦੇ ਸਨਮੁਖ ਹੁੰਦੇ ਹਾਂ। ਉਹ ਮਾਂ ਸਾਹਮਣੇ,ਅਧਿਆਪਕਾਂ ਸਾਹਮਣੇ ਤੇ ਸਾਥੀ ਮੁੰਡਿਆਂ ਸਾਹਮਣੇ ਬਹਾਨੇਬਾਜ਼,ਨਿਰਉੱਤਰ ਤੇ ਬੇਸ਼ਰਮ ਬਣਕੇ ਸਮਾਂ-ਕਟੀ ਕਰਦਾ ਹੈ। ਪਾਠਕ ਆਪਣੇ ਮੁਖ ਪਾਤਰ ਨੂੰ ਬਾਗਾਂ ਵਿਚ,ਖਾਲੀ ਥਾਵਾਂ ਤੇ ਉਜਾੜਾਂ ਵਿਚ ਤੁਰਦੇ ਫਿਰਦੇ ਵੇਖਦਾ ਹੈ। ਘੋਗਾ ਜ਼ਿੰਦਗੀ ਦਾ ਸਾਹਮਣਾ ਕਰਨ ਤੋਂ ਬਚਦਾ ਹੈ,ਇਸੇ ਲਈ ਉਹ ਫਰਾਰ ਹੈ। ਇਹ ਵਾਤਾਵਰਣ ਤੇ ਇਸ ਵਿਚ ਵਿਚਰਦਾ ਮੁਖ ਪਾਤਰ ਆਪਣੇ ਆਪ ਵਿਚ ਇਕ ਵਿਰਾਟ ਬਿੰਬ ਹੈ-ਗੁਆਚ ਜਾਣ ਦਾ ਬਿੰਬ। ਜਿੱਥੇ ਕਿਤੇ ਵਸੋਂ ਵਿਚ ਵਿਚਰਨਾ ਪੈ ਹੀ ਜਾਵੇ-ਮਸਲਨ ਬਾਗ ਜਿੱਥੇ ਸਕੂਲ ਹੈ-ਘੋਗਾ ਦਰਖਤ ਉੱਤੇ ਚੜ੍ਹਕੇ ਬੈਠ ਜਾਂਦਾ ਹੈ। ਇਸ ਵਿਰਾਟ ਬਿੰਬ ਦੀ ਸਿਰਜਣਾ ਨਾਵਲਕਾਰ ਦੀ ਕਾਮਯਾਬੀ ਤੋਂ ਇਲਾਵਾ ਉਸਦੇ ਉਸਤਾਦ ਗਲਪ ਲੇਖਕ ਹੋਣ ਦੀ ਗਵਾਹੀ ਵੀ

ਭਰਦਾ ਹੈ। ਉਹ ਭਟਕੇ ਮਨ ਵਾਲੇ ਆਪਣੇ ਮੁੱਖ ਪਾਤਰ ਨੂੰ ਕਈ ਢੰਗਾ ਰਾਹੀਂ ਦਿਖਾ ਰਿਹਾ ਹੈ। ਮਨ ਦੀ ਭਟਕਣ ਤਨ ਦੀ ਭਟਕਣ ਬਣਕੇ ਉਦੈ ਹੋ ਰਹੀ ਹੈ। ਇਥੇ ਗੁਆਚ ਜਾਣ ਦੇ ਅਰਥ ਕਈ ਤਹਿਆਂ ਬਣਕੇ ਉਜਾਗਰ ਹੁੰਦੇ ਹਨ।

ਜਗਦੀਸ਼ ਕੌਸ਼ਲ ਦੇ ਇਸ ਨਾਵਲ ਪਾਸ ਇਕ ਖਾਸ ਮੰਤਵ ਹੈ। ਇਹ ਮੰਤਵ ਸਪਸ਼ਟ ਹੁੰਦਾ ਹੈ ਜਦੋਂ ਅਸੀਂ ਉਹ ਕਥਨ ਪੜ੍ਹਦੇ ਹਾਂ ਜਿਸ ਰਾਹੀਂ ਲੇਖਕ ਨੇ ਇਹ ਨਾਵਲ ਸਮਰਪਤ ਕੀਤਾ ਹੈ 'ਵਿਗਿਆਨਕ ਦ੍ਰਿਸ਼ਟੀਕੋਣ ਦੇ ਉਹਨਾਂ ਸੱਚੇ ਧਾਰਨੀਆਂ ਨੂੰ ਜਿਹੜੇ ਤਰਕ-ਮਾਰਗ ਤੋਂ ਜ਼ਰਾ ਵੀ ਨਹੀਂ ਥਿੜਕਦੇ'। ਨਾਵਲ ਆਦਿ ਤੋਂ ਅੰਤ ਤਕ ਤਰਕ-ਮਾਰਗ ਵੱਲ ਵਧਣ ਦੇ ਯਤਨ ਵਿਚ ਹੈ। ਬਾਲ ਸਾਹਿਤ ਜਾਂ ਕਿਸ਼ੋਰ ਸਾਹਿਤ,ਪਕੇਰੀ ਉਮਰ ਵਾਲੇ ਪਾਠਕਾਂ ਦੇ ਸਾਹਿਤ ਤੋਂ ਭਿੰਨ ਹੁੰਦਾ ਹੈ। ਇਸੇ ਲਈ ਬਾਲ ਸਾਹਿਤ ਜਾਂ ਕਿਸ਼ੋਰ ਸਾਹਿਤ ਦਾ ਸਾਹਿਤ-ਸ਼ਾਸਤਰ ਵੀ ਵੱਖਰੀ ਪਛਾਣ ਰਖਦਾ ਹੈ। ਇਹ ਸਥੂਲ ਸੁਨੇਹੇ ਨੂੰ ਸੂਖਮ ਰੂਪ ਦਿੰਦਾ ਸਾਹਿਤ ਹੈ ਪਰ ਸਾਹਿਤ ਦੀ ਬੁਨਿਆਦੀ ਪ੍ਰਕਿਰਤੀ ਨੂੰ ਬਰਕਰਾਰ ਰਖਦਾ ਹੈ। ਕਹਾਣੀ ਭਾਵੇਂ ਰਾਮੂ ਗਡਰੀਏ ਵਾਲੀ ਹੋਵੇ ਜਿਸ ਵਿਚ ਰਾਮੂ 'ਸ਼ੇਰ ਸ਼ਾਇਆ' 'ਸ਼ੇਰ ਆਇਆ' ਕਹਿਕੇ ਝੂਠ ਬੋਲਦਾ ਤੇ ਮਜ਼ੇ ਲੈਂਦਾ ਹੈ ਅਤੇ ਅੰਤ ਵਿਚ ਸ਼ੇਰ ਦੇ ਸੱਚੀਂ ਮੁੱਚੀਂ ਆ ਜਾਣ ਨਾਲ ਮਾਰਿਆ ਜਾਂਦਾ ਹੈ। ਸਵਾਲ ਕਥਾ-ਰਸ ਪੈਦਾ ਕਰਨ ਦਾ ਹੈ। ਸਵਾਲ ਗਿਆਨ ਇੰਦਰੀਆਂ ਦੇ ਮਾਧਿਅਮ ਨੂੰ ਵੱਧ ਤੋਂ ਵੱਧ ਇਸਤੇਮਾਲ ਕਰਨ ਦਾ ਹੈ। ਸਵਾਲ ਪਾਠਕ ਵਰਗ ਦੀ ਮਾਨਸਿਕਤਾ ਤੇ ਕਲਪਨਾ ਦੇ ਹਾਣ ਦਾ ਬਣਨ ਦਾ ਹੈ। ਜਗਦੀਸ਼ ਕੌਸ਼ਲ ਇਹਨਾਂ ਸਵਾਲਾਂ ਦਾ ਜਵਾਬ ਬਾਖੂਬੀ ਜਾਣਦਾ ਹੈ।

ਕਥਾ-ਰਸ ਕੇਵਲ ਕਹਾਣੀ ਵਿਚ ਨਹੀਂ ਹੁੰਦਾ,ਕਹਾਣੀ ਸੁਣਾਉਣ ਵਿਚ ਵੀ ਹੁੰਦਾ ਹੈ-ਬਿਰਤਾਂਤ ਨੂੰ ਸੰਚਾਰਤ ਕਰਨ ਵਿਚ। ਕੌਸ਼ਲ ਕਿਸ਼ੋਰ ਉਮਰ ਦੇ ਪਾਠਕਾਂ ਨੂੰ ਘੋਗੇ ਦੀ ਕਹਾਣੀ ਬਿਆਨ ਕਰਨ,ਸਥਿਤੀਆਂ ਵਿਚੋਂ ਲੰਘਣ,ਸਵੈ-ਬਚਨੀ ਕਰਨ ਆਦਿ ਦੇ ਜਿੰਨ੍ਹਾਂ ਪੜਾਵਾਂ ਤੋਂ ਲੰਘਾਉਂਦਾ ਹੈ ਉਥੇ ਉਹਨਾਂ ਨੂੰ ਕਿਸ਼ੋਰ ਘੋਗੇ ਵਿਚ ਜਿਵੇਂ ਆਪਣੇ ਕਿਸੇ ਸਾਥੀ ਦੀ ਕਹਾਣੀ ਸੁਣ ਰਹੇ ਹੋਣਾ ਪ੍ਰਤੀਤ ਹੁੰਦਾ ਹੈ। ਉਹ ਇਸ ਕਥਾ ਨਾਲ ਸਾਂਝ ਬਣਾਉਂਦੇ ਹਨ। ਕਥਾ ਨਾਲ ਸਾਂਝ ਭਾਸ਼ਾ ਤੇ ਵਾਰਤਾਲਾਪ ਵੀ ਬਣਾਉਂਦੇ ਹਨ। ਕੌਸ਼ਲ ਦੇ ਪਾਤਰ ਉਮਰ,ਸਥਿਤੀ,ਰਿਸ਼ਤੇ ਦੇ ਤਵਾਜ਼ਨ ਵਿਚ ਬੋਲਦੇ ਚਾਲਦੇ ਹਨ। ਇਸ ਨਾਲ ਪਾਠਕ ਤੇ ਪਾਠ ਦਾ ਸਹਿਜ ਰਿਸ਼ਤਾ ਬਣਦਾ ਹੈ।

ਜਗਦੀਸ਼ ਕੌਸ਼ਲ ਨੇ ਸੀਨੀਅਰ ਲੇਖਕਾਂ ਨੂੰ ਬਾਲ ਸਾਹਿਤ ਤੇ ਕਿਸ਼ੋਰ ਸਾਹਿਤ ਦੇ ਪਿੜ ਵਿਚ ਕੰਮ ਕਰਨ,ਯੋਗਦਾਨ ਦੇਣ ਲਈ ਜਿਵੇਂ ਇਕ ਸੱਦਾ ਦਿੱਤਾ ਹੈ। ਵਕਤ ਦੀ ਲੋੜ ਨੂੰ ਪਹਿਚਾਨਣ ਲਈ ਕਿਹਾ ਹੈ। ਸਾਡੇ ਸਮਰੱਥਾਵਾਨ ਲੇਖਕ ਇਸ ਪਾਸੇ ਧਿਆਨ ਦੇਣ ਤਾਂ ਪੰਜਾਬੀ ਦਾ ਬਾਲ ਸਾਹਿਤ ਉੱਚੇ ਮਿਆਰ ਕਾਇਮ ਕਰ ਸਕਦਾ ਹੈ। ਜੇ ਇਹ ਪਨੀਰੀ ਲੱਗ ਜਾਏ ਤਾਂ ਪੰਜਾਬੀ ਸਾਹਿਤ ਦੇ ਪਾਠਕਾਂ ਦੀ ਘਾਟ ਨਹੀਂ ਰਹੇਗੀ।

-ਨਰਿੰਦਰ ਸਿੰਘ (ਡਾ.)

TOWARD AN OPEN TOMB : The Crisis of Israeli Society, Michael Warschawski, Cornerstone Publications, Kharagpur, 2005, pp 124, Rs. 80/-

ਇਸਰਾਈਲੀ ਸਮਾਜ, ਸਿਆਸਤ ਨੂੰ ਸਮਝਣ ਲਈ ਕੇਂਦਰੀ ਤੱਥ ਹੈ ਕਿ ਮੁਲਕ ਦਾ ਕੋਈ ਸੰਵਿਧਾਨ ਨਹੀਂ। ਲੋਗਨਵਾਦ ਦੀਆ ਬੇਨਿਯਮੀਆਂ ਰਾਜਨੀਤੀ ਨੂੰ ਜ਼ਿਆਦਾ ਤੋਂ ਜ਼ਿਆਦਾ ਪਿੱਛਾ-ਪੜ ਅਰਥਾਤ ਦਕਸ਼ਿਣ-ਵਾਦ ਵੱਲ ਲਈ ਜਾਂਦੀਆਂ ਹਨ; ਰਿਆਸਤ ਦੀਆਂ ਬੇਨਿਯਮੀਆਂ ਇਹਨੂੰ ਸਗੋਂ ਹਿੰਸਕ ਬਣਾਉਂਦੀਆਂ ਹਨ। ਨਯਾਪਾਲਕਾ (Judiciary) ਨੂੰ ਬੇਨਿਯਮੀਆਂ ਨੂੰ ਰੋਕਣ ਦਾ ਅਧਿਕਾਰ ਨਹੀਂ। ਮੀਡੀਆ ਰਿਆਸਤ ਅਤੇ ਲੋਗਨਵਾਦ ਦੇ ਪੁੜਾਂ 'ਚ ਫਸਿਆ ਜੇ ਚਾਹਵੇ ਵੀ ਤਾਂ ਕੁਝ ਨਹੀਂ

ਕਰ ਸਕਦਾ।

ਇਜ਼ਰਾਈਲ ਦੀ ਫੌਜੀ ਤਕੜਾਈ ਦੁਨੀਆਂ ਵਿਚ ਪੰਜਵੇਂ ਨੰਬਰ 'ਤੇ ਆਉਂਦੀ ਹੈ ਜਿਸਦੀ ਲੜਾਈ ਕਿਸੇ ਫੌਜ, ਮੁਲਕ ਨਾਲ ਨਹੀਂ ਸਗੋਂ ਫ਼ਲਸਤੀਨੀ ਆਬਾਦੀ ਨਾਲ ਹੈ।

ਇਜ਼ਰਾਈਲੀ ਰਿਆਸਤ ਆਪ ਫਲਸਤੀਨੀਆਂ ਦੇ ਗ਼ੈਰ-ਕਾਨੂੰਨੀ ਕਤਲ ਕਰਦੀ ਹੈ। 'ਨਾਲ ਲਗਦੇ ਨੁਕਸਾਨ' (collateral damage) ਦੀ ਦਰ 65 ਫੀਸਦੀ ਹੈ। ਦੋ ਬੰਦੇ ਮਾਰਨ ਨਾਲ ਇਕ ਵਾਧੂ ਮਰ ਜਾਂਦਾ ਹੈ।

ਮਾਨਵਤਾ ਦਾ ਇਹ ਹਾਲ ਹੈ ਕਿ ਇਜ਼ਰਾਈਲ ਦੂਸਰੇ ਯਹੂਦ-ਵਿਨਾਸ (Holocaust) ਨੂੰ ਰੋਕਣ ਲੱਗਿਆ ਹੋਇਆ ਹੈ। ਪਰ ਕਾਰ ਵਿਹਾਰ ਹਿਟਲਰ ਵਾਲਾ ਹੈ। ਸੰਨ 1995 ਤੋਂ ਬੈਥਲੇਹਮ ਦੀ 90 ਹਜ਼ਾਰ ਵਸੋਂ ਨੂੰ ਬਹੁਤ ਵਾਰ ਸ਼ਹਿਰ ਦੇ ਚੌੜੇ ਬਾਜ਼ਾਰ ਵਿਚੀਂ ਲੰਘਣ ਦੀ ਮਨਾਹੀ ਹੁੰਦੀ ਰਹੀ ਹੈ। ਹੈਬਰੋਨ ਵਿਚ ਹਰ ਯਹੂਦੀ ਪਰਬ ਦੇ ਮੌਕੇ ਇਕ ਲੱਖ ਫਲਸਤੀਨੀਆਂ 'ਤੇ ਕਰਫਿਊ ਲੱਗ ਜਾਂਦਾ ਹੈ। ਸੰਨ 2001 ਤੋਂ ਸ਼ੁਰੂ ਹੋਏ ਕੋਈ ਸੌ ਸ਼ਹਿਰ ਪਿੰਡ ਬਿਲਕੁਲ ਇਜ਼ਰਾਈਲੀ ਕਬਜ਼ੇ ਨਾਲ ਘਿਰੇ ਹੋਏ ਹਨ।

Check Points 'ਤੇ ਫਲਸਤੀਨੀਆਂ ਨੂੰ ਪੇਟ ਦੇ ਬਲ ਚੱਲਣ ਲਈ ਜਾਂ ਗਾਰੇ 'ਚ ਲਿਟਣ ਲਈ, ਜਾਂ ਨੰਗੇ ਦੌੜਨ ਲਈ ਮਜਬੂਰ ਕੀਤਾ ਜਾਂਦਾ ਹੈ।

ਇਜ਼ਰਾਈਲ ਦੇ ਮੁੱਖ ਧਰਮ-ਅਧਿਕਾਰੀ ਦਾ ਕਹਿਣਾ ਸੀ ਕਿ 'ਰੱਬ ਨੇ ਯਹੂਦੀਆਂ ਨੂੰ ਪਵਿੱਤਰ ਦੇਸ਼ (Holy Land) ਦਿੱਤਾ ਸੀ, ਇਸ ਕਰਕੇ ਇਥੇ ਦੇ ਅਰਬ ਚੋਰ ਹਨ। ਇਜ਼ਰੇਲੀ ਉਹਨਾਂ ਦੇ ਜ਼ੇਤੂਨ ਆਪਣੇ ਸਮਝਣ।'

ਚੈੱਕ ਪੁਆਇੰਟਸ (Check Points), ਸੁਰੱਖਿਆ ਪ੍ਰਬੰਧ ਅਤੇ ਵਿਅਕਤੀ ਦੀ ਹਿੱਕ 'ਤੇ ਬੰਦੂਕ ਦੀ ਨੁਮਾਇਸ਼ ਨੇ ਸਮਾਜ ਦੀ ਸਾਧਾਰਨਤਾ ਹੀ ਬਦਲ ਦਿੱਤੀ ਹੈ। ਹੁਣ ਅਸਾਧਾਰਨਤਾ ਹੀ ਸਾਧਾਰਨ ਹੋ ਗਿਆ ਹੈ। ਵਸੋਂ ਵੀ ਉਜ਼ਰ ਕਰਨੋਂ ਹਟ ਗਈ ਹੈ।

ਵਿਨਯ ਦੀ ਘਾਟ, ਆਚਰਨ ਪਤਨ, ਕੇਵਲ ਹਿੰਸਾ ਲਈ ਜਨ-ਸਹਿਮਤੀ, ਦਮਨ ਦੀ ਨੀਤੀ, ਮਕਬੂਜ਼ਾ ਫਲਸਤੀਨ ਤੋਂ ਸ਼ੁਰੂ ਹੋਈ, ਇਜ਼ਰੇਲੀ ਅਰਬਾਂ 'ਤੇ ਪਹੁੰਚਦੀ, ਹੁਣ ਯਹੂਦੀ ਅਣਮਤ (dissent) 'ਤੇ ਅੱਪੜ ਗਈ ਹੈ।

ਇਜ਼ਰਾਈਲ ਨੇ ਆਪਣੇ ਤੇ ਫਲਸਤੀਨ ਵਿਚਕਾਰ 403 ਮੀਲ ਲੰਬੀ ਕੰਧ ਬਣਾਈ ਹੈ। (Berlin Wall 103 ਮੀਲ ਸੀ।) ਇਜ਼ਰੇਲੀ ਸਰਹੱਦ ਅਤੇ ਕੰਧ ਵਿਚਕਾਰ 14 ਫਲਸਤੀਨੀ ਪਿੰਡ ਕੈਦ ਹਨ ਜਿਹੜੇ ਕਿਸੇ ਪਾਸੇ ਨਿੱਕਲ ਨਹੀਂ ਸਕਦੇ।

2000 ਤੋਂ 2002 ਵਿਚ ਨੈਸੱਟ (ਪਾਰਲੀਮੈਂਟ) ਵਿਚ 60 ਬਿੱਲ ਪੇਸ਼ ਕੀਤੇ ਗਏ ਜਿਹਨਾਂ ਦਾ ਮਨੋਰਥ ਫ਼ਲਸਤੀਨੀ ਹੱਕਾਂ ਨੂੰ ਘਟਾਉਣਾ ਸੀ। ਪਾਰਲੀਮੈਂਟ ਦੇ ਮੈਂਬਰ ਦੀ (immunity) ਅਣ-ਅਪਰਾਧਤਾ ਖਤਮ ਕਰ ਦਿੱਤੀ ਗਈ। (ਜਿਵੇਂ ਸਾਡੇ ਐੱਮ. ਪੀ. ਨੂੰ ਸਪੀਕਰ ਨੂੰ ਇਤਲਾਹ ਦੇਣ ਮਗਰੋਂ ਹੀ ਫੜਿਆ ਜਾ ਸਕਦਾ ਹੈ)। ਨਾਗਰਿਕ ਹੱਕ (ਅਰਬਾਂ ਨੂੰ ਕੌਮੀ ਜ਼ਮੀਨ ਵੇਚਣਾ ਜਾਂ ਕਰਾਏ 'ਤੇ ਦੇਣਾ) ਖਤਮ ਕੀਤੇ ਗਏ। ਆਤੰਕਵਾਦ ਨੂੰ ਸ਼ਹਿ ਦੇਣ ਵਾਲਿਆਂ ਦੀ ਨਾਗਰਿਕਤਾ ਖਤਮ ਕੀਤੀ ਜਾ ਸਕਦੀ ਹੈ। ਨਾ ਉਹ ਚੋਣ ਲਈ ਖਲੋ ਸਕਦੇ ਹਨ, ਨਾ ਹੀ ਚੁਣਾਉ ਸੂਚੀ ਵਿਚ ਉਹਨਾਂ ਦਾ ਨਾਉਂ ਰਹਿਣਾ ਹੈ।

ਔਸਲੋ (Oslo) ਸਮਝੌਤਾ ਬਸਤੀਵਾਦੀ ਢਾਂਚੇ ਦਾ ਨਕਸ਼ਾ ਸੀ। ਹੱਕਾਂ (rights) ਦੀ ਥਾਉਂ ਰਿਆਇਤਾਂ, ਵਿਚੋਲਿਆਂ 'ਤੇ ਮਿਹਰਬਾਨੀਆਂ, ਦੇਸੀ ਪੁਲਸ ਜਨ ਨੂੰ ਕਾਬੂ ਰੱਖਣ ਲਈ, V.I.P.s ਦੀਆਂ ਸ਼੍ਰੇਣੀਆਂ; ਫਲਸਤੀਨ ਪ੍ਰਸ਼ਾਸਨ ਦੇ ਕਿਹੜੇ ਵਜ਼ੀਰ ਦੀ ਤਲਾਸ਼ੀ ਨਹੀਂ ਲੈਣੀ। ਯਾਸਰ ਅਰਾਫਾਤ ਨੂੰ ਹੈਲੀਕੋਪਟਰ ਮਿਲ ਗਿਆ। ਪਰ ਪੱਛਮੀ ਕੰਢੇ (West Bank) ਵਿਚ ਯਹੂਦੀਆਂ ਨੂੰ ਹੋਰ ਹੋਰ ਵਸਾਈ ਜਾਣਾ ਕਾਇਮ ਰਿਹਾ। ਪਰ 2000 ਵਿਚ ਕੈਂਪ ਡੇਵਿਡ ਦੀ ਅਸਫਲਤਾ ਅਰਾਫਾਤ ਸਿਰ ਮੜ੍ਹੀ ਗਈ।

ਇਸ ਗੱਲ ਦੀ ਬਹੁਤੀ ਜਾਣਕਾਰੀ ਨਹੀਂ ਹੈ ਕਿ ਸਮਝੌਤਾ ਕਰਾਉਂਦੀ ਅਮਰੀਕੀ ਟੀਮ ਦੇ ਛੇ ਦੇ ਛੇ ਮੈਂਬਰ ਅਮਰੀਕਨ ਯਹੂਦੀ ਸੀ।

ਇਜ਼ਰਾਈਲ ਵਿਚ ਦਕਸ਼ਿਣਵਾਦੀ (rightist) ਰੁਚੀ ਵਧਦੀ ਗਈ ਹੈ। ਵਜ਼ੀਰ ਆਜ਼ਮ ਰਾਬਿਨ ਨੂੰ ਹਿਟਲਰੀ ਪੁਲਸ ਦੀ ਵਰਦੀ ਪੁਆ ਕੇ ਤਸਵੀਰਾਂ 'ਚ ਪੇਸ਼ ਕੀਤਾ ਗਿਆ। ਸੰਨ 1995 ਵਿਚ ਉਹਦੇ ਕਤਲ ਪਿੱਛੋਂ ਦਕਸ਼ਿਣਵਾਦ ਹੋਰ ਵੀ ਜ਼ੋਰ ਫੜ ਗਿਆ। ਲੌਕਿਕ ਦਕਸ਼ਿਣਵਾਦ ਨੇ ਧਾਰਮਿਕ ਰੰਗਤ ਗ੍ਰਹਿਣ ਕਰ ਲਈ ਅਤੇ ਯਹੂਦੀ ਕੱਟੜਪੰਥ ਨੇ ਲੌਕਿਕ ਦਕਸ਼ਿਣਵਾਦ ਦਾ ਨਸਲਵਾਦ ਅਤੇ ਅਰਬ ਦੁਸ਼ਮਣੀ ਆਪਣਾ ਲਈ ਹੈ।

1996 ਵਿਚ ਨਾਅਰਾ ਸੀ - ਵੇਲੇ ਸਿਰ ਭਾਈ ਭਾਈ ਦੇ ਨਾਲ ਖੜ੍ਹਦਾ ਹੈ। ਵੈਸਟ ਬੈਂਕ ਵਿਚ ਯਹੂਦੀ ਆਬਾਦਕਾਰੀਆਂ (settlements) ਨੂੰ ਖ਼ਤਮ ਕਰਨ ਨਾਲ ਇਜ਼ਰਾਈਲ ਦੋਫਾੜ ਹੋ ਜਾਂਦਾ ਹੈ।

ਪੈਰੀਜ਼ ਅਧੀਨ (ਜਿਹੜਾ ਹੁਣ ਪ੍ਰਧਾਨ ਹੈ) ਦਕਸ਼ਿਣਵਾਦ ਨਾਲ, ਮੁਕਾਬਲਾ ਕਰਨ ਦੀ ਥਾਂਉਂ 'ਕੌਮੀ ਸੁਲਾਹ-ਸਫ਼ਾਈ' (reconciliation) ਦੀ ਮੁਹਿਮ ਚਲਾਈ ਗਈ, ਅਤੇ ਲੈਬਨਾਨ ਵਿਚ ਮੁਦਾਖ਼ਲਤ ਤੇਜ਼ ਕਰ ਦਿੱਤੀ।

1996 ਵਿਚ ਦਕਸ਼ਿਣਵਾਦ ਸ਼ਕਤੀ ਗ੍ਰਹਿਣ ਕਰ ਗਿਆ; ਲੌਕਿਕ ਧੜੇ ਨੇ ਹਥਿਆਰ ਸੁੱਟ ਦਿੱਤੇ, ਬੁੱਧੀਮਾਨ ਵੀ ਨਸਲਵਾਦੀ, ਸਥਾਨਕ ਸਾਮਰਾਜੀ ਹੋ ਗਏ।

ਪਾਠ ਪੁਸਤਕਾਂ ਨੂੰ ਬਦਲਿਆ ਜਾ ਰਿਹਾ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਵਿਸ਼ਵਵਿਦਿਆਲਿਆਂ ਦੇ ਸ਼ਕੰਜੇ ਕਸੇ ਜਾ ਰਹੇ ਹਨ ਤਾਂ ਜੁ ਉਹ ਸਵਤੰਤਰ ਸੋਚ ਅਤੇ ਆਲੋਚਨਾਤਮਕ ਰੁਚੀ ਦੇ ਕੇਂਦਰ ਨਾ ਰਹਿਣ।

ਇਜ਼ਰੇਲੀ ਫਲਸਤੀਨੀਆਂ ਨੂੰ ਨਾਜ਼ੀ ਕਹਿੰਦੇ ਹਨ। ਪਰ ਦਮਨਕਾਰੀ ਨੂੰ ਦਮਿਤ ਦਾ ਅਨੁਭਵ ਨਹੀਂ ਹੋ ਸਕਦਾ। ਇਸ ਕਰਕੇ ਅੱਜੋਕੇ ਇਜ਼ਰੇਲੀ ਵਾਰਸ ਜਾਂ ਵਿਸਚਲਾ (ਲਿਥੂਵੇਨੀਆ) ਯਹੂਦ-ਵਾੜੇ ਦੇ ਮਰਨਾਊ ਵਾਸੀਆਂ ਨਾਲ ਜਾਂ ਬਾਇਲੋ-ਰਸ਼ੀਆਂ ਵਿਚ ਜਰਮਨਾਂ ਖਿਲਾਫ਼ ਲੜਦੇ ਯਹੂਦੀ ਗੁਰੀਲਿਆਂ ਨਾਲ ਭਾਵਕ ਸਾਂਝ ਨਹੀਂ ਪਾ ਸਕਦੇ। ਇੰਝ ਪਰੰਪਰਾ-ਘਨ ਹੋ ਰਹੇ ਹਨ।

ਇਜ਼ਰੇਲੀ ਫੌਜ ਦਾ ਅਫ਼ਸਰ ਸਿਪਾਹੀਆਂ ਨੂੰ ਸਮਝਾ ਰਿਹਾ ਸੀ ਕਿ ਉਹਨਾਂ ਫਲਸਤੀਨੀ ਸ਼ਰਨਾਰਥੀ ਕੈਂਪ 'ਤੇ ਹਮਲਾ ਕਰਨਾ ਹੈ ਅਤੇ ਹੋਰਾਂ ਦੇ ਤਜਰਬੇ ਤੋਂ ਫ਼ਾਇਦਾ ਉਠਾਉਣਾ ਚਾਹੀਦਾ ਹੈ, ਜਿਵੇਂ ਜਰਮਨਾਂ ਨੇ ਵਾਰਸਾ ਦੇ ਯਹੂਦਵਾੜੇ (ghetto) 'ਤੇ ਧਾਵਾ ਬੋਲਿਆ ਸੀ।

ਇਜ਼ਰਾਈਲ ਦਾ ਲੋਕਤੰਤਰ ਮਾਯਾ-ਸਮਾਨ ਹੈ। ਚੋਣਾਂ ਜ਼ਰੂਰ ਹੁੰਦੀਆਂ ਹਨ ਪਰ ਵਿਅਕਤਿਕ ਹੱਕਾਂ ਨੂੰ ਪਾਲਣ ਦੀ ਚੇਸ਼ਟਾ ਤਾਂ ਕੀ, ਕਲਪਨਾ ਵੀ ਨਹੀਂ। ਵਿਅਕਤਿਕ ਅਧਿਕਾਰ ਲੋਕਤੰਤਰ ਦੀ ਬੁਨਿਆਦ ਹੈ ਜਿਸ ਦੇ ਬਗ਼ੈਰ ਲੋਕਤੰਤਰ ਨਹੀਂ ਰਹਿੰਦਾ।

ਇਜ਼ਰਾਈਲ 'ਚ ਹਮੇਸ਼ਾ ਹੀ ਐਮਰਜੈਂਸੀ (emergency) ਲੱਗੀ ਰਹੀ ਹੈ।

1948 'ਚ ਯਹੂਦੀ ਆਬਾਦਕਾਰੀਆਂ (settlements) ਦੀ ਸਿਆਸੀ-ਫੌਜੀ ਸੰਸਥਾ ਹਕੂਮਤ ਕਰਨ ਲੱਗੀ। ਰਾਜ ਦੇ ਪ੍ਰਤਿਮਾਨ ਕਾਨੂੰਨੀ ਹੁੰਦੇ ਹਨ। ਹਿੰਸਾ ਦੀ ਕਾਰਵਾਈ ਦੀ ਕੋਈ ਮਰਯਾਦਾ ਨਹੀਂ ਹੁੰਦੀ।

ਇਜ਼ਰਾਈਲ ਦੀ ਪਾਰਲੀਮੈਂਟ 'ਵਿਅਕਤੀਆਂ' ਲਈ ਕਾਨੂੰਨ ਪਾਸ ਕਰਦੀ ਰਹਿੰਦੀ ਹੈ। ਭਾਵੇਂ ਕਾਨੂੰਨ ਪਰਿਭਾਸ਼ਾ ਅਨੁਸਾਰ ਸਾਮਾਨਯ, ਸਭ 'ਤੇ ਲਾਗੂ ਹੋਣ ਵਾਲਾ ਹੈ।

ਪ੍ਰਧਾਨ ਮੰਤਰੀ ਹੋਣ ਲਈ ਨੈੱਸਟ (ਪਾਰਲੀਮੈਂਟ) ਦਾ ਮੈਂਬਰ ਹੋਣਾ ਜ਼ਰੂਰੀ ਸੀ; ਪਿਛਲੀ ਵਾਰ ਨੇਤਨਯਾਹੂ ਲਈ ਕਾਨੂੰਨ ਬਦਲ ਦਿੱਤਾ।

ਕੋਈ ਵਜ਼ੀਰ ਭ੍ਰਿਸ਼ਟਾਚਾਰ ਦਾ ਅਪਰਾਧੀ ਹੋਣ ਕਰਕੇ ਕੈਦ ਸੀ। ਬਾਹਰ ਉਹਦੇ ਹੱਕ ਵਿਚ

ਅਭਿਆਨ ਸ਼ੁਰੂ ਹੋਇਆ। ਕਾਨੂੰਨ ਪਾਸ ਹੋਇਆ ਕਿ ਅੱਧੀ ਕੈਦ ਕੱਟਣ ਵਾਲੇ ਨੂੰ ਰਿਹਾ ਕੀਤਾ ਜਾ ਸਕਦਾ ਹੈ, ਕਿਉਂਕਿ ਵਜ਼ੀਰ ਨੇ ਅੱਧੀ ਤੋਂ ਵੱਧ ਸਜ਼ਾ ਕੱਟ ਲਈ ਸੀ।

ਕਾਨੂੰਨ ਸੀ ਕਿ ਸਰਕਾਰ ਦੇ 17 ਤੋਂ ਵੱਧ ਮੰਤਰੀ ਨਹੀਂ ਹੋ ਸਕਦੇ। ਬਰਕ ਪ੍ਰਧਾਨ ਮੰਤਰੀ ਨੇ ਗੱਠਜੋੜ ਲਈ ਤੀਹ ਕੁ ਸਿਆਸਤਦਾਨਾਂ ਨੂੰ ਵਜ਼ੀਰੀ ਦਾ ਵਚਨ ਦਿੱਤਾ ਸੀ। ਇਸ ਲਈ ਕਾਨੂੰਨ ਬਦਲਿਆ ਗਿਆ।

ਕਾਨੂੰਨ ਅਨੁਸਾਰ ਸੇਵਾ ਮੁਕਤ ਫੌਜ ਦਾ ਮੁਖੀ ਨਿਸ਼ਚਿਤ ਸਮੇਂ ਪਿੱਛੋਂ ਹੀ ਚੋਣ ਲੜ ਸਕਦਾ ਸੀ। ਮੋਫਜ਼ ਨਾਮੀ ਜਰਨੈਲ ਚੋਣ ਕਮਿਸ਼ਨ ਨੂੰ ਕਹਿੰਦਾ-ਤਾਂ ਕੀ ਹੋਇਆ ਜੇ ਨੈਸੱਟ ਮੇਰੇ ਬਾਰੇ ਕਾਨੂੰਨ ਬਣਾਉਣਾ ਭੁੱਲ ਗਈ।

ਜੇ ਮਾਮੂਲੀ ਬਹੁ-ਮਤ ਨਾਲ ਵਿਅਕਤਿਕ ਕਾਨੂੰਨ ਬਣ ਸਕਦਾ ਹੈ ਤਾਂ ਬਹੁਮਤ ਕਿਸੇ ਵੀ ਸ਼ਹਿਰੀ ਦੇ ਅਧਿਕਾਰ ਖਤਮ ਕਰ ਸਕਦਾ ਹੈ। ਮਤਲਬ ਇਜ਼ਰਾਇਲ ਵਿਚ ਕਿਸੇ ਵੀ ਨਰ ਨਾਰੀ ਦਾ ਅਧਿਕਾਰ ਸੰਸਥਾਈ, ਸੰਵਿਧਾਨਕ ਨਹੀਂ।

ਲੀਬਰਮੈਨ ਦੀ ਪਾਰਟੀ ਕਹਿੰਦੀ ਸੀ ਕਿ ਜਿਹੜੇ ਬੰਦੇ ਇਜ਼ਰਾਈਲ ਨੂੰ ਬਦਨਾਮ ਕਰਦੇ ਹਨ, ਜਾਂ ਆਤੰਕ-ਵਾਦ ਦੇ ਹਾਮੀ ਹਨ, ਜਿਵੇਂ...ਉਹਨੇ ਬੰਦਿਆਂ ਦੇ ਨਾਉਂ ਲਏ...ਉਹਨਾਂ ਦੀ ਕੌਮੀਅਤ nationality ਖਤਮ ਕਰ ਦੇਣੀ ਚਾਹੀਦੀ ਹੈ। ਇਹ ਤਾਂ ਕੁਝ ਸਾਲਾਂ ਦੀ ਗੱਲ ਹੈ। ਹੁਣ ਲੀਬਰਮੈਨ ਉਪਰੋਕਤ ਨਿਤਿਨਯਾਹੂ ਸਰਕਾਰ ਵਿਚ ਵਿਦੇਸ਼ ਮੰਤਰੀ ਹੈ। ਅਜਿਹੇ ਵਿਚਾਰ ਰ.ਸ.ਸ ਦੇ 1940-73 ਦੇ ਮੁਖੀ ਗੋਲਵਾਲਕਰ ਦੇ ਸਨ।

ਏਰੀਅਨ ਸ਼ੈਰੋਨ ਦੀ ਪੁੱਛ-ਪੜਤਾਲ ਸ਼ੁਰੂ ਹੋਈ ਕਿ ਉਹਨੇ ਲੱਖਾਂ ਡਾਲਰ ਆਸੇ ਪਾਸੇ ਕੀਤੇ ਹਨ। ਪ੍ਰਧਾਨ ਮੰਤਰੀ ਅਸਤੀਫਾ ਦੇਣ ਦੀ ਬਜਾਏ ਕਹਿਣ ਲੱਗਾ ਕਿ public prosecutor ਅਤੇ ਪੁਲਸ ਵਾਮਪੰਥੀਆਂ ਨਾਲ ਰਲੀ ਹੋਈ ਹੈ।

ਭ੍ਰਿਸ਼ਟ ਗ੍ਰਹਿ ਮੰਤਰੀ ਨੂੰ ਕੈਦ 'ਚੋਂ ਕੱਢਣ ਲਈ ਲੋਕ ਅਭਯਾਨ ਸ਼ੁਰੂ ਹੋਇਆ ਜਿਸ ਦੀ ਦਲੀਲ ਸੀ (1) ਹੋਰ ਕਿਹੜੇ ਜੋ ਭ੍ਰਿਸ਼ਟ ਨਹੀ? (2) ਨਯਾਯ ਪ੍ਰਬੰਧ ਬਦਲਨ ਵਾਲਾ ਹੈ। ਏਸ ਅਭਯਾਨ ਵਿਚ ਧਾਰਮਿਕ ਪਾਰਟੀਆਂ ਅਤੇ ਰਾਜ-ਸ਼੍ਰੇਣੀ ਦਾ ਕੁਝ ਹਿੱਸਾ ਸ਼ਾਮਲ ਸੀ

ਇਜ਼ਰਾਈਲ ਵਿਚ ਬੜੀ ਦੇਰ ਤੋਂ ਫੌਜ ਵੱਲੋਂ ਰਾਜਹਰਨ ਚਲਦਾ ਆ ਰਿਹਾ ਹੈ। ਫ਼ਰਕ ਸਿਰਫ਼ ਇੰਨਾ ਕਿ ਇਹਦੀ ਨਿੱਤ ਨਿੱਤ ਖ਼ਬਰ ਨਹੀਂ ਆਉਂਦੀ। ਸੰਨ 1967 ਦੀ ਲੜਾਈ ਸ਼ੁਰੂ ਹੋਣ ਸਮੇਂ ਫੌਜ ਨੇ ਜ਼ਬਰਦਸਤੀ ਸਾਂਝੀ ਸਰਕਾਰ (coalition government) ਬਣਵਾਈ।

ਜਿਵੇਂ ਫੌਜ ਦੇ ਮੁਖੀ ਸਿਆਸਤ ਵਿਚ ਆਉਂਦੇ ਰਹਿੰਦੇ ਹਨ ਤਾਂ ਖਿਆਲ ਕੀਤਾ ਜਾ ਸਕਦਾ ਹੈ ਫੌਜ ਦਕਸ਼ਿਣਵਾਦੀ ਰਾਜਨੀਤੀ ਦਾ ਗੜ੍ਹ ਹੈ।

ਪੈਰੀਜ਼ ਨੇ ਇਹਦੀ ਖੁਦਮੁਖਤਾਰੀ (autonomy) ਮੰਨ ਲਈ ਜਿਸਨੂੰ ਨਿਤਿਨਯਾਹੂ ਨੇ ਹੋਰ ਵੀ ਤਕੜਾ ਕੀਤਾ, ਬਰਕ ਨੇ ਤੇ ਇਹਨੂੰ ਸਿਆਸੀ ਪਾਰਟੀ ਬਣਾ ਲਿਆ।

ਵੱਡੇ ਅਫਸਰ ਕੈਬੀਨਟ ਮੀਟਿੰਗਾਂ 'ਚ ਬੈਠਦੇ ਹਨ। ਖੁਫ਼ੀਆ ਏਜੰਸੀਆਂ 'ਇਤਲਾਹ' ਘੜਦੀਆਂ ਹਨ। ਜਿਸਦੇ ਆਧਾਰ 'ਤੇ ਰਾਜਸੀ ਫੌਜੀ ਉੱਦਮਾਂ ਦੀ ਰੂਪ-ਰੇਖਾ ਉਲੀਕੀ ਜਾਂਦੀ ਹੈ ਜਿਸਨੂੰ ਸਰਕਾਰ ਨੇ ਅਪਣਾਉਣਾ ਹੁੰਦਾ ਹੈ।

ਜਨਰਲ ਮੋਸ਼ੇ ਯਲੌਨ ਨੇ ਪਹਿਲੀ ਵਾਰ ਫ਼ਲਸਤੀਨੀ ਪ੍ਰਬੰਧ Palestinian Authority ਅਰਾਫਾਤ/ਅਬੂ ਮਾਜ਼ਨ ਵਾਲੀ ਨੂੰ ਆਤੰਕਵਾਦੀ ਸੰਸਥਾ ਕਿਹਾ।

1996 ਤੋਂ ਫੌਜ ਦੇ ਅਫਸਰ ਬਿਆਨਬਾਜ਼ੀ ਕਰਦੇ ਆ ਰਹੇ ਹਨ, ਫ਼ਲਸਤੀਨ ਦੀ ਸਥਿਤੀ ਕਿੰਨੀ ਗੰਭੀਰ ਹੈ ਦੱਸਦੇ ਹਨ, ਅਤੇ ਸਰਕਾਰ ਦੀ ਸੁਸਤੀ ਨੂੰ ਵੇਖ ਉਹਨੂੰ ਧਮਕੀਆਂ ਦਿੰਦੇ ਹਨ।

ਇਜ਼ਰਾਈਲ ਦੀ ਨਵੀਂ ਵਿਚਾਰਧਾਰਾ ਰਾਸ਼ਟਰੀ ਸੈਨਕਵਾਦ (militarism) ਦੀ ਹੈ ਜਿਸਦਾ

ਧਾਰਮਿਕ ਮੂਲਵਾਦ ਅਤੇ ਨਸਲਪਰਸਤੀ ਨਾਲ ਸੜ੍ਹ ਲੱਗਿਆ ਹੋਇਆ ਹੈ। ਫਲਸਤੀਨੀਆਂ ਨੂੰ ਜਾਨ ਦੀ ਆਜ਼ਾਦੀ ਨਹੀਂ; ਹੁਣ ਇਹ ਖਤਰਾ ਉਹਨਾਂ ਇਜ਼ਰਾਏਲੀਆਂ ਲਈ ਵੀ ਹੈ ਜਿਹੜੇ ਅਣਮਤ (dissidence) ਦਾ ਹੁੰਗਾਰਾ ਭਰਦੇ ਹਨ।

ਸਾਡੀ ਸਰਕਾਰ ਇਜ਼ਰਾਈਲ ਨਾਲ ਨਿੱਤ ਨਵੇਂ ਸੰਬੰਧ ਬਣਾ ਰਹੀ ਹੈ ਜਿਹੜੀ ਚਿੰਤਾਜਨਕ ਗੱਲ ਹੈ। ਕੀ ਭਾਰਤ ਨੇ ਵੀ ਇਜ਼ਰਾਈਲ ਵਾਲੇ ਰਾਹ ਪੈਣਾ ਹੈ? -ਸੁਰਜੀਤ ਹਾਂਸ

TEMPTATION OF THE WEST : How to be Modern in India, Pakistan, Tibet and beyond, Pankaj Mishra, Picador, 2007 pp 323, $ 15.

ਪੰਕਜ ਮਿਸ਼ਰਾ ਗ਼ਰੀਬ ਘਰ ਦਾ ਮੁੰਡਾ ਸੀ। ਅਲਾਹਾਬਾਦ ਯੂਨੀਵਰਸਿਟੀ 'ਚ ਪੜ੍ਹਦਾ ਸੀ ਪਰ ਹੋਸਟਲ 'ਚ ਰਹਿਣ ਦੀ ਸਮਰੱਥਾ ਨਹੀਂ ਸੀ। ਕਿਸੇ ਦੂਰ ਦੇ ਰਿਸ਼ਤੇਦਾਰ ਹਿਤੈਸ਼ੀ ਦੇ ਘਰ ਰੋਟੀ ਖਾਂਦਾ ਰਹਿੰਦਾ ਸੀ। ਹੁਣ New York Review of Books ਅਤੇ The Guardian (London) ਲਈ ਲਿਖਦਾ ਹੈ।

ਜੇ ਪੰਕਜ ਜੇਹੇ ਗ਼ਰੀਬ ਮੁੰਡੇ ਦੀ ਤਰੱਕੀ 'ਤੇ ਹੈਰਾਨੀ ਹੁੰਦੀ ਹੈ ਤਾਂ ਪੰਕਜ ਦੀ ਸੂਝ, ਬਾਰੀਕ ਬੀਨੀ, ਲਗਨ ਅਤੇ ਅੰਗਰੇਜ਼ੀ ਜ਼ੁਬਾਨ 'ਤੇ ਅਬੂਰ ਦੀ ਹੋਰ ਵੀ ਦਾਦ ਦੇਣੀ ਚਾਹੀਦੀ ਹੈ।

1857 ਦੇ ਗ਼ਦਰ ਮਗਰੋਂ ਅੰਗਰੇਜ਼ ਨੇ ਕੁਝ ਦਿਨਾਂ ਵਿਚ 6 ਹਜ਼ਾਰ ਹਿੰਦੁਸਤਾਨੀ ਮਾਰੇ ਸੀ। ਅੱਠ ਪਿੰਡ ਜ਼ਬਤ ਕਰਕੇ ਅਲਾਹਾਬਾਦ ਦੀ ਸਿਵਲ ਲਾਈਨਜ਼ Civil Lines ਬਣਾਈ ਸੀ। ਹਰ ਸ਼ਹਿਰ ਵਿਚ ਸਿਵਲ ਲਾਈਨਜ਼ ਹਿੰਦੁਸਤਾਨੀ ਪਰੰਪਰਕ ਵਸੋਂ ਨੂੰ ਵਿਦੇਸ਼ੀ ਹਕੂਮਤ ਦੇ ਅਮਲੇ ਤੋਂ ਇਲੈਹਦਾ ਕਰਦੀ ਹੈ। ਇਹ ਸਾਡੇ ਸ਼ਹਿਰਾਂ ਦਾ ਸਾਮਰਾਜੀ ਭਾਗ ਹੈ।

ਮੋਤੀ ਲਾਲ ਨਹਿਰੂ, ਜਵਾਹਰ ਲਾਲ ਦਾ ਪਿਤਾ, ਪਹਿਲਾਂ ਪਰੰਪਰਿਕ ਆਬਾਦੀ 'ਚ ਰਹਿੰਦਾ ਸੀ। ਉਹ ਵਕੀਲ ਸੀ। ਸੰਨ 1886 ਵਿਚ ਅਲਾਹਾਬਾਦ 'ਚ ਹਾਈ ਕੋਰਟ ਬਣੀ; ਸ਼ਹਿਰ ਇੰਤਜ਼ਾਮੀਆ ਅਤੇ ਵਿਦਿਆ ਦਾ ਕੇਂਦਰ ਬਣਦਾ ਗਿਆ। ਮੋਤੀ ਲਾਲ ਦੀ ਨਾਲ ਦੀ ਨਾਲ ਤਰੱਕੀ ਹੁੰਦੀ ਗਈ। ਉਹ ਰਵਾਇਤੀ ਸ਼ਹਿਰ ਛੱਡ ਕੇ ਸਿਵਲ ਲਾਈਨਜ਼ 'ਚ ਆ ਗਿਆ, ਆਨੰਦ ਭਵਨ ਖਰੀਦ ਲਿਆ, (ਜਿਵੇਂ ਅੰਗਰੇਜ਼ aristocrat ਕਰਦੇ ਹੁੰਦੇ ਸਨ) ਬਾ-ਵਰਦੀ ਨੌਕਰ ਰੱਖ ਲਏ, ਦਰਾਮਦ ਹੋਈ ਕਾਰ ਦਾ ਅੰਗਰੇਜ਼ ਸ਼ੌਫਰ, ਜਵਾਹਰ ਲਾਲ ਨੂੰ ਪੜ੍ਹਾਉਣ ਲਈ ਐਰਿਸ਼ (Irish) ਟੀਊਟਰ ਅਤੇ ਸੂਟ ਲੰਡਨ ਦੇ ਸੈਵਿਲ ਰੋ ਤੋਂ ਆਉਂਦੇ ਸੀ ਜਿਸਦੀ ਅੱਜ ਵੀ ਉਂਨੀ ਹੀ ਮਸ਼ਹੂਰੀ ਹੈ।

ਕਿਤਾਬ ਪੱਛਮ ਦੇ ਪ੍ਰਲੋਭਨ ਬਾਰੇ ਹੈ। ਉਹਦੀ ਇਕ ਮਿਸਾਲ ਮੋਤੀ ਲਾਲ ਨਹਿਰੂ ਦੀ ਹੈ। ਮੋਤੀ ਲਾਲ ਦੇ ਪੁਰਾਣੇ ਪਰੰਪਰਕ ਘਰ ਵਿਚ ਹੁਣ ਨੇਪਾਲੀ ਵੇਸਵਾਵਾਂ ਰਹਿੰਦੀਆਂ ਹਨ। ਬਸਤੀਵਾਦੀ (Colonial) ਇੰਤਜ਼ਾਮੀਆਂ ਮੁੱਕਿਆਂ ਨਹੀ, ਉਂਝੇ ਕਾਇਮ ਹੈ। ਸਿਵਲ ਲਾਈਨ, ਕਾਰ, ਕੋਠੀ, ਬਾ-ਵਰਦੀ ਚਪੜਾਸੀ ਇਹਦੀ ਸਾਧਾਰਨ, ਦਰਿੱਦਰ ਸ਼ਹਿਰੀ ਤੋਂ ਦੂਰੀ ਦੇ ਸਮਾਰਕ ਹਨ। ਭਾਰਤੀ ਵਸੋਂ ਦਾ ਅਨੁਭਵ ਹੈ ਕਿ ਸ਼ਕਤੀ ਅਤੇ ਨਯਾਂ ਦੇ ਕੇਂਦਰ ਕਿਸੇ ਅਗਿਆਤ ਜਗਤ ਵਿਚ ਸਥਿਤ ਹਨ।

ਥਾਣੇ ਸਥਾਨਕ ਦਮਨ ਦੇ ਮੰਦਰ ਹਨ। ਚੋਣ ਜਿੱਤੇ ਮੈਂਬਰਾਂ ਨੂੰ ਕੋਈ ਅਹਿਸਾਸ ਨਹੀਂ ਕਿ ਚੁਣਾਵੀ ਪਦ ਦੀਆਂ ਕੋਈ ਜ਼ਿੰਮੇਵਾਰੀਆਂ ਵੀ ਹੁੰਦੀਆਂ ਹਨ। ਰਾਜਨੀਤੀ ਧੰਦਾ ਨਹੀਂ ਹੋ ਸਕਦੀ, ਨਾ ਹੀ ਸਿਆਸਤ ਨਿੱਜੀ ਖੁਸ਼ਹਾਲੀ ਦਾ ਸਾਧਨ ਹੈ। ਸਾਡੀ ਰਾਜਨੀਤੀ ਜਨ-ਹਿੱਤ ਦੀ ਵੇਰਵੇ ਸਹਿਤ ਸਮਝ, ਇਹਦੀ ਵ੍ਹਿੱਧੀ ਅਤੇ ਨੁਮਾਇੰਦਗੀ ਨਹੀਂ।

ਆਧੁਨਿਕ ਰਾਜਨੀਤੀ ਦੀ ਕੇਂਦਰੀ ਸਮੱਸਿਆ ਹੈ ਕਿ ਕਾਂਗਰਸ ਆਪਣੇ ਇਤਿਹਾਸਕ ਵਕਾਰ ਸਹਿਤ ਹਿੰਦੂ, ਮੁਸਲਮਾਨ, ਦਲਿਤ, ਬ੍ਰਾਹਮਣ, ਉੱਤਰੀ ਭਾਰਤੀ ਅਤੇ ਦੱਖਣ ਦੇ ਜਨ ਦੀ

ਇਲੈਹਦਾ ਇਲੈਹਦਾ ਬੋਲੀ ਬੋਲਦੀ ਰਹੀ ਹੈ। ਹੁਣ ਭਾਰਤ ਕੇਵਲ ਅਲਪ-ਸੰਖਿਆਵਾਂ ਦਾ ਦੇਸ਼ ਹੈ ਜਿਸ ਵਿਚ ਸਭ ਦੇ ਆਪਣੇ ਗਿਲੇ ਸ਼ਿਕਵੇ ਹਨ।

ਦੇਸ਼ ਦੇ ਗ੍ਰਾਮੀਨ ਪਿਛੋਕੜ ਵਿਚ ਮਾਨਵੀ ਭਾਈਚਾਰੇ ਦੀਆਂ ਬੁਨਿਆਦੀ ਲੋੜਾਂ ਦੀ ਘਾਟ ਹੈ, ਨਾ ਪਾਣੀ ਨਾ ਬਿਜਲੀ, ਨਾ ਸਕੂਲ ਨਾ ਹਸਪਤਾਲ, ਜਿੱਥੇ ਬੇਗਾਨੀ ਦੁਨੀਆਂ ਦਾ ਦਖਲ ਕੇਵਲ ਚੋਣਾਂ ਵੇਲੇ ਹੁੰਦਾ ਹੈ।

ਸ਼ਕਤਿਆਂ ਨੂੰ ਪਤਾ ਨਹੀਂ ਕਿ ਸ਼ਕਤੀ ਕਿਸੇ ਕਾਰਜ ਲਈ ਹੁੰਦੀ ਹੈ, ਨਾ ਕਿ ਪਰੰਪਰਕ ਦਰਿਦਰਤਾ ਤ੍ਰਾਸ ਤੋਂ ਬਚਣ ਦਾ ਸਾਧਨ ਹੈ। ਪੰਕਜ ਮਿਸ਼ਰਾ ਕਿਸੇ ਕੇਂਦਰੀ ਵਜ਼ੀਰ ਦਾ ਵਰਣਨ ਕਰਦਾ ਹੈ ਜਿਹੜਾ ਸਕੂਟਰ ਦੀ Pillion riding ਛੱਡਕੇ ਬੁੱਲਟ ਪਰੂਫ ਕਾਰ 'ਚ ਚਲਦਾ ਫਿਰਦਾ ਹੈ। ਮੈਂ ਉਹਦਾ ਨਾਉਂ ਨਹੀਂ ਲੈਂਦਾ, ਪਾਠਕ ਆਪਣੀ ਉਤਸੁਕਤਾ ਸਦਕੇ ਕਿਤਾਬ 'ਚੋਂ ਉਹਦੇ ਨਾਲ ਪਰਿਚਯ ਪਾ ਲਵੇ, ਨਾਲੇ ਦਰਿਦਰਤਾ ਤ੍ਰਾਸ ਦੀ ਸਮਝ ਆ ਜਾਵੇਗੀ।

ਇਕ ਹੋਰ ਗੱਲ ਧਿਆਨ ਰੱਖਣ ਵਾਲੀ ਹੈ। ਸਾਡੀ ਰਿਆਸਤ ਦੀ ਬਸਤੀਵਾਦੀ ਸ਼ਕਤੀ ਉਂਝ ਦੀ ਉਂਝ ਹੈ ਪਰ ਇਹਦੀ ਵਰਤੋਂ ਹੋਰ ਵੀ ਬੇ-ਕਿਰਕ ਹੈ। ਕਰਜ਼ਾਈ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀ ਮਿਸਾਲ ਹੈ। ਮੌਕੇ ਸਿਰ ਕੁਝ ਵੀ ਨਜ਼ਰ ਨਹੀਂ ਆਉਂਦਾ, ਸੁਣਾਈ ਨਹੀਂ ਦਿੰਦਾ। ਕੇਵਲ ਚੋਣ ਸਮੇਂ ਥੋੜ੍ਹਾ ਬਹੁਤ, ਅੱਖਾਂ, ਕੰਨਾਂ ਤੋਂ ਪਰਦਾ ਚੁੱਕ ਹੁੰਦਾ ਹੈ।

ਸਭ ਤੋਂ ਜ਼ਿਆਦਾ ਫ਼ਿਕਰ ਵਾਲੀ ਗੱਲ ਹੈ ਕਿ ਪ੍ਰਸ਼ਾਸਨ ਦਾ ਕੋਈ ਅੰਗ ਅਜਿਹਾ ਨਹੀਂ ਜਿਸਨੂੰ ਰਿਸ਼ਵਤ ਨੇ ਅਪਾਹਜ ਨਾ ਕੀਤਾ ਹੋਵੇ। ਨਤੀਜੇ ਵਜੋਂ ਇਹਦੀ ਕਾਰਜ-ਕੁਸ਼ਲਤਾ ਸਿਫਰ ਹੈ। ਇਹਨੇ ਸੁਤੰਤਰਤਾ ਦਿਵਸ 'ਤੇ ਉਸ ਸੈਨਿਕ ਨੂੰ ਮਰਨ ਉਪਰੰਤ ਪਰਮਵੀਰ ਚੱਕਰ ਦੇ ਦਿੱਤਾ ਜਿਹੜਾ ਅਜੇ ਹਸਪਤਾਲ ਵਿਚ ਚੰਗਾ ਭਲਾ ਸੀ। ਸਿਵਾਏ ਦਮਨ ਤੋਂ ਸਾਡੀ ਰਿਆਸਤ ਕੁਝ ਨਹੀਂ ਕਰ ਸਕਦੀ। ਜੇ ਪ੍ਰਸ਼ਾਸਕੀ ਪਤਨ ਦੀ ਇਹੀ ਰਫਤਾਰ ਰਹੀ ਤਾਂ ਕਿਸੇ ਦਿਨ ਇੰਨੇ ਜੋਗੀ ਵੀ ਨਹੀਂ ਰਹਿਣਾ।

ਕਿਸੇ ਪੇਸ਼ੀਨ-ਗੋਈ ਦੀ ਲੋੜ ਨਹੀਂ, ਸਗੋਂ ਨਿਤਾਪ੍ਰਤੀ ਅਨੁਭਵ ਦੀ ਗੱਲ ਹੈ ਕਿ ਕਲਪਿਤ ਰਿਆਸਤ ਤਾਂ ਕਾਇਮ ਹੈ ਪਰ ਯਥਾਰਥ ਦੀ ਰਿਆਸਤ ਕਿਤੇ ਨਜ਼ਰ ਨਹੀਂ ਆਉਂਦੀ, ਜਿਸ ਕਰਕੇ ਕਿਤੇ ਨਾ ਕਿਤੇ ਵਿਸਫੋਟ ਹੁੰਦਾ ਰਹਿੰਦਾ ਹੈ, ਕੀ ਸਿਰਸੇ ਦੇ ਡੇਰੇ ਦਾ, ਕੀ ਵੀਆਨਾ ਪ੍ਰਭਾਵਤ 'ਸੱਚ-ਖੰਡ' ਦਾ, ਕੀ ਥਾਣੇ ਦਾ ਘਿਰਾਓ ਹੈ, ਕੀ ਕਿਸਾਨ ਰੇਲ ਰੋਕੀ ਬੈਠੇ ਹਨ, ਜਾਂ ਪੁਲਸ ਦੀ ਹਿਰਾਸਤ 'ਚ ਬੰਦਾ ਮਰ ਜਾਂਦਾ ਹੈ।

ਜਿਵੇਂ ਸ਼ੇਰ ਦਾ ਢਿੱਡ ਨਰਮ ਹੁੰਦਾ ਹੈ ਜਿੱਥੇ ਸਹਿਜੇ ਹੀ ਜ਼ਖਮ ਲੱਗ ਜਾਂਦਾ ਹੈ। ਇੰਝ ਹੀ ਕਾਂਗਰਸ ਦੀ ਧਰਮ-ਨਿਰਪੱਖਤਾ ਵਿਚ ਹਿੰਦੂ ਸੰਪਰਦਾਇਕ ਸੁਰ ਉਭਰਦੀ ਰਹੀ ਹੈ। ਇਹ ਗੱਲ ਤਾਂ ਮੌਲਾਨਾ ਆਜ਼ਾਦ India Wins Freedom ਵਿਚ ਕਹੀ ਜਾਂਦਾ ਹੈ। ਫੇਰ 1950-ਹਾਂ ਵਿਚ ਹੀ ਕਾਂਗਰਸ ਦੇ ਹਿੰਦੂ ਲੀਡਰਾਂ ਨੇ ਸੋਮਨਾਥ ਮੰਦਰ ਦਾ ਸ਼ਾਨਦਾਰ ਪੁਨਰ-ਨਿਰਮਾਣ ਕੀਤਾ। ਸੰਨ 1992 ਵਿਚ ਬਾਬਰੀ ਮਸਜਿਦ ਢਾਹੀ ਗਈ ਜਿਸ ਨੂੰ ਕਾਂਗਰਸੀ ਪ੍ਰਧਾਨ ਮੰਤਰੀ ਸੁਤਉਨੀਂਦਾ ਵੇਖਦਾ ਰਿਹਾ। ਨਤੀਜੇ ਵਜੋਂ ਦੋ ਹਜ਼ਾਰ (ਬਹੁਤੇ ਮੁਸਲਮਾਨ) ਮਰੇ ਜਿਸਦਾ ਬਦਲਾ ਮੁਸਲਮਾਨ ਗੈਂਗਸਟਰਜ਼ ਨੇ ਬੰਬਈ 'ਚ ਬੰਬ ਧਮਾਕਿਆਂ ਨਾਲ ਲਿਆ ਅਤੇ ਤਿੰਨ ਸੌ ਨਾਗਰਿਕ ਮਾਰੇ ਗਏ। ਨੀਤੀ ਸਰਕਾਰ ਦੀ, ਮਰਨਾ ਸ਼ਹਿਰੀਆਂ ਦਾ।

ਸੰਨ 1984 ਵਿਚ ਫਾਰੂਕ ਅਬਦੁੱਲਾ ਦੀ ਸਰਕਾਰ ਤੋੜਕੇ ਅਤੇ ਦਰਬਾਰ ਸਾਹਿਬ 'ਤੇ ਹਮਲਾ ਕਰਕੇ ਜਵਾਹਰ ਲਾਲ ਨਹਿਰੂ ਦੇ ਧਰਮਨਿਰਪੱਖ ਰਾਸ਼ਟਰਵਾਦ ਨੂੰ ਧੀ ਨੇ ਹਿੰਦੂ ਰਾਸ਼ਟਰਵਾਦ ਬਣਾ ਦਿੱਤਾ। ਨਾਅਰਾ ਉਦੋਂ ਅਤੇ ਹੁਣ ਵੀ ਦੇਸ਼ ਦੀ ਅਖੰਡਤਾ ਦਾ ਹੈ। ਭਾਵੇਂ ਲੀਡਰ ਆਪ ਮੁਲਕ ਦੀ ਆਬਾਦੀ ਦੇ ਟੁਕੜੇ ਕਰੀ ਜਾਣ।

ਦੇਸ਼ ਦੀ ਨਾਂਉ ਮਾਤਰ ਧਰਮ-ਨਿਰਪੱਖਤਾ ਦਲਿਤਾਂ ਨੇ ਬਚਾ ਕੇ ਰੱਖੀ ਹੋਈ ਹੈ। ਜੇ ਕਿਤੇ ਇਹ ਸੰਸਕ੍ਰਿਤ-ਣ (Sanskritization) ਮਗਰ ਪੈ ਜਾਂਦੇ ਤਾਂ ਲੁਟੀਆ ਡੁੱਬ ਗਈ ਸੀ। ਸੰਸਕ੍ਰਿਤ-ਣ

ਦਾ ਸਮਾਜ ਵਿਗਿਆਨਕ ਅਰਥ ਉੱਚ ਜਾਤੀਆਂ ਦੀਆਂ ਰਹੁ-ਰੀਤਾਂ ਨੂੰ ਅਪਣਾਉਣਾ ਹੈ। ਦੂਜੇ ਪਾਸੇ ਇਹ ਵੀ ਕਿਹਾ ਜਾ ਸਕਦਾ ਹੈ ਦੇਸ਼ ਵਿਚ 'ਦਲਿਤ ਆਵਾਜ਼' ਦਾ ਉਭਰਨਾ ਭਾਰਤੀ ਲੋਕਤੰਤਰ ਦੀ ਵੱਡੀ ਪ੍ਰਾਪਤੀ ਹੈ।

ਮੰਦੇ ਭਾਗਾਂ ਨੂੰ ਮੈਨੂੰ ਤਾਂ ਰਾਸ਼ਟਰੀ ਸਵੈਮ-ਸੇਵਕ ਸੰਘ ਦੀ ਸ਼ਕਤੀ ਅਤੇ ਜੱਥੇਬੰਦੀ ਦਾ ਕੋਈ ਖ਼ਿਆਲ ਨਹੀਂ ਸੀ। ਜੇ ਪਾਠਕ ਨੂੰ ਵਧੇਰੇ ਪਤਾ ਸੀ ਤਾਂ ਖੁਸ਼ੀ ਦੀ ਗੱਲ ਹੈ। ਇਹਦੇ ਸਪਤਾਹਕ ਪੰਚਜਨਯ ਦੀ ਸਰਕੂਲੇਸ਼ਨ 90 ਹਜ਼ਾਰ ਹੈ। ਸੰਨ 2000 ਵਿਚ ਰ.ਸ.ਸ. ਦੇ ਬਾਨੀ ਦੇ ਜਨਮ ਦਿਨ 'ਤੇ ਨਾਗਪੁਰ ਵਿਚ ਸੱਠ ਹਜ਼ਾਰ ਨਿੱਕਰ-ਧਾਰੀਆਂ ਨੇ ਹਿੱਸਾ ਲਿਆ। ਮੁਲਕ ਭਰ ਵਿਚ ਇਹਦੀਆਂ 45 ਹਜ਼ਾਰ ਸ਼ਾਖਾਵਾਂ ਹਨ। ਨਾਗਪੁਰ ਨੇੜੇ ਗੋ-ਮੂਤਰ 'ਚੋਂ ਔਸ਼ਧੀਆਂ ਕੱਢਣ ਦਾ ਕਾਰਖਾਨਾ ਹੈ। ਅਮਰੀਕਾ ਵਿਚ ਗੋ-ਮੂਤਰ ਦਾ (Patent) ਪੇਟੈਂਟ ਲਿਆ ਹੋਇਆ ਹੈ। ਇਹ ਵੀ ਕਨਸੋ ਹੈ ਕਿ ਇਹਨੇ ਕੇਵਲ 18 ਮਹੀਨਿਆਂ ਵਿਚ ਕੇਂਦਰੀ ਭਾਰਤ ਦੇ ਕਬਾਇਲੀ ਖਿੱਤੇ (Tribal Areas) ਵਿਚ 35 ਹਜ਼ਾਰ ਤ੍ਰਿਸ਼ੂਲ ਵੰਡੇ ਸੀ। ਹਿੰਦੂ ਨਿਰ-ਵਾਸੀ ਭਾਰਤੀ (NRI) ਹਿੰਦੂ ਵਿਸ਼ਵ ਪਰਿਸ਼ਦ ਦੀ ਬਹੁਤ ਮਦਦ ਕਰਦੇ ਹਨ। ਇਕ ਤਾਂ ਗਿਣਤੀ ਜ਼ਿਆਦਾ, ਦੂਜੇ ਮੁਕਾਬਲਤਨ ਹੋਰਾਂ ਨਾਲੋਂ ਅਮੀਰ ਹਨ। ਇਹਨਾਂ ਦੀ ਹਿੰਦੂ ਸੰਪਰਦਾਇਕਤਾ ਨੂੰ ਮਦਦ ਸਿੱਖ ਐਨ. ਆਈ. ਆਰ. ਵੱਲੋਂ ਖਾਲਸਤਾਨ ਹਿੱਤ ਦਿੱਤੀ ਸਹਾਇਤਾ ਨਾਲੋਂ ਕਿਤੇ ਜ਼ਿਆਦਾ ਹੈ।

ਡੋਮ ਮੌਰੇਜ਼ (Dom Moraes) ਇੰਦਰਾ ਗਾਂਧੀ ਦੀ ਜੀਵਨੀ ਲਿਖਣ ਲਈ ਖੋਜ ਕਰ ਰਿਹਾ ਸੀ। ਆਨੰਦ ਭਵਨ ਦੇ ਰਾਖਿਆਂ ਨੇ ਉਹਨੂੰ ਦੋ ਪੁਰਾਣੇ ਨੌਕਰ ਮਿਲਾ ਦਿੱਤੇ। ਬਿੱਛੂ 'ਝੜ ਝੜ ਪੈਂਦੀਆਂ ਹੱਡੀਆਂ' ਦਾ ਰੂਪ ਸੀ। ਇਹ ਕਦੇ ਆਪਣੀ ਘਰ ਵਾਲੀ ਸੋਨੀਆ ਨੂੰ ਕੁੱਟਦਾ ਹੁੰਦਾ ਸੀ। ਸੋਨੀਆਂ ਅੰਨ੍ਹੀ ਹੋ ਗਈ ਤਾਂ ਬਿੱਛੂ ਨੇ ਆਦਤ ਬਦਲ ਲਈ। ਬਿੱਛੂ ਰੌਦਾ ਕਰਦਾ ਵਿਚੋਂ ਸੋਨੀਆਂ ਨੂੰ ਡਾਂਟਦਾ ਰਿਹਾ। ਜਦ ਡੌਮ ਨੇ ਇੰਦਰਾ ਦੀ 1977 ਵਿਚ ਹਾਰ ਦੀ ਗੱਲ ਕੀਤੀ ਤਾਂ ਬਿੱਛੂ ਦੀਆਂ ਡਾਡਾਂ ਨਿੱਕਲ ਗਈਆਂ। ਇੰਦਰਾ ਨੇ ਉਹਨੂੰ ਪੈਨਸ਼ਨ ਲਾਉਣ ਦਾ ਭਰੋਸਾ ਦਿੱਤਾ ਸੀ ਜਿਹੜਾ 9 ਸਾਲ ਦੇ ਰਾਜ ਵਿਚ ਤਾਂ ਪੂਰਾ ਨਾ ਹੋਇਆ, ਹਾਰ ਕੇ ਤਾਂ ਕਿੱਥੋਂ ਹੋਣਾ ਸੀ। ਹਮਦਰਦੀ ਵਜੋਂ ਡੌਮ ਮੋਟੀ ਬਖਸ਼ੀਸ਼ ਦੇਣ ਲੱਗਿਆ ਤਾਂ ਬਿੱਛੂ ਦਾ ਸੁਕੜ ਹੱਥ ਵਧਿਆ ਰਹਿ ਗਿਆ ਤੇ ਅੰਨ੍ਹੀ ਸੋਨੀਆ ਝਪਟਾ ਮਾਰ ਕੇ ਲੈ ਗਈ ਤੇ ਬਿੱਛੂ ਸਗੋਂ ਧਾਹਾਂ ਮਾਰਨ ਲੱਗਿਆ।

'ਗਰੀਬੀ ਹਟਾਓ' ਵਾਲੀ ਇੰਦਰਾ ਤੋਂ ਘਰੇਲੂ ਚਾਕਰਾਂ ਦਾ ਤਾਂ ਕੁਝ ਨਹੀਂ ਹੋ ਸਕਿਆ, ਮੁਲਕ 'ਚੋਂ ਗ਼ਰੀਬੀ ਕੱਢ ਦਿੱਤੀ ਹੋਵੇ ਤਾ ਕੁਝ ਕਿਹਾ ਨਹੀਂ ਜਾ ਸਕਦਾ।

ਪ੍ਰਧਾਨ ਕਲਿੰਟਨ ਭਾਰਤ ਆਇਆ ਤਾਂ ਵਾਜਪਾਈ ਅਧੀਨ ਬੀ. ਜੇ. ਪੀ. ਦੀ ਸਰਕਾਰ ਦੀ ਖੁਫ਼ੀਆ ਏਜੰਸੀ ਨੇ ਇਕ ਰਾਤ ਚਿੱਟੀ ਸਿੰਘਪੁਰ ਕਸ਼ਮੀਰ ਵਿਚ 35 ਸਿੱਖ ਮਾਰ ਦਿੱਤੇ ਤਾਂ ਜੁ ਕਲਿੰਟਨ 'ਤੇ ਪ੍ਰਭਾਵ ਪੈ ਸਕੇ ਕਿ ਪਾਕਿਸਤਾਨ ਕਸ਼ਮੀਰੀ ਵੱਖਵਾਦੀਆਂ ਦੀ ਮਦਦ ਕਰ ਰਿਹਾ।

ਕਲਿੰਟਨ ਨੇ ਭਾਰਤ ਵਿਚ ਹੀ ਅੱਧੀ ਗੱਲ ਕਹਿ ਦਿੱਤੀ ਸੀ ਕਿ ਚਿੱਟੀਸਿੰਘਪੁਰ ਦੇ ਕਤਲਆਮ 'ਚ ਪਾਕਿਸਤਾਨ ਦਾ ਕੋਈ ਹੱਥ ਨਹੀਂ। ਬਾਕੀ ਦੀ ਅੱਧੀ ਉਹਨੇ Madlleine Albright ਸੈਕਟਰੀ ਆਫ ਸਟੇਟ ਦੀ ਕਿਤਾਬ Mighty and the Almighty ਦੀ ਭੂਮਿਕਾ ਵਿਚ ਕਹੀ ਹੈ। ਉਹਦਾ ਕਹਿਣਾ ਹੈ:

During my visit to India in 2000, some Hindu militants decided to vent their outrage by murdering thirty-eight sikhs in cold blood. If I hadn't made the trip, the victims would probably be still alive.

ਹੋਰ ਤਫ਼ਤੀਸ਼ ਦਾ ਵੇਰਵਾ ਪੰਕਜ ਮਿਸ਼ਰੇ ਦੀ ਕਿਤਾਬ ਤੋਂ ਮਿਲ ਜਾਂਦਾ ਹੈ।

ਪਾਠਕ ਪੁੱਛ ਸਕਦਾ ਹੈ ਕਿ (1) ਭਾਰਤੀ ਸਟੇਟ ਦਾ ਆਪਣੇ ਹੀ 35 ਨਾਗਰਿਕਾਂ ਨੂੰ ਕਤਲ

ਕਰਨ ਦਾ ਕੀ ਮਤਲਬ ਹੈ ਤਾਂ ਜੁ ਅਮਰੀਕੀ ਪ੍ਰਧਾਨ 'ਤੇ ਗ਼ਲਤ ਪ੍ਰਭਾਵ ਪਾਇਆ ਜਾ ਸਕੇ (2) ਅਤੇ ਅਜਿਹਾ ਪ੍ਰਭਾਵ ਪੈ ਵੀ ਨਹੀਂ ਸਕਿਆ।

ਏਸ ਕਤਲਆਮ ਦੀ ਅੱਜ ਤਕ ਕੋਈ ਪ੍ਰਸ਼ਾਸਕੀ ਜਾਂ ਨਯਾਪਾਲਕ ਪੜਤਾਲ ਨਹੀਂ ਹੋਈ। ਮੇਰਾ ਅਨੁਮਾਨ ਹੈ ਕਿ ਕਿਸੇ ਵੀ ਸਿੱਖ ਪਾਰਟੀ ਨੇ ਚਿੱਟੀਸਿੰਘਪੁਰ ਦੇ ਮਕਤੂਲਾਂ ਲਈ ਹਾਅ ਦਾ ਨਾਅਰਾ ਨਹੀਂ ਮਾਰਿਆ। ਬੇਗਾਨੀ ਮਾਨਵੀ ਹੱਕਾਂ ਦੀਆਂ ਸੰਸਥਾਵਾਂ ਨੂੰ ਕੌਣ ਪੁੱਛਦਾ?

ਚਿੱਟੀਸਿੰਘਪੁਰ ਦਾ ਸਾਕਾ ਅੱਜੋਕੀ ਭਾਰਤੀ ਰਾਜਨੀਤੀ ਦਾ ਨਕਸ਼ਾ ਹੈ। ਇਹਦਾ ਕੀ ਆਚਾਰ ਹੈ, ਕਿਹੜੀਆਂ ਕੀਮਤਾਂ ਹਨ, ਕਿੰਨੀ ਕੁਸ਼ਲ ਹੈ ਅਤੇ ਭਵਿੱਖ ਵਿਚ ਇਸ ਤੋਂ ਕੀ ਆਸ ਰੱਖੀ ਜਾ ਸਕਦੀ ਹੈ?

ਚੁਰਾਸੀ ਦੇ ਦਿੱਲੀ ਦੰਗਾ ਪੀੜਤਾਂ ਦਾ 2009 ਵਿਚ ਵੀ ਰੌਲਾ ਮੁੱਕਿਆ ਨਹੀਂ। ਸ਼ਾਇਦ ਸੰਨ 2034 ਵਿਚ ਚਿੱਟੀਸਿੰਘਪੁਰ ਕਤਲ ਹੋਏ ਸਿੱਖਾਂ ਦੀ ਕੋਈ ਚਾਰਾਜੋਈ ਸ਼ੁਰੂ ਹੋਵੇ।

ਅੰਤ ਵਿਚ ਬੇਨਤੀ ਹੈ ਕਿ 'ਸਿਰਜਣਾ' ਦੇ ਅਮਰੀਕੀ ਵਲਾਇਤੀ ਪਾਠਕ ਤਾਂ ਕਿਤਾਬ ਨੂੰ ਵਾਚਣ ਦਾ ਉੱਦਮ ਕਰ ਸਕਦੇ ਹਨ। ਭਾਰਤੀ ਮੀਡੀਆ ਨੇ, ਨਾ ਸਾਕੇ ਦੀ ਠੀਕ ਖ਼ਬਰ ਦਿੱਤੀ ਹੈ, ਨਾ ਏਸ ਕਿਤਾਬ ਦੀ ਗੱਲ ਕਰਨੀ ਹੈ। ਜੇਹੀ ਆਸ ਰਿਆਸਤ 'ਤੇ ਹੈ ਉਹੋ ਜੇਹੀ ਮੀਡੀਆ ਅਤੇ ਰਾਜ-ਸ਼੍ਰੇਣੀ 'ਤੇ ਰੱਖਣੀ ਚਾਹੀਦੀ ਹੈ।

-**ਸੁਰਜੀਤ ਹਾਂਸ**

ਪ੍ਰਾਪਤ ਪੁਸਤਕਾਂ

ਵਿਗੋਚਾ (ਨਾਵਲ) ਜਰਨੈਲ ਸਿੰਘ ਸੇਖਾ
ਪੰਨੇ 324, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ, ਲੁਧਿਆਣਾ

ਸਾਊਥਾਲ (ਨਾਵਲ) ਹਰਜੀਤ ਅਟਵਾਲ
ਪੰਨੇ 295, ਮੁੱਲ 250 ਰੁਪਏ, ਲੋਕ ਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਰੁਲਦੂ ਦੀ ਆਕਾਸ਼ ਗੰਗਾ (ਨਾਵਲ) ਮੁਖਤਿਆਰ ਸਿੰਘ
ਪੰਨੇ 127, ਮੁੱਲ 140 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ

ਕਿਸ ਪਛਾਤਾ ਸੱਚ (ਨਾਵਲ) ਰਾਜਿੰਦਰ ਕੌਰ
ਪੰਨੇ 151, ਮੁੱਲ 175 ਰੁਪਏ, ਲੋਕ ਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਸਰਗੋਸ਼ੀਆਂ-1, ਮੇਰੀ ਸਹੁੰ (ਰੇਖਾ ਚਿਤਰ) ਗੁਲਜ਼ਾਰ ਸਿੰਘ ਸੰਧੂ
ਪੰਨੇ 240, ਮੁੱਲ 200 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਮਿੱਟੀ ਦਾ ਆਕ੍ਰੋਸ਼ (ਕਾਵਿ ਸੰਗ੍ਰਹਿ) ਸੁਰਜੀਤ ਹਾਂਸ
ਪੰਨੇ 104, ਮੁੱਲ 150 ਰੁਪਏ, ਟਵੈਂਟੀ ਫਸਟ ਸੈਂਚਰੀ ਪਬਲੀਕੇਸ਼ਨਜ਼, ਪਟਿਆਲਾ

ਸਤਿਪੁਰਖੁ ਸੰਗ ਸੰਵਾਦ: ਸਗਲ ਭਵਨ ਕੇ ਨਾਇਕਾ! (ਕਾਵਿ ਸੰਗ੍ਰਹਿ) ਕਰਤਾਰ ਸਿੰਘ ਦੁੱਗਲ
ਪੰਨੇ 112, ਮੁੱਲ 150 ਰੁਪਏ, ਪੰਜਾਬੀ ਸਾਹਿਤ ਸਭਾ, ਰਾਊਜ਼ ਐਵਿਨਿਊ, ਨਵੀਂ ਦਿੱਲੀ

ਮੰਤਰ ਮੁਗਦ (ਕਾਵਿ ਸੰਗ੍ਰਹਿ) ਪ੍ਰਭਜੋਤ ਕੌਰ
ਪੰਨੇ 83, ਮੁੱਲ 85 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

ਬਲੈਕ ਹੋਲ (ਲੰਮੀ ਕਵਿਤਾ) ਲਖਵਿੰਦਰ ਜੌਹਲ
ਪੰਨੇ 64, ਮੁੱਲ 80 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਘਾਹ ਦੀਆਂ ਪੱਤੀਆਂ (ਕਾਵਿ ਸੰਗ੍ਰਹਿ) ਵਾਲਟ ਵਿਟਮੈਨ, ਅਨੁਵਾਦ: ਗੁਰਬਖ਼ਸ਼ ਸਿੰਘ
ਪੰਨੇ 260, ਮੁੱਲ 125 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

ਮਹਾਂ ਕੰਬਣੀ (ਕਾਵਿ ਸੰਗ੍ਰਹਿ) ਦਰਸ਼ਨ ਬੁੱਟਰ
ਪੰਨੇ 95, ਮੁੱਲ 100 ਰੁਪਏ, 5$, ਲੋਕ ਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਝੀਲ ਵਾਂਗ ਰੁਕੋ (ਕਾਵਿ ਸੰਗ੍ਰਹਿ) ਪਰਮਿੰਦਰ ਸੋਢੀ
ਪੰਨੇ 100, ਮੁੱਲ 130 ਰੁਪਏ, ਲੋਕ ਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਬਿਰਹਾ ਮੇਰਾ ਸਾਈਂ (ਕਾਵਿ ਸੰਗ੍ਰਹਿ) ਹਰਸਿਮਰਨ ਸਿੰਘ
ਪੰਨੇ 136, ਮੁੱਲ 150 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ

ਢਾਈ ਕਦਮ (ਕਾਵਿ ਸੰਗ੍ਰਹਿ) ਕਰਤਾਰ ਕੈਂਥ, ਸੰਪਾਦਕ: ਜਗੀਰ ਸਿੰਘ ਜਗਤਾਰ
ਪੰਨੇ 160, ਮੁੱਲ 150 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ

ਜੀਵਨ ਜੋਤ (ਕਾਵਿ ਸੰਗ੍ਰਹਿ) ਕੀਰਤ ਸਿੰਘ ਤਪੀਆ
ਪੰਨੇ 80, ਮੁੱਲ 100 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ

ਨਿੱਜ ਤੋਂ ਪਰ ਵੱਲ (ਕਾਵਿ ਸੰਗ੍ਰਹਿ) ਮਲਕੀਤ ਜੌੜਾ
ਪੰਨੇ 96, ਮੁੱਲ 120 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ

ਮੈਂ ਤੋਂ ਤੂੰ ਤਕ (ਕਾਵਿ ਸੰਗ੍ਰਹਿ) ਅਮਰਜੀਤ ਕੌਰ ਜੌਹਲ
ਪੰਨੇ 104, ਮੁੱਲ 120 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰ ਮ੍ਰਿਤਸਰ

ਅੱਖਰ ਅੱਖਰ ਕਸਤੂਰੀ (ਕਾਵਿ ਸੰਗ੍ਰਹਿ ਗੁਰਮੁਖੀ ਤੇ ਸ਼ਾਹਮੁਖੀ ਲਿੱਪੀ) ਗਿੱਲ ਮੋਰਾਂਵਾਲੀ
ਪੰਨੇ 296, ਮੁੱਲ 325 ਰੁਪਏ, ਨੈਸ਼ਨਲ ਬੁੱਕ ਸ਼ਾਪ, ਪਲਈਅਰ ਗਾਰਡਨ ਮਾਰਕੀਟ, ਚਾਂਦਨੀ ਚੌਂਕ, ਦਿੱਲੀ

ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) ਚਰਨ ਸਿੰਘ
ਪੰਨੇ 120, ਮੁੱਲ 125 ਰੁਪਏ, ਕੁਕਨੁਸ ਪ੍ਰਕਾਸ਼ਨ, ਜਲੰਧਰ

ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) ਚਰਨ ਸਿੰਘ
ਪੰਨੇ 120, ਮੁੱਲ 125 ਰੁਪਏ, ਕੁਕਨੁਸ ਪ੍ਰਕਾਸ਼ਨ, ਜਲੰਧਰ

ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) ਚਰਨ ਸਿੰਘ
ਪੰਨੇ 120, ਮੁੱਲ 125 ਰੁਪਏ, ਕੁਕਨੁਸ ਪ੍ਰਕਾਸ਼ਨ, ਜਲੰਧਰ

ਧੁੱਪ ਦੀ ਤਲਾਸ਼ (ਕਾਵਿ ਸੰਗ੍ਰਹਿ) ਨਵਤੇਜ ਗੜ੍ਹਦੀਵਾਲਾ
ਪੰਨੇ 120, ਮੁੱਲ 140 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਚਿਹਰਿਆਂ ਦੇ ਲੈਂਡਸਕੇਪ (ਕਾਵਿ ਸੰਗ੍ਰਹਿ) ਦੇਵਿੰਦਰ ਪੂਨੀਆ
ਪੰਨੇ 80, ਮੁੱਲ 100 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਕੀ ਗ਼ਲਤ ਹੈ,ਕੀ ਸਹੀ (ਕਾਵਿ ਸੰਗ੍ਰਹਿ) ਦੇਵਿੰਦਰ ਪੂਨੀਆ
ਪੰਨੇ 88, ਮੁੱਲ 100 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਰਿਸ਼ਤਿਆਂ ਦੇ ਕੁਰੂਕਸ਼ੇਤਰ (ਕਾਵਿ ਸੰਗ੍ਰਹਿ) ਸੁਰਿੰਦਰਪਾਲ ਕੌਰ ਬਰਾੜ
ਪੰਨੇ 80, ਮੁੱਲ 100 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਸਾਵੇ ਅਕਸ (ਕਾਵਿ ਸੰਗ੍ਰਹਿ) ਰਾਜਿੰਦਰਜੀਤ
ਪੰਨੇ 80, ਮੁੱਲ 90 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

...ਤੇ ਚਿੜੀਆਂ ਉੱਡ ਗਈਆਂ (ਕਾਵਿ ਸੰਗ੍ਰਹਿ) ਇੰਦਰਜੀਤ ਕੌਰ ਸਿੱਧੂ
ਪੰਨੇ 77, ਮੁੱਲ 90 ਰੁਪਏ, 5$, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਧੰਨਵਾਦ! ਧੰਨਵਾਦ! ਧੰਨਵਾਦ! (ਕਾਵਿ ਸੰਗ੍ਰਹਿ) ਰਵਿੰਦਰ ਸਿੰਘ ਸੋਢੀ
ਪੰਨੇ 104, ਮੁੱਲ 140 ਰੁਪਏ, ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ, ਦਿੱਲੀ

ਗੁੰਬਦ (ਕਾਵਿ ਸੰਗ੍ਰਹਿ) ਜਸਬੀਰ ਕਾਲਰਵੀ
ਪੰਨੇ 96, ਮੁੱਲ 100 ਰੁਪਏ, 16$, ਹਰਕਾਰਾ ਪ੍ਰਕਾਸ਼ਨ, ਮਾਡਲ ਟਾਊਨ, ਜਲੰਧਰ

ਸਿਲ੍ਹੀ ਸਿਲ੍ਹੀ ਹਵਾ (ਗੀਤ ਸੰਗ੍ਰਹਿ) ਅਮਰਦੀਪ ਗਿੱਲ
ਪੰਨੇ 160, ਮੁੱਲ 175 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਨੰਗੇ ਪੈਰੀਂ ਪੌਣ (ਪ੍ਰਗੀਤਕ ਕਾਵਿ) ਮਨਜੀਤ ਮੀਤ
ਪੰਨੇ 120, ਮੁੱਲ 140 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਹਿਜਰ ਵਸਲ ਦੇ ਗੀਤ (ਗੀਤ ਕਾਵਿ) ਹਰਭਜਨ ਸਿੰਘ ਮਾਂਗਟ
ਪੰਨੇ 96, ਮੁੱਲ 150 ਰੁਪਏ, 5$, ਨੈਸ਼ਨਲ ਬੁੱਕ ਸ਼ਾਪ, ਪਲਈਅਰ ਗਾਰਡਨ ਮਾਰਕੀਟ, ਚਾਂਦਨੀ ਚੌਂਕ, ਦਿੱਲੀ

ਨਿਸਚੈ ਕਰਿ ਆਪਨੀ ਜੀਤ ਕਰੋਂ (ਵਾਰਾਂ) ਬਲਵੰਤ ਸਿੰਘ ਮੁਸਾਫ਼ਿਰ
ਪੰਨੇ 112, ਮੁੱਲ 140 ਰੁਪਏ, ਰਘਬੀਰ ਰਚਨਾ ਪ੍ਰਕਾਸ਼ਨ, ਸੈਕਟਰ 15-ਡੀ, ਚੰਡੀਗੜ੍ਹ

ਸੁੱਚੇ ਤਿੱਲੇ ਦੀਆਂ ਤਾਰਾਂ (ਗ਼ਜ਼ਲਗੋ ਨਾਰਾਂ) ਸੰਪਾਦਕ : ਸੁਲੱਖਣ ਸਰਹੱਦੀ, ਗਿੱਲ ਮੋਰਾਂਵਾਲੀ
ਪੰਨੇ 248, ਮੁੱਲ 300 ਰੁਪਏ, ਨੈਸ਼ਨਲ ਬੁੱਕ ਸ਼ਾਪ, ਪਲਈਅਰ ਗਾਰਡਨ ਮਾਰਕੀਟ, ਚਾਂਦਨੀ ਚੌਂਕ, ਦਿੱਲੀ

ਕਣੀਆਂ (ਹਾਇਕੂ) ਦੇਵਿੰਦਰ ਪੂਨੀਆ
ਪੰਨੇ 88, ਮੁੱਲ 60 ਰੁਪਏ, ਗ੍ਰੇਸ਼ਿਅਸ ਬੁਕਸ, ਪਟਿਆਲਾ

ਪੰਜਾਬੀ ਕਹਾਣੀ ਦਾ ਸਫਰ ਤੇ ਸ਼ਾਸਤ੍ (ਆਲੋਚਨਾ) ਜੋਗਿੰਦਰ ਸਿੰਘ ਰਾਹੀ, ਰਮਿੰਦਰ ਕੌਰ
ਪੰਨੇ 223, ਮੁੱਲ 200 ਰੁਪਏ, ਸਿੰਘ ਬ੍ਰਦਰਜ਼, ਸਿਟੀ ਸੈਂਟਰ, ਅੰਮ੍ਰਿਤਸਰ

ਪਾਠ ਤੇ ਪ੍ਰਸੰਗ-ਬਾਬਲ ਜਾਈ ਕੀ ਕਰੇ (ਆਲੋਚਨਾ) ਸੰਪਾਦਕ : ਡਾ. ਹਰਚੰਦ ਸਿੰਘ ਬੇਦੀ, ਡਾ.ਰਮਿੰਦਰ ਕੌਰ
ਪੰਨੇ 200, ਮੁੱਲ 250 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਰਵਿੰਦਰ ਰਵੀ ਦੀ ਕਹਾਣੀ: ਸਭਿਆਚਾਰਕ ਪਰਿਵੇਸ਼ (ਆਲੋਚਨਾ) ਡਾ.ਗੁਰਜੰਟ ਸਿੰਘ
ਪੰਨੇ 190, ਮੁੱਲ 250 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਮਖੌਟੇ ਤੇ ਹਾਦਸੇ (ਕਾਵਿ-ਨਾਟਕ) ਰਵਿੰਦਰ ਰਵੀ
ਪੰਨੇ 176, ਮੁੱਲ 225 ਰੁਪਏ, ਨੈਸ਼ਨਲ ਬੁੱਕ ਸ਼ਾਪ, ਪਲਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿੱਲੀ

ਤਪਸ਼ (ਨਾਟਕ) ਦਵਿੰਦਰ ਦਮਨ
ਪੰਨੇ 72, ਮੁੱਲ 100 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,ਅੰਮ੍ਰਿਤਸਰ

ਜੰਗਲਮ ਮੰਗਲਮ (ਨਾਟਕ) ਕੇਵਲ ਧਾਲੀਵਾਲ
ਪੰਨੇ 126, ਮੁੱਲ 140 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ

ਪ੍ਰਗਟ ਗੁਰਾਂ ਕੀ ਦੇਹ (ਨਾਟਕ) ਗੁਰਿੰਦਰ ਸਿੰਘ ਮਕਨਾ
ਪੰਨੇ 120, ਮੁੱਲ 125 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ

ਸੂਰਾ ਸੋ ਪਹਿਚਾਨੀਐ (ਨਾਟਕ) ਰਵਿੰਦਰ ਸਿੰਘ ਸੋਢੀ
ਪੰਨੇ 99, ਮੁੱਲ 140 ਰੁਪਏ, ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ

ਗੜ੍ਹੀ ਬਖਸ਼ਾ ਸਿੰਘ (ਕਹਾਣੀ ਸੰਗ੍ਰਹਿ) ਲਾਲ ਸਿੰਘ
ਪੰਨੇ 136, ਮੁੱਲ 150 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਚੋਣਵੀਂ ਕਹਾਣੀ (ਕਹਾਣੀ ਸੰਗ੍ਰਹਿ) ਖੁਸ਼ਵੰਤ ਸਿੰਘ
ਪੰਨੇ 124, ਮੁੱਲ 75 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

ਘਰ ਵਾਪਸੀ (ਕਹਾਣੀ ਸੰਗ੍ਰਹਿ) ਮਹਿੰਦਰਪਾਲ ਸਿੰਘ
ਪੰਨੇ 96, ਮੁੱਲ 80 ਰੁਪਏ, ਸੜਕਨਾਮਾ ਪ੍ਰਕਾਸ਼ਨ, ਨਛੱਤਰ ਸਿੰਘ ਧਾਲੀਵਾਲ ਭਵਨ, ਮੋਗਾ

ਰੱਬ ਵਰਗੇ ਬੰਦੇ (ਕਹਾਣੀ ਸੰਗ੍ਰਹਿ) ਜਗਮੀਤ ਸਿੰਘ ਪੰਧੇਰ
ਪੰਨੇ 88, ਮੁੱਲ 100 ਰੁਪਏ, ਸੜਕਨਾਮਾ ਪ੍ਰਕਾਸ਼ਨ, ਨਛੱਤਰ ਸਿੰਘ ਧਾਲੀਵਾਲ ਭਵਨ, ਮੋਗਾ

ਸੋਨੇ ਦੀਆਂ ਵਾਲੀਆਂ (ਕਹਾਣੀ ਸੰਗ੍ਰਹਿ) ਰਣਧੀਰ ਸਿੰਘ ਸੰਧੂ
ਪੰਨੇ 327, ਮੁੱਲ 300 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ

ਪੂਰਬ ਦੀ ਲੋਅ (ਮਿਨੀ ਕਹਾਣੀਆਂ) ਸੁਰਿੰਦਰ ਕੈਲੇ
ਪੰਨੇ 88, ਮੁੱਲ 100 ਰੁਪਏ, ਅਣੂ ਮੰਚ, ਲੁਧਿਆਣਾ

ਸੋਚ ਦਾ ਸਫਰ-2 (ਵਾਰਤਕ) ਪੂਰਨ ਸਿੰਘ
ਪੰਨੇ 252,ਮੁੱਲ 125 ਰੁਪਏ, ਸਿੰਘ ਬ੍ਰਦਰਜ਼, ਸਿਟੀ ਸੈਂਟਰ, ਅੰਮ੍ਰਿਤਸਰ

ਵਿਸ਼ਵ ਵਿਆਪੀ ਆਰਥਿਕ ਮੰਦੀ (ਵਾਰਤਕ) ਡਾ.ਅਜੀਤਪਾਲ ਸਿੰਘ ਐਮ.ਡੀ.
ਪੰਨੇ 168,ਮੁੱਲ 100 ਰੁਪਏ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ

ਸਾਮਰਾਜੀ ਜੋਕਾਂ (ਵਾਰਤਕ) ਡਾ.ਅਜੀਤਪਾਲ ਸਿੰਘ ਐਮ.ਡੀ.
ਪੰਨੇ 184, ਮੁੱਲ 100 ਰੁਪਏ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ

ਆਓ ਕੰਪਿਊਟਰ ਸਿੱਖੀਏ (ਵਾਰਤਕ) ਕਿਰਪਾਲ ਸਿੰਘ ਪੰਨੂੰ
ਪੰਨੇ 104, ਮੁੱਲ 100 ਰੁਪਏ, 5$, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ

ਬੰਨੇ ਚੰਨੇ (ਲੇਖ) ਰਿਪੁਦਮਨ ਸਿੰਘ ਰੂਪ
ਪੰਨੇ 100, ਮੁੱਲ 130 ਰੁਪਏ, ਲੋਕ ਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਗੋਬਿੰਦ ਮਿਲਣ ਕੀ ਇਹੁ ਤੇਰੀ ਬਰੀਆ (ਵਾਰਤਕ) ਡਾ. ਸਤਨਾਮ ਸਿੰਘ ਖਾਲਸਾ ਐਡਵੋਕੇਟ
ਪੰਨੇ 132, ਮੁੱਲ 150 ਰੁਪਏ, ਗੁਰੂ ਨਾਨਕ ਲਿਟਰੇਚਰ ਸੈਂਟਰ, ਲਾਲ ਐਵਿਨਿਊ, ਅੰਮ੍ਰਿਤਸਰ

ਬਹੁ-ਭਾਸ਼ਾਈ ਕੈਨੇਡਾ: ਕੌਮੀਅਤਾਂ ਤੇ ਇਤਿਹਾਸ (ਵਾਰਤਕ) ਤ੍ਰਿਲੋਚਨ ਸਿੰਘ ਗਿੱਲ
ਪੰਨੇ 128, ਮੁੱਲ 150 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ

ਪੱਤਰ

ਅਪਰੈਲ-ਜੂਨ 2009 ਦੇ ਸੰਪਾਦਕੀ 'ਚਿੰਤਾਜਨਕ ਰੁਝਾਨ' ਬਾਰੇ ਲਿਖ ਕੇ ਤੁਸੀਂ ਬਹੁਤ ਅਹਿਮ ਅਤੇ ਅੱਜੋਕੇ ਸਮਿਆਂ ਵਿਚ ਬਹੁਤ ਪ੍ਰਸੰਗਕ ਵਿਚਾਰ ਪ੍ਰਗਟਾਏ ਹਨ। ਸੁਖਜੀਤ ਦਾ ਕੁਝ ਕਹਾਣੀਆਂ ਵਿਚ ਸੈਕਸ ਜਿਹੇ ਵਿਸ਼ੇ ਨੂੰ 'ਸਨਸਨੀਖੇਜ਼' ਅਤੇ 'ਸ਼ਾਕ ਟਰੀਟਮੈਂਟ' ਦੇ ਕੇ ਪੇਸ਼ ਕਰਨਾ ਇਹ ਸਿੱਧ ਕਰਦਾ ਹੈ ਕਿ ਸੁਖਜੀਤ ਅਤੇ ਸਾਡੇ ਬਹੁਤ ਸਾਰੇ ਹੋਰ ਲੇਖਕ ਇਹ ਸਮਝਦੇ ਹਨ ਕਿ ਏਦਾਂ ਕਰਕੇ ਉਹ ਛੇਤੀ ਚਰਚਾ ਵਿਚ ਆ ਜਾਂਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ, ਇਹ ਲੇਖਕ ਸਮਰੱਥਾਵਾਨ ਅਤੇ ਸੰਭਾਵਨਾਵਾਂ ਭਰਪੂਰ ਹਨ ਪਰ ਇਹਨਾਂ ਨੇ ਕਈ ਥਾਈਂ ਆਪਣੀ ਸਮਰੱਥਾ ਅਤੇ ਸੰਭਾਵਨਾਵਾਂ ਨੂੰ ਗ਼ਲਤ ਤੇ ਅਸਮਾਜਕ ਪ੍ਰਭਾਵਾਂ ਅਧੀਨ ਵੀ ਵਰਤਿਆ ਹੈ। ਇਹ ਠੀਕ ਹੈ ਕਿ ਕਾਮ, ਅਰਥ, ਮੋਕਸ਼ ਸਾਹਿਤ-ਸਿਰਜਣਾ ਦੇ ਮੁੱਢ ਤੋਂ ਹੀ ਆਕਰਸ਼ਕ ਵਿਸ਼ੇ ਰਹੇ ਹਨ ਪਰ ਸਾਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਇਹਨਾਂ ਦਾ ਜੀਵਨ ਵਿਚ ਉਨਾ ਹੀ ਮੁੱਲ ਹੈ ਜਿੰਨਾ ਇਹ ਤੰਦਰੁਸਤ ਸਮਾਜ ਦੀ ਸਿਰਜਣਾ ਵਿਚ ਹਿੱਸਾ ਪਾ ਸਕਣ। ਅੱਜੋਕੇ ਪ੍ਰਸੰਗ ਵਿਚ ਵਿਸ਼ਾ ਕੋਈ ਵੀ 'ਨਿਸ਼ੇਧ' ਨਹੀਂ ਹੈ ਪਰ ਸਾਰੀ ਗੱਲ ਤਾਂ ਲੇਖਕ ਦੀ ਨੀਯਤ ਜਾਂ ਵਿਸ਼ੇ ਬਾਰੇ ਪਹੁੰਚ ਜਾਂ 'ਟਰੀਟਮੈਂਟ' ਦੀ ਹੁੰਦੀ ਹੈ। ਪ੍ਰੇਮ ਪ੍ਰਕਾਸ਼ ਸਾਡਾ ਵੱਡਾ ਕਹਾਣੀਕਾਰ ਹੈ, ਲੇਕਿਨ ਉਸਦੇ ਅੰਦਰ ਵੀ ਇਕ 'ਸ਼ਰਾਰਤੀ ਬੰਦਾ' ਬੈਠਾ ਹੈ ਜਿਹੜਾ ਨਵੇਂ ਲੇਖਕਾਂ ਨੂੰ ਅਜਿਹੀਆਂ ਰਚਨਾਵਾਂ ਕਰਨ ਲਈ ਉਕਸਾਉਂਦਾ ਰਹਿੰਦਾ ਹੈ। ਪਿਆਰ, ਰੁਮਾਂਸ ਹਮੇਸ਼ਾ ਹੀ ਜ਼ਿੰਦਗੀ ਵਿਚ ਨਵੀਆਂ ਲੀਹਾਂ ਪਾਉਂਦੇ ਰਹੇ ਹਨ ਪਰ ਇਹਨਾਂ ਨੂੰ 'ਕਾਮ-ਕ੍ਰੀੜਾ' ਦੇ ਨਿਸ਼ੰਗ ਵਰਣਨ ਤਕ ਸੀਮਤ ਕਰ ਦੇਣਾ ਕਿਸੇ ਵੀ ਤਰ੍ਹਾਂ ਤਰਕ-ਸੰਗਤ ਨਹੀਂ ਠਹਿਰਾਇਆ ਜਾ ਸਕਦਾ। ਪਰਿਵਾਰਕ, ਸਮਾਜਕ ਰਿਸ਼ਤੇ ਸਭਿਅਤਾ ਦੇ ਵਿਕਾਸ ਦੀ ਨਿਸ਼ਾਨੀ ਹਨ। ਠੀਕ ਹੈ ਕਿਤੇ ਕਿਤੇ ਅਪਵਾਦ ਵੀ ਹੈ ਅਤੇ ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਦਾਗ਼ ਵੀ ਲੱਗ ਰਹੇ ਹਨ ਪਰ ਇਹ ਪੰਜਾਬੀ ਸਮਾਜ ਸਭਿਆਚਾਰ ਦਾ ਕਿਸੇ ਵੀ ਤਰ੍ਹਾਂ ਪ੍ਰਤਿਨਿਧ ਯਥਾਰਥ ਨਹੀਂ ਹਨ। ਤੁਹਾਡੀਆਂ ਇਹਨਾਂ ਗੱਲਾਂ ਨਾਲ ਮੈਂ ਕੁਝ ਹੋਰ ਵੀ ਜੋੜਨਾ ਚਾਹਾਂਗਾ। ਸਾਡੇ ਨਵੇਂ ਲੇਖਕਾਂ, ਖਾਸ ਕਰਕੇ ਕਹਾਣੀ-ਲੇਖਕਾਂ, ਵਿਚ ਛੇਤੀ ਛੇਤੀ ਸਥਾਪਤ ਹੋਣ ਦੀ ਰੁਚੀ ਏਨੀ ਪ੍ਰਬਲ ਹੈ ਕਿ ਉਹ 'ਊਲ-ਜਲੂਲ' ਜਾਂ 'ਊਟ-ਪਟਾਂਗ' ਲਿਖ ਕੇ ਇਸ ਭਰਮ ਵਿਚ ਹਨ ਕਿ ਉਹ 'ਨਵੀਨ ਯਥਾਰਥ' ਪੇਸ਼ ਕਰ ਰਹੇ ਹਨ। ਸਾਹਿਤ ਹਮੇਸ਼ਾ ਉਹੀ ਪ੍ਰਵਾਨਯੋਗ ਹੁੰਦਾ ਹੈ ਜਿਹੜਾ ਪਰੰਪਰਾ ਦਾ ਵਿਕਾਸ ਕਰੇ ਜਾਂ ਪ੍ਰਾਪਤ ਸਾਹਿਤਕ-ਸਭਿਆਚਾਰ ਵਿਚ ਕੁਝ ਨਵਾਂ ਜੋੜੇ, ਨਾ ਕਿ ਆਲੋਕਾਰੀ ਗੱਲਾਂ ਕਰਕੇ ਇਹ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕਰੇ ਕਿ ਉਹ 'ਅਣਕਿਹਾ' ਜਾਂ 'ਅਣਛੁਹਿਆ' ਵਿਸ਼ਾ ਰੂਪਮਾਨ ਕਰ ਰਿਹਾ ਹੈ। ਅਜਿਹੀਆਂ ਕੁਪ੍ਰਵਿਰਤੀਆਂ ਨੂੰ ਠੱਲ੍ਹ ਪਾਉਣ ਲਈ ਸਾਰਥਿਕ ਰੋਲ ਅਦਾ ਕਰਨਾ ਜ਼ਰੂਰੀ ਹੈ।

[ਜੋਗਿੰਦਰ ਸਿੰਘ ਨਿਰਾਲਾ, ਰਾਜੌਰੀ, ਜੰਮੂ-ਕਸ਼ਮੀਰ]

ਸਿਰਜਣਾ 152 – ਵਿਚ ਡਾ. ਚੰਦਰ ਮੋਹਨ ਹੋਰਾਂ ਵੱਲੋਂ ਵਰਿਆਮ ਸੰਧੂ ਦੀਆਂ ਕਹਾਣੀਆਂ ਦੀ ਕਲਾਤਮਕ ਕੁਸ਼ਲਤਾ ਸਿਰਲੇਖ ਹੇਠ ਲਿਖੀ ਆਲੋਚਨਾ ਜਿੱਥੇ ਸੰਧੂ ਦੀਆਂ ਕਹਾਣੀਆਂ ਦੀ ਸਾਰ ਲੈਂਦੀ ਹੈ ਉੱਥੇ ਨਵੇਂ ਕਹਾਣੀਕਾਰਾਂ ਨੂੰ ਚੇਤੰਨ ਕਰਦੀ ਹੋਈ ਉਹਨਾਂ ਦੀ ਉਂਗਲ ਫੜ ਕੇ ਕਹਾਣੀ ਵਿਧੀਆਂ ਨਾਲ ਜਾਣ-ਪਹਿਚਾਣ ਵੀ ਕਰਾਉਂਦੀ ਹੈ। ਡਾ. ਚੰਦਰ ਮੋਹਨ ਨੇ ਵਰਿਆਮ ਸੰਧੂ ਦੀਆਂ ਕਹਾਣੀਆਂ ਨੂੰ ਤਿੰਨ ਵਰਗਾਂ – ਪੰਜਾਬ ਦੇ ਕਿਰਤੀ ਕਿਸਾਨੀ ਵਰਗ, ਪੰਜਾਬ ਸੰਤਾਪ ਤੇ ਵਿਅਕਤੀ

ਦੇ ਬੁਨਿਆਦੀ ਮਸਲਿਆਂ ਵਿਚ ਵੰਡ ਕੇ ਗੱਲ ਕਹਿਣੀ ਤੇ ਸਮਝਣੀ ਆਸਾਨ ਕੀਤੀ ਹੈ। ਬਹੁਤੀਆਂ ਕਹਾਣੀਆਂ 'ਚ ਸੰਗਲੀ-ਜੋੜ ਦੀ ਸਾਂਝ ਵਿਖਾਈ ਹੈ। ਜਿਵੇਂ 'ਆਪਣਾ-ਆਪਣਾ ਹਿੱਸਾ' ਦੇ ਧਰਮ ਤੇ ਕਰਮ ਸਿੰਘ ਨੂੰ 'ਵਾਪਸੀ' ਦੇ ਸੰਤਾ ਸਿੰਘ ਤੇ ਬੰਤਾ ਸਿੰਘ ਦਾ ਸਮ-ਰੂਪ ਦੱਸਿਆ ਹੈ ਤੇ ਅੱਗੋਂ ਫਿਰ 'ਵਾਪਸੀ' ਵਿਚ 'ਲੋਹੇ ਦੇ ਹੱਥ' ਵਿਚਲੀਆਂ ਸ਼ਹਾਦਤੀ ਘਟਨਾਵਾਂ 'ਚ ਵਿਚਾਰਧਾਰਕ ਇਕ-ਸੁਰਤਾ ਹੋਣਾ ਸਾਬਤ ਕੀਤਾ ਹੈ। 'ਪਰਛਾਵੇਂ' ਦਾ ਬਲਬੀਰ ਸਿੰਘ ਤੇ 'ਚੌਥੀ ਕੂਟ' ਦਾ ਡੀ. ਪੀ. ਈ. ਇਕੋ ਜਿਹੇ ਹਨ। ਇਸੇ ਤਰ੍ਹਾਂ 'ਛੁੱਟੀ' ਕਹਾਣੀ ਦਾ ਮਾਸਟਰ ਬਲਦੇਵ ਸਿੰਘ 'ਮੁਸ਼ਕ' ਦੇ ਜੁਗਿੰਦਰ ਸਿੰਘ ਦਾ ਹੀ ਬਲਦਵਾਂ ਰੂਪ ਹੈ ਅਤੇ 'ਵਾਪਸੀ' ਦਾ ਕੁਲਦੀਪ ਸਿੰਘ 'ਦਲਦਲ' ਦੇ 'ਉਹ' ਪਾਤਰ ਵਿਚ ਵਿਖਾਈ ਦਿੰਦਾ ਹੈ। ਇਸੇ ਤਰ੍ਹਾਂ ਦ੍ਰਿਸ਼ਟਾਂਤਕ/ ਯਥਾਰਥ ਇਕਸੁਰਤਾ 'ਅੰਗ-ਸੰਗ' ਤੇ 'ਕਿੱਥੇ ਗਏ' ਕਹਾਣੀ ਤੋਂ ਲੈ ਕੇ 'ਡੁੱਬਦਾ ਚੜ੍ਹਦਾ' ਅਤੇ 'ਹਨੇਰੀ' ਤਕ ਫੈਲੀ ਹੋਈ ਹੈ।

ਵਿਦਵਾਨ ਆਲੋਚਕ ਨੇ ਵਰਿਆਮ ਸੰਧੂ ਦੀਆਂ ਕਹਾਣੀਆਂ ਦੇ ਪਾਤਰਾਂ ਵਿਚ ਸਾਂਝ, ਸੁਭਾਅ, ਵਿਹਾਰ, ਸੋਚ ਤੇ ਪ੍ਰਗਟਾਅ ਵਰਗੇ ਤੱਤ ਇਕੋ ਜਿਹੇ ਹੋਣਾ ਤਾਂ ਦੱਸ ਦਿੱਤਾ ਹੈ ਪਰ ਇਥੇ ਇਹ ਸਪੱਸ਼ਟ ਨਹੀਂ ਹੁੰਦਾ ਕਿ ਕੀ ਪਾਤਰਾਂ ਦੇ ਇਕੋ ਰੂਪ ਵਿਚ ਵਾਰ-ਵਾਰ ਸਾਹਮਣੇ ਆਉਣ ਨਾਲ ਬਣਦੀਆਂ ਇਹਨਾਂ ਜੰਜ਼ੀਰੀ ਕਹਾਣੀਆਂ ਵਿਚ ਕਹਾਣੀ-ਰਸ, ਰਹੱਸ ਅਤੇ ਵਿਸ਼ੇ ਦੀ ਤਾਜ਼ਗੀ 'ਤੇ ਕੋਈ ਅਸਰ ਪੈਂਦਾ ਹੈ ਜਾਂ ਇਹ ਸੁਭਾਵਕ ਤੇ ਸਾਧਾਰਨ ਵਰਤਾਰਾ ਹੈ। ਦੂਸਰਾ, ਸੰਧੂ ਹੋਰਾਂ ਦੀਆਂ ਕਹਾਣੀਆਂ ਨੂੰ ਪੰਜਾਬ ਦੇ ਪ੍ਰਸੰਗ ਵਿਚ ਹੀ ਵਿਚਾਰਿਆ ਗਿਆ ਹੈ, ਕੀ ਇਹਨਾਂ ਕਹਾਣੀਆਂ ਨੂੰ ਮਾਨਵੀ ਪੱਧਰ ਤਕ ਪਹੁੰਚਣ ਲਈ ਕੋਈ ਹੋਰ ਤਰੀਕਾਕਾਰ ਅਖ਼ਤਿਆਰ ਕਰਨਾ ਬਣਦਾ ਸੀ?

ਡਾ. ਚੰਦਰ ਮੋਹਨ ਅਨੁਸਾਰ ਭਾਸ਼ਾ ਸ਼ੈਲੀ, ਯਥਾਰਥ ਪੇਸ਼ ਕਰਨ ਦੀ ਕੁਸ਼ਲਤਾ, ਬੁਝਾਰਤੀ ਪੇਸ਼ਕਾਰੀ, ਚਿਤਰਣ ਤੇ ਸਿਰਜਣ ਵਿਚਲੇ ਮਹੀਨ ਫਰਕ ਦੀ ਸਮਝ, 'ਜੋ ਹੈ' ਤੋਂ ਲੈ ਕੇ 'ਜੋ ਚਾਹੀਦਾ ਹੈ' ਤਕ ਦੇ ਸਫਰ ਦੀ ਜੁਗਤ ਕਹਾਣੀ ਨੂੰ ਲੰਬੀ ਉਮਰ ਤੇ ਪਾਠਕਾਂ ਦਾ ਮੋਕਲਾ ਵਰਗ ਬਖਸ਼ਦੀ ਹੈ। 'ਚੌਥੀ ਕੂਟ' ਕਹਾਣੀ ਦੀ ਬਾਕਮਾਲ ਅਤੇ ਸਾਫ-ਸਫਾਸ਼ ਚੀਰ-ਫਾੜ ਨੇ ਕਈ ਵਾਰ ਪੜ੍ਹੀ ਇਸ ਕਹਾਣੀ ਨੂੰ ਮੁੜ ਪੜ੍ਹਨ ਦੀ ਜਗਿਆਸਾ ਪੈਦਾ ਕਰ ਦਿੱਤੀ ਹੈ। ਕਿਹਾ ਜਾ ਸਕਦਾ ਹੈ ਕਿ ਇਹ ਲੇਖ ਪਾਠਕਾਂ ਨੂੰ ਕਹਾਣੀ ਪੜ੍ਹਨ, ਮਾਨਣ ਤੇ ਕਹਾਣੀ ਵਿਚਲੀ ਕਹਾਣੀ ਨੂੰ ਜਾਣਨ ਦੀ ਸੂਝ ਬਖਸ਼ਦਾ ਹੈ ਜੋ ਕਿ ਪੰਜਾਬੀ ਕਹਾਣੀ ਲਈ ਤੰਦਰੁਸਤ ਪ੍ਰਕਿਰਿਆ ਹੈ।

[ਗੁਰਸੇਵਕ ਸਿੰਘ ਪ੍ਰੀਤ, ਨਾਮਦੇਵ ਨਗਰ, ਮੁਕਤਸਰ]

ਸਿਰਜਣਾ ਜਨਵਰੀ-ਮਾਰਚ 2009 ਵਿਚ ਜਸਵੀਰ ਸਮਰ ਦੀ ਰਚਨਾ "ਪਾਸ਼ ਹੋਣ ਦਾ ਮਤਲਬ' ਅਤੇ ਗੁਲਜ਼ਾਰ ਸਿੰਘ ਸੰਧੂ ਦੀ ਰਚਨਾ "ਮਹਿੰਦਰ ਸਿੰਘ ਰੰਧਾਵਾ" ਬਹੁਤ ਜਾਣਕਾਰੀ ਭਰਪੂਰ, ਵਧੀਆ ਤੇ ਦਿਲਚਸਪ ਹਨ। ਰਤਨ ਸਿੰਘ ਦੀ ਕਹਾਣੀ "ਖੁਸ਼ੀ ਦੀ ਕਲੀ" ਬਹੁਤ ਪਿਆਰੀ ਰਚਨਾ ਹੈ। ਦਰਸ਼ਨ ਸਿੰਘ ਦੀ ਕਹਾਣੀ "ਜਾਮ" ਵੀ ਬਹੁਤ ਵਧੀਆ ਹੈ। ਪਰ ਇਸ ਕਹਾਣੀ ਦੀ ਥੀਮ, ਪਾਤਰਾਂ ਅਤੇ ਪਰਿਵੇਸ਼ ਦਾ ਬਦੇਸ਼ੀ ਹੋਣਾ ਇਸ ਦੇ ਮੌਲਿਕ ਹੋਣ ਬਾਰੇ ਸ਼ੱਕ ਪਾਉਂਦਾ ਹੈ। ਵੈਸੇ ਕਹਾਣੀ ਦਾ ਅੰਤ ਖੂਬਸੂਰਤ ਹੈ। ਅੰਕ ਵਿਚਲੀਆਂ ਸਾਰੀਆਂ ਕਵਿਤਾਵਾਂ ਹੀ ਚੰਗੀਆਂ ਹਨ।

[ਕਮਲ, ਫਤਿਹਗੜ੍ਹ ਰੋਡ, ਅੰਮ੍ਰਿਤਸਰ]

ਸਿਰਜਣਾ-151 ਅੰਕ 'ਚ ਦਰਸ਼ਨ ਸਿੰਘ ਦੀ ਕਹਾਣੀ 'ਜਾਮ' ਉੱਤਰ-ਸੋਵੀਅਤ ਦੌਰ ਦੇ ਅਮੀਰ ਰੂਸੀ ਲੋਕਾਂ ਦੇ ਰੰਗਾਂ-ਢੰਗਾਂ ਦੀ ਪੇਸ਼ਕਾਰੀ ਸੀ। ਕਹਾਣੀ ਦਾ ਨਿਭਾਅ ਉਵੇਂ ਹੀ ਚੰਗਾ ਸੀ ਜਿਵੇਂ ਦਰਸ਼ਨ ਸਿੰਘ ਦੇ ਨਵੇਂ ਨਾਵਲ 'ਭਾਊ' ਦਾ। ਕੁਝ ਦਿਨ ਪਹਿਲਾਂ ਇਹ ਨਾਵਲ ਪੜ੍ਹਿਆ। ਬਹੁਤ ਹੀ ਸ਼ਾਨਦਾਰ ਲੱਗਾ। ਨਿੱਕੇ-ਨਿੱਕੇ ਵਿਅੰਗ 'ਚ ਪਰੋਇਆ ਸਿਆਸੀ ਨਾਵਲ। ਗੁਰਦਿਆਲ ਦਲਾਲ ਦੀ ਕਹਾਣੀ 'ਸੇਵਾ' ਪਹਿਲਾਂ ਡੇਢ ਦੋ ਸਫ਼ਿਆਂ ਤਕ ਤਾਂ ਸਮਝ ਹੀ ਨਾ ਲੱਗੀ। ਜਿਉਂ-ਜਿਉਂ ਤੀਜੇ ਸਫ਼ੇ ਤੋਂ ਅਗਾਂਹ ਵਧਦੀ ਗਈ ਤਾਂ ਰੌਚਕਤਾ ਵਧਦੀ ਗਈ ਤੇ ਕਹਾਣੀ ਦੀ ਸਮਝ ਪੈਂਦੀ ਗਈ। ਇਕ ਪੁੱਤਰ ਵੱਲੋਂ ਮਾਂ-ਬਾਪ ਤੇ ਹੋਰਨਾਂ ਲੋਕਾਂ ਨਾਲ ਕੀਤੀਆਂ ਕਮੀਨਗੀਆਂ ਦੀ ਸਿਖਰ ਦਿਖਾ ਦਿੱਤੀ ਹੈ। 'ਦਲਾਲ' ਹੁਰੀਂ ਖੂਬਸੂਰਤ ਕਹਾਣੀਆਂ ਲਿਖਣ ਵਾਲੇ ਸਾਡੇ ਪਿਆਰੇ ਕਹਾਣੀਕਾਰ ਬਣ ਚੁੱਕੇ ਹਨ। ਇਵੇਂ ਹੀ ਰਤਨ ਸਿੰਘ ਹੁਰਾਂ ਦੀ 'ਖੁਸ਼ੀ ਦੀ ਕਲੀ' ਅਤੇ ਜ਼ੋਰਾ ਸਿੰਘ ਸੰਧੂ ਦੀ 'ਰਿਜ਼ਕ' ਵੀ ਆਪੋ-ਆਪਣੀ ਜਗ੍ਹਾ 'ਤੇ ਮਿਹਨਤ ਨਾਲ ਲਿਖੀਆਂ ਖੂਬਸੂਰਤ ਕਹਾਣੀਆਂ ਹਨ। ਮਹਿੰਦਰ ਸਿੰਘ ਰੰਧਾਵਾ 'ਤੇ ਗੁਲਜ਼ਾਰ ਸਿੰਘ ਸੰਧੂ ਹੁਰਾਂ ਵੱਲੋਂ ਲਿਖਿਆ ਲੇਖ ਏਡਾ ਸ਼ਾਨਦਾਰ ਸੀ ਕਿ ਜੀਅ ਕਰਦਾ ਜੇ ਸੰਧੂ ਸਾਹਬ ਕੋਲ ਹੁੰਦੇ ਤਾਂ ਉਹਨਾਂ ਦੇ ਹੱਥ ਚੁੰਮ ਲੈਂਦਾ। ਸੰਧੂ ਸਾਹਬ ਇਵੇਂ ਗੱਲ ਘੜ੍ਹਦੇ ਤੇ ਲਿਖਦੇ ਨੇ ਜਿਵੇਂ ਕਮਾਨ 'ਚੋਂ ਤੀਰ ਨਿਕਲਦੇ ਪਏ ਹੋਣ। ਗੁਰਪ੍ਰੀਤ ਕੌਰ ਗਿੱਲ ਹੁਰਾਂ ਦਾ ਲੇਖ 'ਕਿੱਸਾ ਪੂਰਨ-ਭਗਤ -ਕਾਦਰਯਾਰ' ਵੀ ਵਾਹਵਾ ਹੀ ਮਿਹਨਤੀ ਹੱਥਾਂ ਨਾਲ ਲਿਖਿਆ ਹੋਇਆ ਜਾਪਿਆ। ਪਿਆਰੇ ਦੋਸਤ ਤੇ ਗ਼ਜ਼ਲ 'ਚ ਮੁਹਾਰਤ ਰੱਖਣ ਵਾਲੇ ਸੁਰਜੀਤ ਸਾਜਨ ਦੀ ਗ਼ਜ਼ਲ ਮੋਤੀਆਂ ਦੀ ਮਾਲਾ ਵਾਂਗ ਪਰੋਈ ਜਾਪ ਰਹੀ ਸੀ। ਡਾ. ਜਸਬੀਰ ਸਿੰਘ ਆਹਲੂਵਾਲੀਆ ਦੀ ਖੁਲ੍ਹੀ ਕਵਿਤਾ 'ਚ ਉਸਤਾਦੀ ਰੰਗ ਦਿਸ ਰਹੇ ਸਨ।

ਅੰਕ 152 ਵਿਚ ਧਾਰਮਿਕ ਅਸਥਾਨਾਂ ਤੇ ਡੇਰਿਆਂ 'ਚ ਲੁਕਵੇਂ 'ਚ ਵਾਪਰਦੇ ਸੈਕਸ ਦੇ ਕਾਰਨਾਮੇ ਤਾਂ ਸਾਡੇ ਭਾਰਤੀ ਸਮਾਜ ਲਈ ਕੋਈ ਨਵੇਂ ਨਹੀਂ। ਪਰ ਹੁਣ ਤਾਂ ਇਹ ਆਮ ਜਿਹੀ ਗੱਲ ਹੋ ਗਈ ਹੈ ਜਿਸ ਬਾਰੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ। ਕਿੰਨੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ ਕਿ ਡੇਰਿਆਂ 'ਚ ਕਿੰਨੀਆਂ ਸਾਧਵੀਆਂ, ਔਰਤਾਂ, ਕੁੜੀਆਂ ਨਾਲ ਸਾਧਾਂ ਤੇ ਪ੍ਰਬੰਧਕਾਂ ਨੇ ਖੇਹ-ਖਰਾਬੀ ਕੀਤੀ। ਫੇਰ ਵੀ ਸਾਡੇ ਲੋਕ ਅੰਨ੍ਹੇ-ਬੋਲੇ ਹੋ ਕੇ ਰੱਬ ਦੇ ਨਾਂ 'ਤੇ ਕੰਮ ਚਲਾਉਂਦੇ ਮਾੜੇ ਤੱਤਾਂ ਨੂੰ ਪ੍ਰਵਾਨ ਕਰੀ ਜਾਂਦੇ ਹਨ। ਇਹ ਅੰਧ-ਵਿਸ਼ਵਾਸ ਹੀ ਏ। ਇਹੋ ਜਿਹੇ ਵਿਚਾਰਾਂ ਨੂੰ ਪ੍ਰਗਟ ਕਰਦੀ ਬਲਦੇਵ ਸਿੰਘ ਢੀਂਡਸਾ ਦੀ ਕਹਾਣੀ 'ਫ਼ਤਵਾ' ਅੰਕ ਦੀ ਸਭ ਤੋਂ ਮਾਅਰਕੇ ਦੀ ਕਹਾਣੀ ਸੀ। ਕੇਸਰਾ ਰਾਮ ਦੀ ਕਹਾਣੀ 'ਆਪਣਾ-ਆਪਣਾ ਇਤਿਹਾਸ' ਉਸਦੀਆਂ ਪਹਿਲੀਆਂ ਸ਼ਾਨਦਾਰ ਕਹਾਣੀਆਂ ਵਰਗੀ ਨਹੀਂ ਸੀ। ਇਹ ਤਾਂ ਮਸੀਂ ਹੀ ਮੁਕਾਈ। ਤੁਰਦੀ ਹੀ ਨਹੀਂ। ਕਹਾਣੀ 'ਚ ਕੋਈ ਰਸ ਨਹੀਂ ਸੀ। ਨੀਰਸ ਜਿਹੀ। ਸਾਹ ਹੀ ਚੜ੍ਹਾ ਦਿੱਤਾ। ਸੁਖਬੀਰ ਦੀ ਕਹਾਣੀ ਮਨੋਵਿਗਿਆਨਕ ਕਿਸਮ ਦੀ ਚੰਗੀ ਕਹਾਣੀ ਸੀ ਪਰ ਇਕ ਗੱਲ ਬੜੀ ਅਜੀਬ ਲੱਗੀ ਕਿ ਲਾਇਬ੍ਰੇਰੀ ਵਾਲੀ ਤੇ ਸ਼ੇਖਰ, ਜਿਹਨਾਂ ਦੁਆਲੇ ਕਹਾਣੀ ਘੁੰਮਦੀ ਏ, ਦੋਵੇਂ ਹੀ ਪਾਤਰ ਅੰਗਰੇਜ਼ੀ ਦੀਆਂ ਕਿਤਾਬਾਂ ਬਾਰੇ ਹੀ ਹਰ ਵੇਲੇ ਚਰਚਾ ਕਰਦੇ ਨੇ। ਉਹਨਾਂ ਨੂੰ ਹਿੰਦੁਸਤਾਨੀ ਸਾਹਿਤ ਤੇ ਹਿੰਦੋਸਤਾਨੀ ਲੇਖਕਾਂ ਨਾਲ ਜਿਵੇਂ ਕੋਈ ਲਗ-ਲਗਾਉ ਹੀ ਨਾ ਹੋਵੇ। ਇਹ ਕਿਵੇਂ ਹੋ ਸਕਦੈ। ਸੰਪਾਦਕੀ 'ਚਿੰਤਾਜਨਕ ਰੁਝਾਨ' 'ਚ ਠੀਕ ਹੀ ਕਿਹਾ ਗਿਆ ਕਿ ਸਿਰਲੇਖ ਅਟਰੈਕਟਿਵ ਬਣਾ ਕੇ ਪੇਸ਼ ਕਰ ਦੇਣਾ ਤਾਂ ਚੰਗਾ ਲੱਗਦੈ, ਵੱਖਰੀ ਪਹਿਚਾਣ ਜਿਹੀ ਬਣਦੀ ਏ। ਪਰ ਜਦੋਂ ਇਹੋ ਜਿਹੀ ਕਿਤਾਬ ਹੱਥ 'ਚ ਹੋਵੇ ਤਾਂ ਕੋਈ ਜਾਣਾ ਘਰ 'ਚ ਬੈਠਾ ਪੜ੍ਹ ਰਿਹਾ ਹੋਵੇ ਤਾਂ

ਕੋਈ ਹੋਰ ਟਾਈਟਲ ਦੇਖ ਲਵੇ ਤਾਂ ਇਕ ਵਾਰੀ ਤਾਂ ਜਾਪੇਗਾ ਜਿਵੇਂ ਕੋਕ ਸ਼ਾਸਤਰ ਹੀ ਪੜ੍ਹ ਰਿਹੈ। ਇਹੋ ਜਿਹੀ ਪੁਸਤਕ ਆਪਣੇ ਧੀ-ਪੁੱਤ ਨੂੰ ਦੇਣ ਲੱਗਿਆਂ ਬੰਦਾ ਸੌ ਵਾਰੀ ਸੋਚੇਗਾ। ਸ਼ਰਮ ਮਹਿਸੂਸ ਕਰੇਗਾ। ਡਾ. ਦਲੀਪ ਕੌਰ ਟਿਵਾਣਾ ਦਾ ਇਹੋ ਜਿਹੇ ਸਮਾਗਮ 'ਚ ਨਾ ਜਾਣਾ ਇਕ ਤਰ੍ਹਾਂ ਨਾਲ ਠੀਕ ਹੀ ਲੱਗਦੈ। ਕਿਤਾਬ ਦਾ ਟਾਈਟਲ ਠੀਕ ਨਹੀਂ ਹੈ। ਵੈਸੇ ਇਸ ਕਿਤਾਬ ਵਿਚਲੀਆਂ ਸੁਖਜੀਤ ਦੀਆਂ ਕਈ ਕਹਾਣੀਆਂ ਬੜੀਆਂ ਹੀ ਕਮਾਲ ਦੀਆਂ ਹਨ।

[ਕਮਜੀਤ ਸਿੰਘ ਨਡਾਲਾ, ਵਾਲੀਆ ਹਸਪਤਾਲ, ਅੱਡਾ ਨਡਾਲਾ, ਜ਼ਿਲ੍ਹਾ ਕਪੂਰਥਲਾ]

ਸਿਰਜਣਾ-151 ਪੜ੍ਹ ਕੇ ਤਸੱਲੀ ਹੋ ਗਈ। ਗੁਲਜ਼ਾਰ ਸੰਧੂ ਜੀ ਦੀ ਕਹਾਣੀ ਕਲਾ ਦਾ ਤਾਂ ਪਤਾ ਸੀ। ਪਰ ਹੁਣ ਉਹਨਾਂ ਦੇ ਰੇਖਾ ਚਿਤਰ ਵੀ ਦਿਲਟੁੰਬਵੇਂ ਤੇ ਪ੍ਰਭਾਵਸ਼ਾਲੀ ਰੰਗ ਵਿਚ ਤੇ ਪੁਖਤਾ ਸ਼ੈਲੀ ਦਾ ਸਬੂਤ ਹੋਣ ਕਰਕੇ ਦਿਲ ਦੀਆਂ ਸੂਖਮ ਤਹਿਆਂ ਵਿਚ ਪਰਤ-ਦਰ-ਪਰਤ ਉੱਤਰ ਜਾਂਦੇ ਹਨ। ਸੰਧੂ ਕੋਲ ਗਿਆਨ ਹੈ, ਅਨੁਭਵ ਹੈ, ਸ਼ੈਲੀ ਹੈ ਤੇ ਸਾਹਿਤਕਾਰ ਨੂੰ ਸਮਝਣ ਦੀ ਮਨੋਵਿਗਿਆਨਕ ਸੂਝ ਵੀ। ਉਹ ਬਲਵੰਤ ਗਾਰਗੀ ਜਾਂ ਸਆਦਤ ਹਸਨ ਮੰਟੋ ਤਾਂ ਨਹੀਂ ਬਣ ਸਕਦਾ। ਪਰ ਗਾਰਗੀ ਤੇ ਮੰਟੋ ਸੰਧੂ ਵੀ ਨਹੀਂ ਹੋ ਸਕਦੇ!!! ਬਾਕੀ ਦਰਸ਼ਨ ਸਿੰਘ ਦੀ ਕਹਾਣੀ 'ਜਾਮ' ਪੜ੍ਹ ਕੇ ਬੜਾ ਡਰ ਲੱਗਾ, ਉਦਾਸੀ ਜਿਹੀ ਛਾ ਗਈ। ਅਜਿਹੀ ਤਾਕਤ ਬੜੀਆ ਘੱਟ ਰਚਨਾਵਾਂ ਵਿਚ ਹੁੰਦੀ ਹੈ। ਕੀ ਇਹ 'ਭਾਊ' ਵਾਲਾ ਦਰਸ਼ਨ ਸਿੰਘ ਹੀ ਹੈ ਜੋ 80ਵਿਆਂ ਨੂੰ ਢੁੱਕ ਕੇ ਵੀ 'ਸੱਤਰਿਆ ਬੱਹਤਰਿਆ ਨਹੀ' ਸਗੋਂ ਸਾਹਿਤਕ ਤੌਰ ਤੇ ਖੁਸ਼ਵੰਤ ਸਿੰਘ ਵਾਂਗ, ਦੇਵਾਨੰਦ ਵਾਂਗ ਜਵਾਨ-ਜਹਾਨ ਹੈ? ਗੁਰਦਿਆਲ ਦਲਾਲ ਦੀ ਲੇਖਣੀ ਦਾ ਤਾਂ ਮੈਂ ਸ਼ੁਰੂ ਤੋਂ ਹੀ ਕਾਇਲ ਹਾਂ। ਦਲਾਲ ਰਿਟਾਇਰ ਹੋ ਗਿਆ ਪਰ ਉਸ ਦੀ ਰਚਨਾ ਵਿਚ ਜੋਸ਼ ਚੜ੍ਹਦੀ ਉਮਰ ਚੜ੍ਹਦੀ ਜਵਾਨੀ ਵਾਲੇ ਗੱਭਰੂ ਵਾਲਾ ਹੈ। ਉਸ ਕੋਲ ਸ਼ਬਦ ਹਨ, ਸ਼ੈਲੀ ਹੈ, ਗੱਲ ਕਹਿਣ ਦਾ ਢੰਗ ਹੈ, ਪੁਖਤਾ ਤੇ ਜੋਸ਼-ਹੋਸ਼ ਦੇ ਨਾਲ ਨਾਲ ਨਵੀਆਂ ਨਵੀਆਂ ਗੱਲਾਂ ਤੇ ਪਾਠਕ ਨੂੰ ਨਾਲ ਤੋਰੀ ਰੱਖਣ ਜੋਗੀ ਰੌਚਿਕਤਾ ਵੀ। ਲੋਚੀ ਦੀ ਗਜ਼ਲਕਾਰੀ ਤਾਂ ਲਾਜਵਾਬ ਹੈ ਹੀ। ਸਮੁੱਚੇ ਰੂਪ 'ਚ ਅੰਕ ਸਾਂਭਣਯੋਗ ਹੈ।

[ਐਚ. ਐਸ. ਡਿੰਪਲ, ਜਗਰਾਉਂ]

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਐਸ. ਸੀ. ਐਫ. 112, ਫੇਜ਼ 7, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

*ਸੰਪਾਦਕ : **ਰਘਬੀਰ ਸਿੰਘ*** *ਪ੍ਰਕਾਸ਼ਨ ਮਿਤੀ : 1 ਜੁਲਾਈ, 2009*

'ਮਾਰਖੋਰੇ', 'ਬਲੌਰ', 'ਧੁੱਪ ਛਾਂ', 'ਕਾਲੀ ਮਿੱਟੀ' ਅਤੇ 'ਅੱਧੇ ਅਧੂਰੇ' ਦੇ ਲੇਖਕ ਲਾਲ ਸਿੰਘ ਦਾ ਨਵਾਂ ਕਹਾਣੀ ਸੰਗ੍ਰਿਹ



ਲਾਲ ਸਿੰਘ ਬੁਨਿਆਦੀ ਤੌਰ 'ਤੇ ਵਿਚਾਰਧਾਰਕ ਪ੍ਰਤੀਬੱਧਤਾ ਵਾਲਾ ਕਥਾਕਾਰ ਹੈ। ਉਸਨੇ ਆਪਣੀ ਕਹਾਣੀ ਵਿਚ ਜਾਤ-ਆਧਾਰਤ ਦਲਿਤ ਵਰਗ ਦੀ ਦੁਖਾਂਤਕ ਸਥਿਤੀ ਨੂੰ ਤਥਾ-ਕਥਿਤ ਦਲਿਤ ਚਿੰਤਕ ਤੇ ਸਿਰਜਕ ਵਾਂਗ ਨਹੀਂ ਸਗੋਂ ਜਾਤੀ ਤੇ ਜਮਾਤੀ ਸਮਾਜ ਦੇ ਰਿਸ਼ਤੇ ਨੂੰ ਸਮਝਣ ਵਾਲੇ ਮਾਰਕਸੀ ਕਲਾ ਸਿਰਜਕ ਵਾਂਗ ਪੇਸ਼ ਕੀਤਾ ਹੈ। ਉਸਨੇ ਪੰਜਾਬ ਦੇ ਸਭਿਆਚਾਰਕ ਵਰਤਾਰੇ ਵਿਚੋਂ ਆਮ ਲੋਕਾਂ ਦੇ ਆਰਥਿਕ, ਰਾਜਨੀਤਕ, ਸਮਾਜਕ, ਵਿੱਦਿਅਕ, ਸਾਹਿਤਕ, ਮਨੋਵਿਗਿਆਨਕ ਇਤਿਆਦਿ ਸਮੱਸਿਆਗ੍ਰਸਤ ਪਹਿਲੂਆਂ ਨੂੰ ਦਰਸਾਉਣ ਲਈ ਇਹਨਾਂ ਨਾਲ ਸੰਬੰਧਤ ਢਾਂਚਿਆ ਉੱਤੇ ਵਿਅੰਗਾਤਮਕ ਸੱਟ ਮਾਰੀ ਹੈ।

ਸੁੰਦਰ ਦਿੱਖ ਪੰਨੇ : 136 ਮੁੱਲ : 150 ਰੁਪਏ

ਲੋਕ ਗੀਤ ਪ੍ਰਕਾਸ਼ਨ, ਸੈਕਟਰ 34, ਚੰਡੀਗੜ੍ਹ

SIRJANA Literary Punjabi Quarterly Chandigarh

No. 153 July-September 2009

Registered with the Registrar of Newspapers for India vide R.N. 10215/65

‘ਦੁਨੀਆਂ ਕੈਸੀ ਹੋਈ’ ਅਤੇ ‘ਭਗੌੜਾ’ ਦੇ ਲੇਖਕ ਜਰਨੈਲ ਸਿੰਘ ਸੇਖਾ ਦਾ ਨਵਾਂ ਨਾਵਲ



ਕੈਨੇਡਾ ਵਿਚ ਪਰਵਾਸੀ ਪੰਜਾਬੀਆਂ ਦੀਆਂ ਤਿੰਨ ਪੀੜ੍ਹੀਆਂ ਦਾ ਬਿਰਤਾਂਤ ਜਰਨੈਲ ਸਿੰਘ ਸੇਖਾ ਦੇ ਹੱਥਲੇ ਨਾਵਲ ਦਾ ਵਿਸ਼ਾ-ਵਸਤੂ ਬਣਿਆ ਹੈ। ਪਿਛਲੀ ਇਕ ਸਦੀ ਦੇ ਸਮੇਂ ਦੌਰਾਨ ਪੰਜਾਬੀ ਪਰਵਾਸੀਆਂ ਨੂੰ ਕਿਹੋ ਜਿਹੀਆਂ ਸਮਾਜਕ, ਸਭਿਆਚਾਰਕ ਤੇ ਆਰਥਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਹੈ, ਹੱਥਲੇ ਨਾਵਲ ਦੇ ਪਾਤਰਾਂ ਦੀ ਹੋਣੀ ਵਿਚੋਂ ਇਹ ਭਲੀ-ਭਾਂਤ ਸਾਕਾਰ ਹੁੰਦਾ ਹੈ। ‘ਵਿਗੋਚਾ’ ਪਰਵਾਸੀ ਅਨੁਭਵ ਨੂੰ ਪੇਸ਼ ਕਰਨ ਵਾਲੀ ਇਕ ਬਹੁਤ ਹੀ ਮਹੱਤਵਪੂਰਨ ਕਲਾਤਮਕ ਗਲਪ ਰਚਨਾ ਹੀ ਨਹੀਂ, ਕੈਨੇਡੀਅਨ ਪੰਜਾਬੀ ਪਰਵਾਸ ਦੀ ਇਕ ਪ੍ਰਮਾਣਕ, ਇਤਿਹਾਸਕ ਦਸਤਾਵੇਜ਼ ਵੀ ਹੈ।

ਸੁੰਦਰ ਦਿਖ ਪੰਨੇ 324 ਮੁੱਲ : 300 ਰੁਪਏ

ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ